@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Thursday, 24 July 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 24 ਜੁਲਾਈ 2025, 9 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 254, qpatrika@gmail.com ਫੋਨ : 9971359517 www.qaumipatrika.org

## ਪ੍ਰਧਾਨ ਮੰਤਰੀ ਮੋਦੀ ਦਾ ਇਤਿਹਾਸਕ ਮਾਲਦੀਵ ਦੌਰਾ ਭਾਰਤ ਦੀ 'ਗੁਆਂਢੀ ਪਹਿਲਾਂ' ਨੀਤੀ ਨੂੰ ਮਜ਼ਬੂਤ ਕਰੇਗਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੁਲਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਯੂਕੇ ਅਤੇ ਮਾਲਦੀਵਜ਼ ਦੀ ਚਾਰ ਰੋਜ਼ਾ ਦੀ ਫੇਰੀ ਲਈ ਰਵਾਨਾ ਹੋ ਗਏ ਹਨ। ਪ੍ਰਧਾਨ ਮੰਤਰੀ ਦੀ ਯੂਕੇ ਫੇਰੀ ਦੌਰਾਨ ਭਾਰਤ-ਯੂਕੇ ਫ?ਰੀ ਟਰੇਡ ਐਗਰੀਮੈਂਟ (ਮੁਕਤ ਵਪਾਰ ਸਮਝੌਤੇ) ਉੱਤੇ ਸਹੀ ਪੈਣ ਦੀ ਉਮੀਦ ਹੈ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਨ੍ਹਾਂ



ਦੀ ਇਸ ਫੇਰੀ ਨਾਲ ਦੋਵਾਂ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਨੂੰ ਹੁਲਾਰਾ ਮਿਲੇਗਾ। ਨਵੰਬਰ 2023 ਵਿੱਚ ਰਾਸ਼ਟਰਪਤੀ ਮੁਹੰਮਦ ਮੁਈਜ਼ੋ ਦੇ ਅਹੁਦਾ ਸੰਭਾਲਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲੀ ਵਾਰ ਮਾਲਦੀਵ ਦਾ ਸਰਕਾਰੀ ਦੌਰਾ ਕਰ ਰਹੇ ਹਨ। ਉਨ੍ਹਾਂ ਨੂੰ 26 ਜੁਲਾਈ ਨੂੰ ਮਾਲਦੀਵ ਦੀ ਆਜ਼ਾਦੀ ਦੀ 60ਵੀਂ ਵਰ੍ਹੇਗੰਢ ਦੇ ਜਸ਼ਨਾਂ ਲਈ 'ਮਹਿਮਾਨ ਵਜੋਂ' ਸੱਦਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਦੌਰਾ ਇਕ ਇਤਿਹਾਸਕ ਮੋੜ 'ਤੇ ਹੋ ਰਹੀ ਹੈ ਕਿਉਂਕਿ ਨਵੀਂ ਦਿੱਲੀ ਅਤੇ ਮਾਲੇ ਆਪਣੇ ਕੂਟਨੀਤਕ ਸੰਬੰਧਾਂ ਦੀ ਸਥਾਪਨਾ ਦੀ 60ਵੀਂ ਵਰ੍ਹੇਗੰਢ ਮਨਾ ਰਹੇ ਹਨ। ਇਸ ਦੌਰੇ ਵਿੱਚ ਕਈ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਜਾਣਗੇ ਜੋ ਵਿਕਾਸ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਗੇ, ਜਿਸ ਵਿੱਚ ਭਾਰਤ ਆਪਣੀ 'ਗੁਆਂਢੀ ਪਹਿਲਾਂ' ਨੀਤੀ ਦੇ ਤਹਿਤ ਸਰਗਰਮੀ ਨਾਲ ਜੁੜਿਆ ਹੋਇਆ ਹੈ। ਇਹ ਪ੍ਰਧਾਨ ਮੰਤਰੀ ਦਾ ਮਾਲਦੀਵ ਦਾ ਤੀਜਾ ਦੌਰਾ ਹੋਵੇਗਾ ਅਤੇ ਮੁਹੰਮਦ ਮੁਈਜ਼ੂ ਦੀ ਪ੍ਰਧਾਨਗੀ ਦੌਰਾਨ ਕਿਸੇ ਰਾਜ ਜਾਂ ਸਰਕਾਰ ਦੇ ਮੁਖੀ ਦੁਆਰਾ ਮਾਲਦੀਵ ਦਾ ਪਹਿਲਾ ਦੌਰਾ ਹੋਵੇਗਾ। ਭਾਰਤ ਅਤੇ ਮਾਲਦੀਵ ਵਿਚਕਾਰ ਇਕ ਨਿਰੰਤਰ ਅਤੇ ਨਿਯਮਤ ਉੱਚ-ਪੱਧਰੀ ਗੱਲਬਾਤ ਰਹੀ ਹੈ, ਕਿਉਂਕਿ ਨਵੀਂ ਦਿੱਲੀ ਆਪਣੇ ਗੁਆਂਢੀ ਦੇ ਵਿਕਾਸ ਦਾ ਸਰਗਰਮੀ ਨਾਲ ਸਮਰਥਨ ਕਰਦੀ ਹੈ। ਇਸ ਮਈ ਦੇ ਸ਼ੁਰੂ ਵਿੱਚ ਭਾਰਤ ਅਤੇ ਮਾਲਦੀਵ ਨੇ ਵਿਆਪਕ ਆਰਥਿਕ ਅਤੇ ਸਮੁੰਦਰੀ ਸੁਰੱਖਿਆ ਭਾਈਵਾਲੀ 'ਤੇ ਭਾਰਤ-ਮਾਲਦੀਵ ਵਿਜ਼ਨ ਦਸਤਾਵੇਜ਼ ਦੇ ਲਾਗੂਕਰਨ ਵਿੱਚ ਪ੍ਰਗਤੀ ਦੀ ਨਿਗਰਾਨੀ ਕਰਨ ਲਈ ਇਕ ਉੱਚ-ਪੱਧਰੀ ਕੋਰ ਗਰੁੱਪ (HLCG) ਮੀਟਿੰਗ ਕੀਤੀ। ਮਾਲਦੀਵ ਦੇ ਵਿਦੇਸ਼ ਮੰਤਰੀ ਅਬਦੁੱਲਾ ਖਲੀਲ ਨੇ ਮੀਟਿੰਗ ਵਿੱਚ ਮਾਲਦੀਵ ਦੇ ਵਫ਼ਦ ਦੀ ਅਗਵਾਈ ਕੀਤੀ, ਜਿੱਥੇ ਰਾਜਨੀਤਿਕ ਆਦਾਨ-ਪ੍ਰਦਾਨ, ਰੱਖਿਆ ਅਤੇ ਸੁਰੱਖਿਆ ਸਹਿਯੋਗ, ਵਿਕਾਸ ਭਾਈਵਾਲੀ, ਵਪਾਰ, ਆਰਥਿਕਤਾ, ਸਿਹਤ ਅਤੇ ਲੋਕਾਂ-ਤੋਂ-ਲੋਕਾਂ ਦੇ ਸਬੰਧਾਂ ਨੂੰ ਵਧਾਉਣ ਬਾਰੇ ਚਰਚਾ ਕੀਤੀ ਗਈ। ਨਰਿੰਦਰ ਮੋਦੀ ਨੇ ਆਪਣੇ ਰਵਾਨਗੀ ਬਿਆਨ ਵਿੱਚ ਕਿਹਾ ਕਿ ਭਾਰਤ ਅਤੇ ਯੂਨਾਈਟਿਡ ਕਿੰਗਡਮ ਇਕ ਵਿਆਪਕ ਰਣਨੀਤਕ ਭਾਈਵਾਲ ਹਨਸ ਜਿਨ੍ਹਾਂ ਹਾਲੀਆ ਸਾਲਾਂ ਵਿਚ ਦੁਵੱਲੇ ਰਿਸ਼ਤਿਆਂ ਵਿੱਚ ਅਹਿਮ ਪ੍ਰਗਤੀ ਕੀਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਯੂਕੇ ਦੇ ਆਪਣੇ ਹਮਰੁਤਬਾ ਸਰ ਕੀਰ ਸਟਾਰਮਰ ਨਾਲ ਮੇਰੀ ਮੁਲਾਕਾਤ ਦੌਰਾਨ, ਸਾਨੂੰ ਆਪਣੀ ਆਰਥਿਕ ਭਾਈਵਾਲੀ ਨੂੰ ਹੋਰ ਵਧਾਉਣ ਦਾ ਮੌਕਾ ਮਿਲੇਗਾ, ਜਿਸ ਦਾ ਮੰਤਵ ਦੋਵਾਂ ਦੇਸ਼ਾਂ ਵਿੱਚ ਖੁਸ਼ਹਾਲੀ, ਵਿਕਾਸ ਅਤੇ ਰੁਜ਼ਗਾਰ ਸਿਰਜਣਾ ਨੂੰ ਹੱਲਾਸ਼ੇਰੀ ਦੇਣਾ ਹੈ।

## ਦਿੱਲੀ ਸਰਕਾਰ ਵਪਾਰੀਆਂ ਦੇ ਹਿੱਤਾਂ ਦਾ ਧਿਆਨ ਰੱਖ ਰਹੀ ਹੈ: ਰੇਖਾ ਗੁਪਤਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੁਲਾਈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਦਿੱਲੀ ਦੇ ਕਾਰੋਬਾਰੀਆਂ ਦੇ ਹਿੱਤਾਂ ਲਈ ਕਈ ਯੋਜਨਾਵਾਂ 'ਤੇ ਕੰਮ ਕਰ ਰਹੀ ਹੈ। ਦਿੱਲੀ ਸਰਕਾਰ ਨੇ ਵਪਾਰੀਆਂ ਦੇ ਕਾਰੋਬਾਰ ਨੂੰ ਸੁਵਿਧਾਜਨਕ ਬਣਾਉਣ ਲਈ ਕੁਸ਼ਲ



ਬੁਨਿਆਦੀ ਢਾਂਚਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਤਾਂ ਜੋ ਉਹ ਰਾਜਧਾਨੀ ਵਿੱਚ ਸੁਵਿਧਾਜਨਕ ਢੰਗ ਨਾਲ ਕਾਰੋਬਾਰ ਕਰ ਸਕਣ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਡਰ ਦੇ ਕਾਰੋਬਾਰ ਕਰਨ ਦੇ ਯੋਗ ਬਣਾਉਣ ਲਈ 'ਦਿੱਲੀ ਵਪਾਰੀ ਭਲਾਈ ਬੋਰਡ' ਦਾ ਗਠਨ ਕੀਤਾ ਹੈ। ਰਾਜਧਾਨੀ ਦੇ ਵਪਾਰ ਸੰਗਠਨ ਭਾਰਤੀ ਉਦਯੋਗ ਮੰਡਲ ਦੇ ਨੁਮਾਇੰਦਿਆਂ ਨੇ ਕੱਲ੍ਹ ਦਿੱਲੀ ਸਕੱਤਰੇਤ ਵਿਖੇ ਮੁੱਖ ਮੰਤਰੀ ਰੇਖਾ ਗੁਪਤਾ ਨਾਲ ਮੁਲਾਕਾਤ ਕੀਤੀ। ਵਪਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ, ਮੁੱਖ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨਾ ਸਿਰਫ਼ ਦਿੱਲੀ ਦੇ ਵਪਾਰਕ ਚਰਿੱਤਰ ਨੂੰ ਉਸੇ ਤਰ੍ਹਾਂ ਬਣਾਈ ਰੱਖੇਗੀ, ਸਗੋਂ ਉਨ੍ਹਾਂ ਨੂੰ ਢੁਕਵੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਯੋਜਨਾਵਾਂ 'ਤੇ ਵੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਬਾਜ਼ਾਰਾਂ ਨੂੰ ਕਿਤੇ ਹੋਰ ਤਬਦੀਲ ਕਰਨ ਦੀ ਕੋਈ ਯੋਜਨਾ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਦਿੱਲੀ ਦਾ ਕਾਰੋਬਾਰ ਵਧੇ-ਫੁੱਲੇ, ਇਸ ਨਾਲ ਦਿੱਲੀ ਦਾ ਮਾਲੀਆ ਵਧੇਗਾ ਜੋ ਦਿੱਲੀ ਦੇ ਵਿਕਾਸ ਵਿੱਚ ਮਦਦ ਕਰੇਗਾ। ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸਾਡੀ ਸਰਕਾਰ ਨੇ ਪੁਰਾਣੀ ਦਿੱਲੀ ਦੇ ਬਾਜ਼ਾਰਾਂ ਦੇ ਵਿਕਾਸ ਲਈ ਇੱਕ ਬਲੂਪ੍ਰਿੰਟ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ। ਅਸੀਂ ਇੱਥੇ ਬਾਜ਼ਾਰਾਂ ਨੂੰ ਮੁੜ ਵਿਕਸਤ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੇ ਹਾਂ। ਦਿੱਲੀ ਸਰਕਾਰ ਚਾਹੁੰਦੀ ਹੈ ਕਿ ਪੁਰਾਣੀ ਦਿੱਲੀ ਵਿੱਚ ਦੁਕਾਨਾਂ, ਛੋਟੇ ਗੋਦਾਮ ਅਤੇ ਦਫ਼ਤਰ ਇੱਥੇ ਹੀ ਰਹਿਣ। ਉਨ੍ਹਾਂ ਦੇ ਸਾਮਾਨ ਦੇ ਭੰਡਾਰਨ ਲਈ ਦਿੱਲੀ ਦੇ ਬਾਹਰਵਾਰ ਗੋਦਾਮ ਅਤੇ ਵੱਡੇ ਗੋਦਾਮ ਬਣਾਏ ਜਾਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਪਿਛਲੀਆਂ ਸਰਕਾਰਾਂ ਨੇ ਦਿੱਲੀ ਦੇ ਕਾਰੋਬਾਰੀਆਂ ਦਾ ਸ਼ੋਸ਼ਣ ਕੀਤਾ ਹੈ ਅਤੇ ਦਿੱਲੀ ਦੇ ਬਾਜ਼ਾਰਾਂ ਦੇ ਚਰਿੱਤਰ ਨੂੰ ਵਿਗਾੜਨ ਦੀ ਲਗਾਤਾਰ ਸਾਜ਼ਿਸ਼ ਰਚੀ ਹੈ। ਸਾਡੀ ਸਰਕਾਰ ਨੇ ਵਪਾਰੀਆਂ ਲਈ 'ਦਿੱਲੀ ਵਪਾਰੀ ਭਲਾਈ ਬੋਰਡ' ਬਣਾਇਆ ਹੈ, ਜਿਸ ਵਿੱਚ ਵਪਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਹੀ ਢੰਗ ਨਾਲ ਜਾਣਿਆ ਜਾ ਸਕੇ ਅਤੇ ਹੱਲ ਕੀਤਾ ਜਾ ਸਕੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਹ ਵੀ ਦੱਸਿਆ ਕਿ ਇਸ ਬੋਰਡ ਦੇ 15 ਮੈਂਬਰਾਂ ਵਿੱਚੋਂ 9 ਮੈਂਬਰ ਵਪਾਰਕ ਭਾਈਚਾਰੇ ਦੇ ਹਨ। ਇਸ ਬੋਰਡ ਦਾ ਉਦੇਸ਼ ਵਪਾਰਕ ਭਾਈਚਾਰੇ ਨੂੰ ਸਸ਼ਕਤ ਬਣਾਉਣਾ, ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਕਾਰੋਬਾਰ ਨੂੰ ਹੋਰ ਸੁਵਿਧਾਜਨਕ ਬਣਾਉਣਾ ਹੈ। ਇਹ ਵਿਧਾਨਕ ਬੋਰਡ ਸਰਕਾਰ ਅਤੇ ਵਪਾਰੀਆਂ ਵਿਚਕਾਰ ਇੱਕ ਪੁਲ ਵਜੋਂ ਕੰਮ ਕਰੇਗਾ, ਵਪਾਰੀਆਂ ਨਾਲ ਸਬੰਧਤ ਮੁੱਦਿਆਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਏਗਾ, ਰੁਜ਼ਗਾਰ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰੇਗਾ ਅਤੇ ਉਨ੍ਹਾਂ ਦੇ ਆਰਥਿਕ ਹਿੱਤਾਂ ਲਈ ਇੱਕ ਭਲਾਈ ਫੰਡ ਵੀ ਚਲਾਏਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਦਿੱਲੀ ਦੇ ਕਾਰੋਬਾਰੀ ਹੁਣ ਇਕੱਲੇ ਨਹੀਂ ਹਨ। ਸਰਕਾਰ ਉਨ੍ਹਾਂ ਦੀ ਸੁਰੱਖਿਆ, ਭਲਾਈ ਅਤੇ ਖੁਸ਼ਹਾਲੀ ਲਈ ਉਨ੍ਹਾਂ ਦੇ ਨਾਲ ਖੜ੍ਹੀ ਹੈ।

Contd............... page-3

## ਸ਼ਿਵ ਭਗਤ ਕਾਂਵੜੀਆਂ ਦੀ ਪਵਿੱਤਰ ਯਾਤਰਾ ਸਵਾਲਾਂ ਦੇ ਘੇਰੇ ਵਿੱਚ

**ਕੌਮੀ ਪਤ੍ਰਿਕਾ**

**ਸਿੰਮੀ ਕੌਰ ਬੱਬਰ**





ਨਵੀਂ ਦਿੱਲੀ; 23 ਜੁਲਾਈ: ਕਾਂਵੜ ਯਾਤਰਾ—ਹਿੰਦੂ ਧਰਮ ਦੀਆਂ ਸਭ ਤੋਂ ਮਹੱਤਵਪੂਰਨ ਅਤੇ ਪ੍ਰਾਚੀਨ ਤੀਰਥ ਯਾਤਰਾਵਾਂ ਵਿੱਚੋਂ ਇੱਕ—ਅੱਜ ਇੱਕ ਅਣਚਾਹੀ ਅਤੇ ਯੋਜਨਾ ਬੱਧ ਸਾਜ਼ਿਸ਼ ਦਾ ਨਿਸ਼ਾਨਾ ਬਣੀ ਹੋਈ ਹੈ। ਹਰ ਸਾਲ ਚਾਰ ਕਰੋੜ ਤੋਂ ਵੱਧ ਕੰਵੜੀਏ (ਸ਼ਿਵ ਭਗਤ) ਇਸ ਪਵਿਤਰ ਯਾਤਰਾ ਵਿੱਚ ਹਿੱਸਾ ਲੈਂਦੇ ਹਨ, ਜੋ ਕਿ ਸਨਾਤਨ ਧਰਮ ਦੀ ਡੂੰਘੀ ਭਗਤੀ, ਅਨੁਸ਼ਾਸਨ ਅਤੇ ਬਲੀਦਾਨ ਦੀ ਜੀਵੰਤ ਮਿਸਾਲ ਹੈ। ਫਿਰ ਵੀ, ਕੁਝ ਇਲੈਕਟ?ਰਾਨਿਕ ਮੀਡੀਆ ਅਤੇ ਸੋਸ਼ਲ ਮੀਡੀਆ ਇਸ ਪਵਿਤਰ ਪਰੰਪਰਾ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾ ਰਹੇ ਹਨ ਅਤੇ ਕੁਝ ਇਕੱਲੀਆਂ ਘਟਨਾਵਾਂ ਦੇ ਆਧਾਰ 'ਤੇ ਸਾਰੇ ਸ਼ਿਵ ਭਗਤਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕਰ ਰਹੇ ਹਨ। ਕਾਂਵੜ ਯਾਤਰਾ, ਜੋ ਕਿ ਸਦੀਆਂ ਤੋਂ ਚੱਲ ਰਹੀ ਹੈ, ਪੌਰਾਣਿਕ ਅਤੇ ਇਤਿਹਾਸਕ ਪਰੰਪਰਾਵਾਂ ਵਿੱਚ ਡੂੰਘੀ ਰੂਪ ਵਿੱਚ ਰਚੀ-ਬਸੀ ਹੋਈ ਹੈ। ਪ੍ਰਾਚੀਨ ਗ੍ਰੰਥਾਂ ਅਨੁਸਾਰ, ਇਹ ਯਾਤਰਾ ਸ਼੍ਰਾਵਣ ਮਹੀਨੇ ਦੌਰਾਨ ਗੰਗਾ ਜਲ (ਗੰਗਾ ਨਦੀ ਦਾ ਪਵਿਤਰ ਜਲ) ਭਗਵਾਨ ਸ਼ਿਵ ਨੂੰ ਚੜ੍ਹਾਉਣ ਦੀ ਪ੍ਰਤੀਕ ਯਾਤਰਾ ਹੈ। ਭਗਤ ਨੰਗੇ ਪੈਰ, ਕੇਸਰੀ ਰੰਗ ਦੇ ਕੱਪੜੇ ਪਹਿਨ ਕੇ, "ਬੋਲ ਬਮ"ਦੇ ਨਾਲ਼ੇ ਲਾਉਂਦੇ ਹੋਏ, ਮੋਢਿਆਂ 'ਤੇ ਸਜਾਏ ਹੋਏ ਕੰਵੜ ਚੁੱਕ ਕੇ ਸੈਂਕੜਿਆਂ ਕਿਲੋਮੀਟਰਾਂ ਦੀ ਯਾਤਰਾ ਕਰਦੇ ਹਨ — ਉਹ ਵੀ ਭਾਰੀ ਸਰੀਰਕ ਦੁੱਖ ਸਹਿਣਦੇ ਹੋਏ। ਇਹ ਆਤਮ-ਨਿਯੰਤਰਣ ਅਤੇ ਭਗਤੀ ਦਾ ਪ੍ਰਤੀਕ ਹੈ। ਕਿਹਾ ਜਾਂਦਾ ਹੈ ਕਿ ਭਗਵਾਨ ਰਾਮ ਨੇ ਵੀ ਇੱਕ ਵਾਰ ਕੰਵੜੀਏ ਵਜੋਂ ਇਹ ਯਾਤਰਾ ਕੀਤੀ ਸੀ। ਇਸ ਭੋਗਵਾਦੀ ਅਤੇ ਤੁਰੰਤ ਤਰੁੱਪਤੀ ਦੇ ਯੁੱਗ ਵਿੱਚ, ਕੰਵੜੀਏ ਸਾਨੂੰ ਸਬਰ, ਤਿਆਗ, ਸ਼ਰਧਾ ਅਤੇ ਅਨੁਸ਼ਾਸਨ ਵਰਗੀਆਂ ਮੂੱਲਾਂ ਦੀ ਯਾਦ ਦਿਵਾਉਂਦੇ ਹਨ। ਇਸਦੀ ਪਵਿਤਰਤਾ ਦੇ ਬਾਵਜੂਦ, ਇਸ ਯਾਤਰਾ ਨੂੰ ਨਕਾਰਾਤਮਕ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਕੁਝ ਟੀਵੀ ਚੈਨਲ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਕੁਝ ਅਨੁਸ਼ਾਸਨਹੀਣ ਵਿਅਕਤੀਆਂ ਦੇ ਵੀਡੀਓ ਸਾਂਝੇ ਕਰ ਰਹੇ ਹਨ ਅਤੇ ਸਾਰੇ ਕੰਵੜੀਆਂ ਨੂੰ ਬਦਨਾਮ ਕਰ ਰਹੇ ਹਨ। ਇਹ ਨਾ ਸਿਰਫ ਅਨਿਆਇਕ ਹੈ ਸਗੋਂ ਇਹ ਭਾਰਤ ਅਤੇ ਦੁਨੀਆ ਭਰ ਦੇ ਕਰੋੜਾਂ ਹਿੰਦੂਆਂ ਦੀ ਆਸਥਾ 'ਤੇ ਸਿੱਧਾ ਹਮਲਾ ਹੈ। ਸਾਫ਼ ਕਹੀਏ ਤਾਂ: ਹਰ ਸਮਾਜ ਵਿੱਚ ਕੁਝ ਗਲਤ ਤੱਤ ਹੋ ਸਕਦੇ ਹਨ, ਪਰ ਉਹਨਾਂ ਦੇ ਕਰਤੱਬ ਸਾਰੇ ਸਮੂਹ ਦੀ ਨੁਮਾਇ???? ਨਹੀਂ ਕਰਦੇ। ਚਾਰ ਕਰੋੜ ਤੋਂ ਵੱਧ ਸ਼ਾਂਤਮਈ, ਉਪਵਾਸੀ, ਨੰਗੇ ਪੈਰ ਚੱਲਣ ਵਾਲੇ ਭਗਤਾਂ ਨੂੰ ਇੱਕੋ ਹੀ ਛਵੀ ਵਿੱਚ ਵਿਖਾਉਣਾ ਗੰਭੀਰ ਅਨੁਚਿਤਤਾ ਅਤੇ ਦੁਰਭਾਵਨਾ ਹੈ। ਕਾਂਵੜ ਯਾਤਰਾ ਸਿਰਫ ਧਾਰਮਿਕ ਰਸਮ ਨਹੀਂ — ਇਹ ਹਿੰਦੂ ਆਸਥਾ ਅਤੇ ਸਭਿਆਚਾਰ ਦੀ ਜੀਵੰਤ ਅਤੇ ਸਾਹ ਲੈ ਰਹੀ ਆਤਮਾ ਦਾ ਪ੍ਰਤੀਕ ਹੈ। ਹਰਿਦੁਆਰ ਤੋਂ ਗੌਮੁਖ, ਸਲਤਾਨਗੰਜ ਤੋਂ ਦੇਵਘਰ ਤੱਕ, ਕੰਵੜੀਆਂ ਦੇ ਪੈਰਾਂ ਦੇ ਨਿਸ਼ਾਨ ਵਾਲੇ ਰਸਤੇ ਆਧਿਆਤਮਿਕ ਪੁਨਰਜਾਗਰਣ ਦੇ ਜੀਵੰਤ ਰਸਤੇ ਬਣ ਗਏ ਹਨ, ਖਾਸ ਕਰਕੇ ਨੌਜਵਾਨਾਂ ਲਈ ਜੋ ਇਸ ਯਾਤਰਾ ਵਿੱਚ ਸ਼ਰਧਾ ਅਤੇ ਨਿਮਰਤਾ ਨਾਲ ਜੁੜ ਰਹੇ ਹਨ। ਸਥਾਨਕ ਸਮੁਦਾਇ, ਮੰਦਰ, ਐਨਜੀਓ ਅਤੇ ਪੁਲਿਸ ਫੋਰਸ ਭਗਤਾਂ ਨੂੰ ਭੋਜਨ, ਪਾਣੀ, ਆਸਰਾ ਅਤੇ ਡਾਕਟਰੀ ਸਹਾਇਤਾ ਦੇ ਕੇ ਉਨ੍ਹਾਂ ਦੀ ਪੂਰੀ ਮਦਦ ਕਰਦੇ ਹਨ। ਪੂਰੀ ਯਾਤਰਾ ਆਧਿਆਤਮਿਕ ਏਕਤਾ ਦਾ ਸਮੂਹਿਕ ਉਤਸਵ ਬਣ ਜਾਂਦੀ ਹੈ। ਇਹ ਯੋਜਨਾਬੱਧ ਬਦਨਾਮੀ ਸਿਰਫ ਤੀਰਥ ਯਾਤਰੀਆਂ ਵੱਲ ਨਹੀਂ — ਇਹ ਹਿੰਦੂ ਆਧਿਆਤਮਿਕਤਾ ਅਤੇ ਭਾਰਤ ਦੀ ਪਵਿਤਰ ਵਿਰਾਸਤ ਦੀ ਜੜ੍ਹਾਂ 'ਤੇ ਹਮਲਾ ਹੈ। ਇਸ ਪਵਿਤਰ ਆਯੋਜਨ ਦੀ ਨਿੰਦਾ ਕਰਨ ਵਾਲਿਆਂ ਦੀ ਤਿੱਖੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ, ਖਾਸ ਕਰਕੇ ਉਹਨਾਂ ਵੱਲੋਂ ਜੋ ਸੱਚਾਈ, ਸਹਿਣਸ਼ੀਲਤਾ ਅਤੇ ਪਰੰਪਰਾ ਵਿੱਚ ਵਿਸ਼ਵਾਸ ਰੱਖਦੇ ਹਨ। ਭਾਰਤ ਉਹ ਧਰਤੀ ਹੈ ਜਿੱਥੇ ਕਰੋੜਾਂ ਲੋਕ ਭਗਵਾਨ ਸ਼ਿਵ ਦੀ ਪੂਜਾ ਕਰਦੇ ਹਨ, ਜਿੱਥੇ ਮੰਦਰਾਂ ਵਿੱਚ ਮੰਤਰਾਂ ਦੀ ਗੂੰਜ ਹੁੰਦੀ ਹੈ ਅਤੇ ਜਿੱਥੇ ਨਦੀਆਂ ਨੂੰ ਮਾਂ ਵਜੋਂ ਪੂਜਿਆ ਜਾਂਦਾ ਹੈ। ਕਾਂਵੜ ਯਾਤਰਾ ਇਸ ਆਧਿਆਤਮਿਕ ਪਹਚਾਣ ਦਾ ਅਟੁੱਟ ਹਿੱਸਾ ਹੈ। ਜੋ ਲੋਕ ਕਾਂਵੜ ਯਾਤਰਾ ਨੂੰ ਬਦਨਾਮ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਅਸੀਂ ਕਹਿੰਦੇ ਹਾਂ — ਤੁਸੀਂ ਭਗਤੀ ਦੀ ਭਾਵਨਾ ਨੂੰ ਨਹੀਂ ਤੋੜ ਸਕਦੇ। ਤੁਸੀਂ ਸ਼ਰਧਾ ਦੀ ਵਿਰਾਸਤ ਨੂੰ ਨਹੀਂ ਮਿਟਾ ਸਕਦੇ। ਤੁਸੀਂ ਸਨਾਤਨ ਧਰਮ ਦੀਆਂ ਸਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਕੁਝ ਝੂਠੇ ਦੋਸ਼ਾਂ ਅਤੇ ਭ੍ਰਮਕ ਸੁੀਆਂ ਨਾਲ ਨਹੀਂ ਝੁਕਾ ਸਕਦੇ। ਦੇਸ਼ ਨੂੰ ਚਾਹੀਦਾ ਹੈ ਕਿ ਉਹ ਕੰਵੜੀਆਂ ਦੇ ਸੰਕਲਪ, ਪਵਿਤਰਤਾ ਅਤੇ ਸ਼ਰਧਾ ਦਾ ਸਨਮਾਨ ਕਰੇ, ਨਾ ਕਿ ਉਨ੍ਹਾਂ ਦਾ ਅਪਮਾਨ। ਇਕ ਸ਼ੋਰਗੁਲ ਵਾਲੀ ਦੁਨੀਆ ਵਿੱਚ, ਇਹ ਭਗਤ ਮੌਨ ਵਿੱਚ ਯਾਤਰਾ ਕਰਦੇ ਹਨ — ਨੰਗੇ ਪੈਰ, ਨਿਸ਼ਕਾਮ, ਅਡੋਲ ਅਤੇ ਭਗਵਾਨ ਭੋਲੇਨਾਥ ਦਾ ਸੁਨੇਹਾ ਲੈ ਕੇ ਤੁਰਦੇ ਹਨ। ਇਹ ਸਿਰਫ਼ ਇੱਕ ਯਾਤਰਾ ਨਹੀਂ — ਇਹ ਭਾਰਤ ਦੀ ਆਧਿਆਤਮਿਕ ਧੜਕਣ ਹੈ।

## ਕੀ ਬਿੱਲਾਂ 'ਤੇ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਤੈਅ ਕੀਤੀ ਜਾ ਸਕਦੀ ਹੈ ਸਮਾਂ-ਹੱਦ?

ਨਵੀਂ ਦਿੱਲੀ 23 ਜੁਲਾਈ। ਸੁਪਰੀਮ ਕੋਰਟ ਨੇ ਮੰਗਲਵਾਰ ਇਕ ਅਹਿਮ ਸੰਵਿਧਾਨਕ ਮੁੱਦੇ 'ਤੇ ਸੁਣਵਾਈ ਕਰਦੇ ਹੋਏ ਕੇਂਦਰ ਤੇ ਸਾਰੇ ਸੂਬਿਆਂ ਤੋਂ ਜਵਾਬ ਮੰਗੇ। ਇਹ ਮਾਮਲਾ ਰਾਸ਼ਟਰਪਤੀ ਵੱਲੋਂ ਭੇਜੇ ਗਏ ਹਵਾਲੇ ਨਾਲ ਸਬੰਧਤ ਹੈ, ਜਿਸ 'ਚ ਇਹ ਸਵਾਲ ਉਠਾਇਆ ਗਿਆ ਹੈ ਕਿ ਕੀ ਰਾਸ਼ਟਰਪਤੀ ਲਈ ਵਿਧਾਨ ਸਭਾ 'ਚ ਪਾਸ ਕੀਤੇ ਬਿੱਲਾਂ 'ਤੇ ਫ਼ੈਸਲਾ ਲੈਣ ਲਈ ਕੋਈ ਸਮਾਂ-ਹੱਦ ਤੈਅ ਕੀਤੀ ਜਾ ਸਕਦੀ ਹੈ? ਚੀਫ਼ ਜਸਟਿਸ ਬੀ. ਆਰ. ਗਵਈ, ਜਸਟਿਸ ਸੂਰਿਆਕਾਂਤ, ਜਸਟਿਸ ਵਿਕਰਮ ਨਾਥ, ਜਸਟਿਸ ਪੀ. ਐੱਸ. ਨਰਸਿਮ?ਹਾ ਅਤੇ ਜਸਟਿਸ ਏ. ਐੱਸ. ਚੰਦੂਰਕਰ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਅਗਲੇ ਮੰਗਲਵਾਰ ਤੱਕ ਕੇਂਦਰ ਤੇ ਸੂਬਿਆਂ ਕੋਲੋਂ ਜਵਾਬ ਮੰਗੇ ਹਨ। ਬੈਂਚ ਨੇ ਕਿਹਾ ਕਿ ਰਾਸ਼ਟਰਪਤੀ ਦੇ ਹਵਾਲੇ ਨਾਲ ਉਠਾਏ ਗਏ ਮੁੱਦੇ ਦਾ ਪੂਰੇ ਦੇਸ਼ 'ਤੇ ਅਸਰ ਪੈਣ ਵਾਲਾ ਹੈ। ਸੰਵਿਧਾਨ ਦੀ ਵਿਆਖਿਆ ਦੇ ਮੁੱਦੇ ਹਨ। ਅਸੀਂ ਅਟਾਰਨੀ ਜਨਰਲ ਨੂੰ ਮਦਦ ਕਰਨ ਦੀ ਬੇਨਤੀ ਕੀਤੀ ਹੈ। ਕੇਂਦਰ ਤੇ ਸਾਰੀਆਂ ਸੂਬਾਈ ਸਰਕਾਰਾਂ ਨੂੰ ਨੋਟਿਸ ਜਾਰੀ ਕੀਤੇ ਜਾਣ। ਕੇਂਦਰ ਵੱਲੋਂ ਸਾਲਿਸੀਟਰ ਜਨਰਲ ਪੇਸ਼ ਹੋਣਗੇ। ਸੂਬਾਈ ਸਰਕਾਰਾਂ ਨੂੰ ਈਮੇਲ ਰਾਹੀਂ ਨੋਟਿਸ ਭੇਜਿਆ ਜਾਣਾ ਚਾਹੀਦਾ ਹੈ। ਸੰਵਿਧਾਨਕ ਬੈਂਚ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਵੱਲੋਂ ਉਠਾਏ ਗਏ 14 ਅਹਿਮ ਸਵਾਲਾਂ 'ਤੇ ਚਰਚਾ ਕਰਨ ਲਈ ਸਹਿਮਤੀ ਪ੍ਰਗਟਾਈ।

## ਵਿਦਿਆਰਥੀਆਂ ਦੀ ਸਕਾਲਰਸ਼ਿਪ ਅਤੇ ਖਿਡਾਰੀਆਂ ਨੂੰ ਪ੍ਰੋਤਸਾਹਨ ਸਰਕਾਰ ਦੀ ਤਰਜੀਹ: ਇੰਦਰਾਜ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 23 ਜੁਲਾਈ। :ਦਿੱਲੀ ਸਰਕਾਰ ਦੇ ਸਮਾਜ ਭਲਾਈ ਅਤੇ ਐਸਸੀ/ਐਸਟੀ ਭਲਾਈ ਮੰਤਰੀ ਤੇ ਬਵਾਨਾ ਤੋਂ ਵਿਧਾਇਕ ਰਵਿੰਦਰ ਇੰਦਰਾਜ ਸਿੰਘ ਨੇ ਬੁੱਧਵਾਰ ਨੂੰ ਰੋਹਿਣੀ ਸੈਕਟਰ 22 ਸਥਿਤ ਸਰਕਾਰੀ ਸਹਿ-ਸਿੱਖਿਆ ਸਰਵੋਦਿਆ ਵਿਦਿਆਲਿਆ, ਪ੍ਰਹਿਲਾਦਪੁਰ ਸਥਿਤ ਸਰਵੋਦਿਆ ਕੰਨਿਆ ਵਿਦਿਆਲਿਆ ਅਤੇ ਚਾਂਦਪੁਰ ਮਾਜਰਾ ਸਥਿਤ ਰਾਜਕੀ ਸਰਵੋਦਿਆ ਸਹਿ-ਸਿੱਖਿਆ ਵਿਦਿਆਲਿਆ ਵਿਖੇ ਆਯੋਜਿਤ ਓਰੀਐਂਟੇਸ਼ਨ ਅਤੇ ਰੁੱਖ ਲਗਾਉਣ ਦੇ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦਾ ਹੌਸਲਾ ਵਧਾਇਆ। ਰਵਿੰਦਰ ਇੰਦਰਾਜ ਨੇ ਮਾਪਿਆਂ ਨਾਲ ਗੱਲਬਾਤ ਕੀਤੀ ਅਤੇ ਸਕੂਲ ਸਟਾਫ ਨੂੰ ਬੱਚਿਆਂ ਦੇ ਸਰਬਪੱਖੀ ਵਿਕਾਸ 'ਤੇ ਜ਼ੋਰ ਦੇਣ ਦੀ ਅਪੀਲ ਕੀਤੀ। ਸਮਾਜ ਭਲਾਈ ਮੰਤਰੀ ਨੇ ਕਿਹਾ ਕਿ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੇ ਸੰਕਲਪ 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਤਹਿਤ ਕੀਤੇ ਗਏ ਯਤਨਾਂ ਨਾਲ ਸਿੱਖਿਆ ਜਗਤ ਦੀ ਤਸਵੀਰ ਵਿੱਚ ਸੁਧਾਰ ਹੋਇਆ ਹੈ ਅਤੇ ਨਵੀਂ ਸਿੱਖਿਆ ਨੀਤੀ ਨਾਲ ਵਿਆਪਕ ਬਦਲਾਅ ਆਏ ਹਨ। ਖੇਡੋ ਇੰਡੀਆ ਯੋਜਨਾ ਨੇ ਦੇਸ਼ ਦੀ ਝੋਲੀ ਵਿੱਚ ਕਈ ਮੈਡਲ ਪਾਏ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸਫਲਤਾ ਸਿਰਫ ਅਕਾਦਮਿਕ ਪ੍ਰਾਪਤੀਆਂ ਨਾਲ ਨਹੀਂ, ਸਗੋਂ ਨੈਤਿਕ ਸਿੱਖਿਆ, ਖੇਡ ਅਤੇ ਤਕਨੀਕੀ ਨਿਪੁੰਨਤਾ ਦੇ ਸੁਮੇਲ ਨਾਲ ਸੁਨਿਸ਼ਚਿਤ ਕੀਤੀ ਜਾ ਸਕਦੀ ਹੈ। ਰਵਿੰਦਰ ਇੰਦਰਾਜ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਰੇਖਾ ਗੁਪਤਾ ਜੀ ਦੇ ਨਿਰਦੇਸ਼ਾਂ 'ਤੇ ਦਿੱਲੀ ਦੀ



ਸਿੱਖਿਆ ਵਿਵਸਥਾ ਨੂੰ ਲਗਾਤਾਰ ਬਿਹਤਰ ਕੀਤਾ ਜਾ ਰਿਹਾ ਹੈ। ਦਿੱਲੀ ਵਿੱਚ 75 ਵਿਸ਼ਵ ਪੱਧਰੀ ਸੀਐਮ ਸ਼੍ਰੀ ਸਕੂਲ ਸਥਾਪਿਤ ਕੀਤੇ ਜਾ ਰਹੇ ਹਨ। ਸਰਕਾਰੀ ਸਕੂਲਾਂ ਵਿੱਚ 350 ਕੰਪਿਊਟਰ ਲੈਬ ਸਥਾਪਿਤ ਹੋਣਗੀਆਂ। ਦਸਵੀਂ ਜਮਾਤ ਦੇ ਨਤੀਜਿਆਂ ਦੇ ਆਧਾਰ 'ਤੇ 11ਵੀਂ ਦੇ 1200 ਮੈਰਿਟ ਵਿਦਿਆਰਥੀਆਂ ਨੂੰ ਲੈਪਟਾਪ ਦਿੱਤੇ ਜਾਣਗੇ। ਐਸਸੀ/ਐਸਟੀ ਭਲਾਈ ਮੰਤਰੀ ਨੇ ਮਾਪਿਆਂ ਅਤੇ ਸਕੂਲ ਸਟਾਫ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਐਸਸੀ, ਐਸਟੀ ਅਤੇ ਓਬੀਸੀ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ/ਪੋਸਟ-ਮੈਟ੍ਰਿਕ, ਸੀਐਮ ਵਿਦਿਆਰਥੀ ਪ੍ਰਤਿਭਾ ਯੋਜਨਾ, ਮੈਰਿਟ ਸਕਾਲਰਸ਼ਿਪ ਦਾ ਪੂਰਾ ਲਾਭ ਦੇਣ ਦੇ ਸਖ਼ਤ ਨਿਰਦੇਸ਼ ਹਨ। ਸਮਾਜ ਭਲਾਈ ਮੰਤਰੀ ਨੇ ਕਿਹਾ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ-ਨਾਲ ਖੇਡਾਂ 'ਤੇ ਜ਼ੋਰ ਦੇਣਾ ਵੀ ਬਹੁਤ ਜ਼ਰੂਰੀ ਹੈ। ਸੀਐਮ ਖੇਡ ਪ੍ਰੋਤਸਾਹਨ ਯੋਜਨਾ ਦੇ ਤਹਿਤ ਓਲੰਪਿਕ ਅਤੇ ਪੈਰਾਲੰਪਿਕ ਮੈਡਲ ਜੇਤੂਆਂ ਨੂੰ ਸੋਨੇ ਦਾ ਮੈਡਲ ਜਿੱਤਣ 'ਤੇ ਸੱਤ ਕਰੋੜ, ਚਾਂਦੀ ਦਾ ਮੈਡਲ ਜਿੱਤਣ 'ਤੇ ਪੰਜ ਕਰੋੜ ਅਤੇ ਕਾਂਸੀ ਦਾ ਮੈਡਲ ਜਿੱਤਣ 'ਤੇ ਤਿੰਨ ਕਰੋੜ ਰੁਪਏ ਪ੍ਰਦਾਨ ਕੀਤੇ ਜਾਣਗੇ। ਨਾਲ ਹੀ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਚੰਗਾ ਪ੍ਰਦਰਸ਼ਨ ਕਰਨ ਵਾਲੇ ਸਕੂਲੀ ਵਿਦਿਆਰਥੀਆਂ ਨੂੰ ਵੀ ਪੰਜ ਲੱਖ ਰੁਪਏ ਤੱਕ ਦੀ ਸਿਖਲਾਈ ਸਹਾਇਤਾ ਅਤੇ ਉੱਚ ਪੱਧਰੀ ਖਿਡਾਰੀਆਂ ਨੂੰ 20 ਲੱਖ ਰੁਪਏ ਤੱਕ ਦੀ ਸਹਾਇਤਾ ਦਿੱਤੀ ਜਾਵੇਗੀ। ਦਿੱਲੀ ਵਿੱਚ ਸਪੋਰਟਸ ਯੂਨੀਵਰਸਿਟੀ ਵੀ ਤਿਆਰ ਹੋ ਰਹੀ ।

## ਲੈਂਡ ਪੂਲਿੰਗ ਪਾਲਿਸੀ ਬਾਰੇ ਮੁੱਖ ਮੰਤਰੀ ਮਾਨ ਦਾ ਵੱਡਾ ਬਿਆਨ

ਧੂਰੀ 23 ਜੁਲਾਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਕ ਵਾਰ ਫ਼?ਰ ਲੋਕਾਂ ਨੂੰ ਲੈਂਡ ਪੂਲਿੰਗ ਪਾਲਿਸੀ ਬਾਰੇ ਜਾਗਰੂਕ ਕੀਤਾ ਤੇ ਵਿਰੋਧੀਆਂ ਵੱਲੋਂ ਫ਼ੈਲਾਈਆਂ ਜਾ ਰਹੀਆਂ ਅਫ਼ਵਾਹਾਂ ਵੱਲ ਧਿਆਨ ਨਾ ਦੇਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਇਹ ਗੱਲ ਵੀ ਸਪੱਸ਼ਟ ਕੀਤੀ ਹੈ ਕਿ ਲੈਂਡ ਪੂਲਿੰਗ ਪਾਲਿਸੀ ਵਾਲੀ ਜਗ?ਹਾ ਵਿਚ ਰਜਿਸਟਰੀਆਂ 'ਤੇ ਕੋਈ ਪਾਬੰਦੀ ਨਹੀਂ ਹੈ, ਜ਼ਮੀਨਾਂ ਦੇ ਮਾਲਕ ਆਪਣੀ ਮਰਜ਼ੀ ਮੁਤਾਬਕ ਹਰ ਫ਼ੈਸਲਾ ਲੈ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜੇ ਲੋਕਾਂ ਦੇ ਮਨ ਵਿਚ ਕਿਸੇ ਕਿਸਮ ਦਾ ਵੀ ਕੋਈ ਸਵਾਲ ਹੈ ਤਾਂ ਉਹ ਸਿੱਧਾ ਸਰਕਾਰ ਨੂੰ ਲਿਖ ਕੇ ਭੇਜਣ, ਅਸੀਂ ਉਨ੍ਹਾਂ ਸਵਾਲਾਂ ਦਾ ਜਵਾਬ ਵੀ ਦੇਵਾਂਗੇ। ਮੁੱਖ ਮੰਤਰੀ ਮਾਨ ਅੱਜ ਧੂਰੀ ਵਿਖੇ 75 ਗ੍ਰਾਮ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਵੰਡਣ ਪਹੁੰਚੇ ਸਨ। ਇਸ ਦੌਰਾਨ ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਨੇ ਲੈਂਡ ਪੂਲਿੰਗ ਪਾਲਿਸੀ ਬਾਰੇ ਵੀ ਖੁੱਲ੍ਹ ਕੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇਸ ਪਾਲਿਸੀ ਨਾਲ ਵਿਰੋਧੀਆਂ ਦਾ ਗੈਰ-ਕਾਨੂੰਨੀ ਕਾਲੋਨੀਆਂ ਦਾ ਧੰਦਾ ਬੰਦ ਹੋ ਜਾਵੇਗਾ, ਇਸ ਲਈ ਇਹ ਰੌਲ?ਾ ਪਾ ਰਹੇ ਹਨ।

# ਭੰਡਾਰਿਆਂ ਮੌਕੇ ਡੇਰਾ ਬਿਆਸ ਜਾਣ ਵਾਲੀ ਸੰਗਤ ਲਈ ਵੱਡੀ ਖ਼ੁਸ਼ਖਬਰੀ, ਹੋਇਆ ਵੱਡਾ ਐਲਾਨ

ਜਲੰਧਰ/ਅੰਮ੍ਰਿਤਸਰ 23 ਜੁਲਾਈ। ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਦੀ ਸੰਗਤ ਲਈ ਭੰਡਾਰਿਆਂ ਨੂੰ ਲੈ ਕੇ ਅਹਿਮ ਖ਼ਬਰ ਸਾਹਮਣੇ ਆਈ ਹੈ। ਦਰਅਸਲ ਡੇਰਾ ਬਿਆਸ ਵਿਖੇ ਮਾਰਚ ਮਹੀਨੇ ਹੋਣ ਵਾਲੇ ਭੰਡਾਰਿਆਂ ਦੇ ਮੱਦੇਨਜ਼ਰ ਡੇਰਾ ਬਿਆਸ ਦੇ ਮੁਖੀ ਦਾ ਸਤਿਸੰਗ ਪਹਿਲੇ ਭੰਡਾਰੇ ਮੌਕੇ 18 ਮਾਰਚ ਦਿਨ ਐਤਵਾਰ, ਦੂਜੇ ਭੰਡਾਰੇ ਮੌਕੇ 23 ਮਾਰਚ ਅਤੇ ਤੀਜੇ ਭੰਡਾਰੇ ਮੌਕੇ 30 ਮਾਰਚ ਨੂੰ ਸਵੇਰੇ 9.30 ਵਜੇ ਬਿਆਸ ਵਿਖੇ ਸ਼ੁਰੂ ਹੋਵੇਗਾ। ਉਥੇ ਹੀ ਜਿਹੜੀ ਐੱਨ. ਆਰ. ਆਈ. ਸੰਗਤ ਨਾਮਦਾਨ ਲੈਣ ਵਿਚ ਦਿਲਚਸਪੀ ਰੱਖਦੀ ਹੈ, ਉਨ੍ਹਾਂ ਲਈ ਰਜਿਸਟ?ਰੇਸ਼ਨ ਪ੍ਰਕਿਰਿਆ 14 ਮਾਰਚ ਨੂੰ ਡੇਰਾ ਬਿਆਸ ਵਿਖੇ ਆਯੋਜਿਤ ਕੀਤੀ ਗਈ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਲੰਘੇ ਫਰਵਰੀ ਮਹੀਨੇ ਵਿਚ ਬਿਆਸ ਡੇਰੇ ਵਿਚ ਭੰਡਾਰਿਆਂ ਦਾ ਆਯੋਜਨ ਕੀਤਾ ਗਿਆ ਸੀ, ਇਨ੍ਹਾਂ ਭੰਡਾਰਿਆਂ ਵਿਚ ਵੱਡੀ ਗਿਣਤੀ ਸੰਗਤ ਦੇਸ਼ ਵਿਦੇਸ਼ ਤੋਂ ਸਤਿਸੰਗ ਵਿਚ ਸ਼ਮੂਲੀਅਤ ਕਰਨ ਪਹੁੰਚੀ। ਹੁਣ ਫਿਰ ਡੇਰੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਰਚ ਮਹੀਨੇ ਭੰਡਾਰਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਲਈ ਬਕਾਇਦਾ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਭੰਡਾਰੇ 18 ਮਾਰਚ ਦਿਨ ਐਤਵਾਰ, 23 ਮਾਰਚ ਅਤੇ 30 ਮਾਰਚ ਦਿਨ ਐਤਵਾਰ ਨੂੰ ਹੋਣਗੇ। ਭੰਡਾਰਿਆਂ ਮੌਕੇ ਡੇਰਾ ਬਿਆਸ ਵਿਚ ਪਹੁੰਚਣ ਵਾਲੀ ਵੱਡੀ ਗਿਣਤੀ ਸੰਗਤ ਲਈ ਸਾਰੇ ਪ੍ਰਬੰਧ ਪਹਿਲਾਂ ਹੀ ਕਰ ਲਏ ਗਏ ਹਨ। ਜ਼ਿਕਰਯੋਗ ਹੈ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਡੇਰਾ ਬਿਆਸ ਦੀ ਸੰਗਤ ਲਈ ਰੇਲਵੇ ਵਿਭਾਗ ਵੱਲੋਂ



ਸਪੈਸ਼ਲ ਟਰੇਨਾਂ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਰੇਲਵੇ ਨੇ ਯਾਤਰੀਆਂ ਲਈ ਸਹਰਸਾ ਤੋਂ ਅੰਮ੍ਰਿਤਸਰ ਫੈਸਟੀਵਲ ਸਟੇਸ਼ਨ ਰੇਲਗੱਡੀ ਅਤੇ ਬਿਆਸ ਤੋਂ ਜਲੰਧਰ ਸ਼ਹਿਰ ਲਈ ਅਣਰਿਜ਼ਰਵਡ ਵਿਸ਼ੇਸ਼ ਰੇਲਗੱਡੀ ਚਲਾਈ ਹੈ। ਡੇਰਾ ਬਿਆਸ ਜਾਣ ਵਾਲੇ ਯਾਤਰੀਆਂ ਨੂੰ ਦੋਵਾਂ ਰੇਲਗੱਡੀਆਂ ਤੋਂ ਸਹੂਲਤ ਮਿਲੇਗੀ। ਇਹ ਟਰੇਨ ਅੰਮ੍ਰਿਤਸਰ, ਬਿਆਸ, ਜਲੰਧਰ ਸ਼ਹਿਰ, ਢੰਡਾਰੀ ਕਲਾਂ (ਲੁਧਿਆਣਾ), ਅੰਬਾਲਾ ਕੈਂਟ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸ਼ਾਹਜਹਾਂਪੁਰ, ਸੀਤਾਪੁਰ, ਗੋਂਡਾ, ਗੋਰਖਪੁਰ, ਛਪਰਾ, ਹਾਜੀਪੁਰ, ਸਮਸਤੀਪੁਰ, ਬਰੌਨੀ, ਬੇਗੂਸਰਾਏ, ਸਹਰਸਾ ਸਮੇਤ ਹੋਰ ਸਟੇਸ਼ਨਾਂ 'ਤੇ ਰੁਕੇਗੀ। ਸਹਰਸਾ ਤੋਂ ਅੰਮ੍ਰਿਤਸਰ ਤੱਕ ਟਰੇਨ ਨੰਬਰ 05507 ਚੱਲੇਗੀ, ਜੋਕਿ 18 ਮਾਰਚ ਨੂੰ ਸ਼ਾਮ 7 ਵਜੇ ਸਹਰਸਾ ਤੋਂ ਰਵਾਨਾ ਹੋ ਕੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਪਹੁੰਚੇਗੀ। ਟਰੇਨ ਦਾ ਆਖਰੀ ਸਟਾਪ ਅਗਲੇ ਦਿਨ ਯਾਨੀ 18 ਮਾਰਚ ਨੂੰ ਦੁਪਹਿਰ 2.20 ਵਜੇ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਹੋਵੇਗਾ। ਉਥੇ ਹੀ ਅਗਲੇ ਦਿਨ ਯਾਨੀ 18 ਮਾਰਚ ਨੂੰ ਟਰੇਨ ਨੰਬਰ 05508 ਅੰਮ੍ਰਿਤਸਰ ਤੋਂ ਸਹਰਸਾ ਲਈ ਰਵਾਨਾ ਹੋਵੇਗੀ। ਇਹ ਰੇਲਗੱਡੀ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਸਵੇਰੇ 4 ਵਜੇ ਦੇ ਕਰੀਬ ਰਵਾਨਾ ਹੋਵੇਗੀ ਅਤੇ 19 ਮਾਰਚ ਨੂੰ ਸਵੇਰੇ 11.45 ਵਜੇ ਦੇ ਕਰੀਬ ਸਹਰਸਾ ਰੇਲਵੇ ਸਟੇਸ਼ਨ ਪਹੁੰਚੇਗੀ। ਫਿਰੋਜ਼ਪੁਰ ਰੇਲਵੇ ਡਿਵੀਜ਼ਨ ਦੇ ਸੀਨੀਅਰ ਕਮਰਸ਼ੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਨੇ ਬੀਤੇ ਦਿਨੀਂ ਦੱਸਿਆ ਕਿ ਡੇਰਾ ਰਾਧਾ ਸੁਆਮੀ ਬਿਆਸ ਦੇ ਸ਼ਰਧਾਲੂਆਂ ਦੀ ਸਹੂਲਤ ਲਈ ਰੇਲਵੇ ਨੇ 18 ਮਾਰਚ 2025, 23 ਮਾਰਚ ਅਤੇ 30 ਮਾਰਚ 2025 ਨੂੰ ਬਿਆਸ ਅਤੇ ਜਲੰਧਰ ਸ਼ਹਿਰ ਵਿਚਾਲੇ ਅਣਰਿਜ਼ਰਵਡ ਸਪੈਸ਼ਲ ਰੇਲਗੱਡੀ ਨੰਬਰ 04610 ਚਲਾਉਣ ਦਾ ਫ਼ੈਸਲਾ ਕੀਤਾ ਹੈ। ਬਿਆਸ-ਜਲੰਧਰ ਸ਼ਹਿਰ ਅਣਰਿਜ਼ਰਵਡ ਸਪੈਸ਼ਲ ਟਰੇਨ ਨੰਬਰ 04610 ਤਾਰੀਖ਼ 18 ਮਾਰਚ 2025 , 23 ਮਾਰਚ ਅਤੇ 30 ਮਾਰਚ 2025 ਨੂੰ ਬਿਆਸ ਤੋਂ ਦੁਪਹਿਰ 12.50 ਵਜੇ ਰਵਾਨਾ ਹੋ ਕੇ ਦੁਪਹਿਰ 1.35 ਵਜੇ ਜਲੰਧਰ ਸ਼ਹਿਰ ਪਹੁੰਚੇਗੀ। ਇਹ ਰੇਲ ਗੱਡੀ ਰਸਤੇ ਵਿਚ ਢਿੱਲਵਾਂ, ਹਮੀਰਾ, ਕਰਤਾਰਪੁਰ ਅਤੇ ਸੂਰਾਨੱਸੀ ਰੇਲਵੇ ਸਟੇਸ਼ਨਾਂ 'ਤੇ ਰੁਕੇਗੀ।

## ਇਕ ਲੀਟਰ ਦੁੱਧ ਕਾਰਨ ਦੋ ਕਤਲ ! ਦੋ ਧਿਰਾਂ 'ਚ ਹਿੰਸਕ ਝੜਪ ਦੌਰਾਨ ਜੰਮ ਕੇ ਚੱਲੀਆਂ ਗੋਲੀਆਂ

ਵੈੱਬ ਡੈਸਕ 23 ਜੁਲਾਈ। ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦੇ ਬਰਹਾੜਾ ਥਾਣਾ ਖੇਤਰ 'ਚ ਐਤਵਾਰ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਥੇ ਦੁੱਧ ਖਰੀਦਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਹੋਏ ਝਗੜੇ 'ਚ ਦੋ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਪੁਲਸ ਸੂਤਰਾਂ ਨੇ ਦੱਸਿਆ ਕਿ ਸੇਮਰਾ ਪਿੰਡ ਵਿੱਚ ਦੁੱਧ ਖਰੀਦਣ ਨੂੰ ਲੈ ਕੇ ਦੋ ਧਿਰਾਂ ਵਿਚਕਾਰ ਝਗੜਾ ਹੋ ਗਿਆ। ਕੁਝ ਹੀ ਦੇਰ 'ਚ ਝਗੜੇ ਨੇ ਹਿੰਸਕ ਰੂਪ ਲੈ ਲਿਆ। ਇਸ ਦੌਰਾਨ ਇੱਕ ਪਾਸੇ ਦੇ ਲੋਕਾਂ ਨੇ ਧਰਮਿੰਦਰ ਰਾਏ (25) ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਦੌਰਾਨ, ਦੂਜੇ ਪਾਸੇ ਦੇ ਗੁੱਸੇ 'ਚ ਆਏ ਵਸਨੀਕਾਂ ਨੇ ਬਾਰਕ



ਸਿੰਘ (25) ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਇੱਥੇ, ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ (ਬਿਹਾਰ ਪੁਲਸ) ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਲਾਸ਼ਾਂ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੇ ਮੌਕੇ ਤੋਂ ਇੱਕ ਪਿਸਤੌਲ, 10 ਕਾਰਤੂਸ ਅਤੇ ਇੱਕ ਖੋਲ ਬਰਾਮਦ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇੱਕ ਲੀਟਰ ਦੁੱਧ ਨੂੰ ਲੈ ਕੇ ਹੋਏ ਝਗੜੇ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ।

## ਪੰਜਾਬ ਪੁਲਸ ਦੀ ਕਾਰਵਾਈ, ਕਾਰ 'ਚੋਂ 30 ਨਜਾਇਜ਼ ਸ਼ਰਾਬ ਦੀਆਂ ਪੇਟੀਆਂ ਸਮੇਤ ਦੋ ਗ੍ਰਿਫ਼ਤਾਰ

ਕਲਾਨੌਰ 23 ਜੁਲਾਈ। ਜਿੱਥੇ ਪੰਜਾਬ ਅੰਦਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਗਿਣਤੀ ਵਿਚ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਉੱਥੇ ਹੀ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਅਧੀਨ ਆਉਂਦੇ ਕਲਾਨੌਰ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਇਕ ਕਾਰ ਸਵਾਰ ਦੋ ਨੌਜਵਾਨਾਂ ਨੂੰ 30 ਪੇਟੀਆਂ ਨਜਾਇਜ਼ ਸ਼ਰਾਬ ਦੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਪੁਲਸ ਦੇ



ਜਾਂਚ ਅਧਿਕਾਰੀ ਸੰਜੀਵ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਤਾਂ ਉਸ ਦੇ ਆਧਾਰ 'ਤੇ ਟੀ ਪੁਆਇੰਟ ਕਲਾਨੌਰ ਨੇੜੇ ਨਾਕਾ ਲਗਾ ਕੇ ਆਉਂਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਇੱਕ ਕਾਰ ਡੇਰਾ ਬਾਬਾ ਨਾਨਕ ਵਾਲੀ ਸਾਈਡ ਤੋਂ ਆਈ ਤਾਂ ਉਸ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ ਜਦ ਉਸ ਦੀ ਤਲਾਸ਼ੀ ਕੀਤੀ ਤਾਂ ਉਸ ਵਿੱਚੋਂ 30 ਪੇਟੀਆਂ (2,70,000ਮਿ ,ਲੀ) ਨਜਾਇਜ ਸ਼ਰਾਬ ਸਮੇਤ ਦੋ ਨੌਜਵਾਨਾਂ ਨੂੰ ਮੌਕੇ 'ਤੇ ਕਾਬੂ ਕੀਤਾ ਗਿਆ ਜਿਸ ਤੋਂ ਬਾਅਦ ਪੁਲਸ ਵੱਲੋਂ ਜਾਂਚ ਪੜਤਾਲ ਕਰਨ ਉਪਰੰਤ ਇਨ੍ਹਾਂ ਨੌਜਵਾਨਾਂ ਖ਼?ਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ। ਪੁਲਸ ਮੁਤਾਬਕ ਮੁਸਜ਼ਮਾਂ ਦੀ ਪਹਿਚਾਣ ਸਾਹਿਬ ਸਿੰਘ ਪੁੱਤਰ ਸੁਲੱਖਣ ਸਿੰਘ, ਅਵਾਨ ਫਤਿਹਗੜ੍ਹ ਚੂੜੀਆਂ ਅਤੇ ਗਗਨਦੀਪ ਵਾਸੀ ਫਤਿਹਗੜ ਚੂੜੀਆਂ ਵਜੋਂ ਦੱਸੀ ਗਈ ਹੈ।

# ਪਿੰਡ ਵਾਲਿਆਂ ਨੇ ਕਰ'ਤਾ ਪੁਲਸ 'ਤੇ ਹਮਲਾ, ਸਬ ਇੰਸਪੈਕਟਰ ਸਣੇ 5 ਜਵਾਨ ਜ਼ਖਮੀ

ਨੈਸ਼ਨਲ ਡੈਸਕ 23 ਜੁਲਾਈ। ਬਿਹਾਰ ਵਿੱਚ ਅਪਰਾਧੀ ਬੇਲਗਾਮ ਹੋ ਗਏ ਹਨ ਅਤੇ ਹੁਣ ਉਹ ਪੁਲਸ ਵਾਲਿਆਂ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਪਿੱਛੇ ਨਹੀਂ ਹਟ ਰਹੇ ਹਨ। ਅਪਰਾਧੀਆਂ ਵਿੱਚ ਪੁਲਸ ਪ੍ਰਸ਼ਾਸਨ ਦਾ ਡਰ ਲਗਭਗ ਖਤਮ ਹੋ ਗਿਆ ਹੈ। ਇਸ ਦਾ ਨਤੀਜਾ ਹੈ ਕਿ ਹਰ ਰੋਜ਼ ਪੁਲਸ ਟੀਮਾਂ 'ਤੇ ਹਮਲੇ ਹੋ ਰਹੇ ਹਨ। ਹੁਣ ਤਾਜ਼ਾ ਮਾਮਲਾ ਭਾਗਲਪੁਰ ਜ਼ਿਲ੍ਹੇ ਤੋਂ ਸਾਹਮਣੇ ਆਇਆ ਹੈ, ਜਿੱਥੇ ਵਿਵਾਦ ਸੁਲਝਾਉਣ ਗਈ ਪੁਲਸ ਟੀਮ 'ਤੇ ਲੋਕਾਂ ਨੇ ਪਥਰਾਅ ਕੀਤਾ। ਇਸ ਘਟਨਾ 'ਚ ਇਕ ਸਬ-ਇੰਸਪੈਕਟਰ ਸਮੇਤ 5 ਪੁਲਸ ਕਰਮਚਾਰੀ ਜ਼ਖਮੀ ਹੋ ਗਏ ਹਨ। ਜਾਣਕਾਰੀ ਮੁਤਾਬਕ ਇਹ ਪੂਰਾ ਮਾਮਲਾ ਅੰਤਿਚੱਕ ਥਾਣਾ ਖੇਤਰ ਦੇ ਪਿੰਡ ਕਸਦੀ ਦਾ ਦੱਸਿਆ ਜਾ ਰਿਹਾ ਹੈ। ਪਿੰਡ ਵਾਸੀਆਂ ਵੱਲੋਂ ਕੀਤੇ ਹਮਲੇ ਵਿੱਚ ਐਸ.ਆਈ. ਧਰਮਨਾਥ ਰਾਏ, ਕਾਂਸਟੇਬਲ ਰਣਜੀਤ ਕੁਮਾਰ, ਰੋਹਿਤ ਰੰਜਨ, ਅਮਿਤ ਕੁਮਾਰ ਅਤੇ ਚੌਕੀਦਾਰ ਪ੍ਰੀਤਮ ਕੁਮਾਰ ਜ਼ਖ਼ਮੀ ਹੋ ਗਏ। ਫਿਲਹਾਲ ਪੂਰਾ ਇਲਾਕਾ ਪੁਲਸ ਛਾਉਣੀ ਵਿੱਚ ਤਬਦੀਲ ਹੋ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪਥਰਾਅ 'ਚ ਪੁਲਸ ਦੀ ਗੱਡੀ ਨੂੰ ਵੀ



ਨੁਕਸਾਨ ਪਹੁੰਚਿਆ ਹੈ। ਗੁੱਸੇ ਵਿੱਚ ਆਏ ਪਿੰਡ ਵਾਸੀ ਇੱਟਾਂ-ਪੱਥਰ ਸੁੱਟਦੇ ਰਹੇ ਅਤੇ ਪੁਲਸ ਵਾਲਿਆਂ ਦਾ ਉਦੋਂ ਤੱਕ ਪਿੱਛਾ ਕਰਦੇ ਰਹੇ ਜਦੋਂ ਤੱਕ ਪੁਲਸ ਪਿੰਡ ਤੋਂ ਬਾਹਰ ਨਹੀਂ ਜਾਂਦੀ। ਹਮਲੇ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਵਾਧੂ ਪੁਲਸ ਬਲ ਭੇਜ ਦਿੱਤਾ ਗਿਆ ਅਤੇ ਸਾਰੇ ਜ਼ਖਮੀ ਪੁਲਸ ਕਰਮਚਾਰੀਆਂ ਨੂੰ ਇਲਾਜ ਲਈ ਕਾਹਲਗਾਓਂ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਬਾਰੇ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸ਼ਾਮ ਕਰੀਬ 7 ਵਜੇ ਪਿੰਡ ਵਿੱਚ ਬੱਚਿਆਂ ਦਾ ਆਪਸ ਵਿੱਚ ਝਗੜਾ ਹੋਇਆ ਸੀ। ਝਗੜਾ ਸੁਲਝਾਉਣ ਦੀ ਬਜਾਏ ਦੋਵੇਂ ਧਿਰਾਂ ਦੇ ਲੋਕ ਆਪਸ ਵਿੱਚ ਭਿੜ ਗਏ। ਘਟਨਾ ਦੀ ਸੂਚਨਾ ਸਥਾਨਕ ਲੋਕਾਂ ਨੇ ਪੁਲਸ ਨੂੰ ਦਿੱਤੀ। ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਦੋਵਾਂ ਧਿਰਾਂ ਵਿਚਾਲੇ ਹੋਏ ਝਗੜੇ ਨੂੰ ਸੁਲਝਾਉਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਕੁਝ ਲੜਕਿਆਂ ਨੇ ਪੁਲਸ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ ਵਿਚ ਦੋਵਾਂ ਪਾਸਿਆਂ ਦੇ ਵੱਡੇ ਲੋਕਾਂ ਨੇ ਪਥਰਾਅ ਵੀ ਸ਼ੁਰੂ ਕਰ ਦਿੱਤਾ। ਇਸ ਹਮਲੇ ਵਿੱਚ ਇੱਕ ਸਬ-ਇੰਸਪੈਕਟਰ ਅਤੇ ਇੱਕ ਚੌਕੀਦਾਰ ਸਮੇਤ ਤਿੰਨ ਕਾਂਸਟੇਬਲ ਜ਼ਖ਼ਮੀ ਹੋ ਗਏ।

## 15 ਲੱਖ ਦੀ ਲੁੱਟ ਕਰਨ ਵਾਲਿਆਂ ਦਾ ਹੋ ਗਿਆ ਪੁਲਸ ਨਾਲ ਮੁਕਾਬਲਾ !

ਫਤਹਿਗੜ੍ਹ ਸਾਹਿਬ 23 ਜੁਲਾਈ। ਮੰਡੀ ਗੋਬਿੰਦਗੜ੍ਹ ਵਿੱਚ ਪੁਲਸ ਅਤੇ ਲੁਟੇਰਿਆਂ ਦਰਮਿਆਨ ਹੋਏ ਐਨਕਾਊਂਟਰ ਵਿੱਚ 2 ਲੁਟੇਰੇ ਪੁਲਸ ਵੱਲੋਂ ਲੱਗੀ ਗੋਲੀ ਵਿੱਚ ਜ਼ਖਮੀ ਹੋ ਗਏ ਹਨ। ਗੋਲੀਬਾਰੀ ਦੌਰਾਨ ਇੱਕ ਪੁਲਸ ਮੁਲਾਜ਼ਮ ਵੀ ਜ਼ਖਮੀ ਹੋਇਆ ਹੈ। ਜਿਨਾਂ ਨੂੰ ਇਲਾਜ ਲਈ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ ਹੈ। ਘਟਨਾ ਸਥਾਨ 'ਤੇ ਜਿਲ੍ਹੇ ਦੇ ਐਸ.ਐਸ.ਪੀ. ਫਤਿਹਗੜ੍ਹ ਸਾਹਿਬ ਸ਼ੁਭਮ ਅਗਰਵਾਲ, ਐਸ.ਪੀ.ਡੀ. ਰਾਕੇਸ਼ ਯਾਦਵ ਅਤੇ ਸੀ.ਆਈ.ਏ. ਸਟਾਫ ਅਤੇ ਮੰਡੀ ਗੋਬਿੰਦਗੜ੍ਹ ਦੀ ਪੁਲਸ ਟੀਮ ਪਹੁੰਚੀ। ਐਸ.ਐਸ.ਪੀ. ਫਤਿਹਗੜ੍ਹ ਸਾਹਿਬ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਬੀਤੇ ਦਿਨੀਂ ਮੰਡੀ ਗੋਬਿੰਦਗੜ੍ਹ ਵਿੱਚ 15 ਲੱਖ ਦੀ ਹੋਈ ਲੁੱਟ ਦੀ ਵਾਰਦਾਤ ਵਿੱਚ ਵੀ ਇਹ ਸ਼ਾਮਿਲ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੁਟੇਰਿਆਂ ਦੀ ਪਛਾਣ ਬਸੰਤ ਅਤੇ ਜੈਦੀਪ ਵਜੋਂ ਹੋਈ ਹੈ ਜੋ ਕਿ ਮੋਗਾ ਦੇ ਨਿਵਾਸੀ ਦੱਸੇ ਜਾ ਰਹੇ ਹਨ। ਐਸ.ਐਸ.ਪੀ. ਨੇ ਦੱਸਿਆ ਕਿ ਹੁਣ ਵੀ ਇਹ ਮੰਡੀ ਗੋਬਿੰਦਗੜ੍ਹ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕਤ ਵਿੱਚ ਸਨ। ਉਨ੍ਹਾਂ ਦੱਸਿਆ ਕਿ ਇਹ ਲੁਟੇਰੇ ਮੋਟਰਸਾਈਕਲ 'ਤੇ ਸਨ ਅਤੇ ਪੁਲਸ ਨੂੰ ਦੇਖ ਕੇ ਇਹ ਭੱਜਣ ਲੱਗੇ ਅਤੇ ਇਨ੍ਹਾਂ ਨੇ ਪੁਲਸ ਤੇ ਫਾਇਰ ਕੀਤੇ ਪਰ ਪੁਲਸ ਵੱਲੋਂ ਜਵਾਬੀ ਫਾਇਰ ਵਿੱਚ ਇਹ ਜ਼ਖਮੀ ਹੋ ਗਏ।

## ਇਨਸਾਨੀਅਤ ਸ਼ਰਮਸਾਰ ! ਮੰਦਬੁੱਧੀ ਔਰਤ ਨੂੰ ਵੀ ਨਹੀਂ ਬਖਸ਼ਿਆ

ਨੈਸ਼ਨਲ ਡੈਸਕ 23 ਜੁਲਾਈ। ਉੱਤਰ ਪ੍ਰਦੇਸ਼ ਦੇ ਦੇਵਰੀਆ ਜ਼ਿਲ੍ਹੇ 'ਚ ਇਕ ਮੰਦਬੁੱਧੀ ਔਰਤ ਨਾਲ ਜਬਰ-ਜ਼ਨਾਹ ਦੀ ਘਟਨਾ ਸਾਹਮਣੇ ਆਈ ਹੈ। ਔਰਤ ਘਰ 'ਚ ਇਕੱਲੀ ਸੀ, ਜਦੋਂਕਿ ਉਸਦਾ ਬੇਟਾ ਖਾਣਾ ਲੈਣ ਬਾਹਰ ਗਿਆ ਸੀ। ਇਸੇ ਦੌਰਾਨ ਪਿੰਡ ਦਾ ਹੀ ਇਕ ਨੌਜਵਾਨ ਘਰ 'ਚ ਵਾੜ ਗਿਆ ਅਤੇ ਉਸਨੇ ਵਾਰਦਾਤ ਨੂੰ ਅੰਜ਼ਾਮ ਦਿੱਤਾ। ਘਟਨਾ ਦੌਰਾਨ ਔਰਤ ਦੀਆਂ ਚੀਕਾਂ ਸੁਣ ਕੇ ਗੁਆਂਢੀ ਨੂੰ ਸ਼ੱਕ ਹੋਇਆ। ਉਸਨੇ ਦਰਵਾਜ਼ੇ ਨੂੰ ਬਾਹਰੋਂ ਬੰਦ ਕਰ ਦਿੱਤਾ ਅਤੇ ਘਟਨਾ ਦੀ ਵੀਡੀਓ ਆਪਣੇ ਕੈਮਰੇ 'ਚ ਰਿਕਾਰਡ ਕਰ ਲਈ। ਗੁਆਂਢੀ ਨੇ ਤੁਰੰਤ ਪੀੜਤਾ ਦੇ ਬੇਠੇ ਨੂੰ ਫੋਨ ਕਰਕੇ ਬੁਲਾਇਆ। ਜਿਵੇਂ ਹੀ ਬੇਟਾ ਘਰ ਪਹੁੰਚਿਆ, ਦੋਸ਼ੀ ਛੱਡ ਤੋਂ ਛਾਲ ਮਾਰ ਕੇ ਦੌੜ ਗਿਆ। ਪੀੜਤਾ ਦੇ ਬੇਟੇ ਨੇ ਸਲੇਮਪੁਰ ਕੋਤਵਾਲੀ 'ਚ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਪੁਲਸ ਹਰਕਤ 'ਚ ਆਈ। ਖੁਦ ਐੱਸ.ਪੀ. ਵਿਕਰਾਂਤ ਵੀਰ ਮੌਕੇ 'ਤੇ ਪਹੁੰਚੇ ਅਤੇ ਜਾਂਚ ਕੀਤੀ। ਫੌਰੈਂਸਿਕ ਟੀਮ ਨੇ ਸਬੂਤ ਇਕੱਠੇ ਕਰ ਲਏ ਹਨ ਅਤੇ ਪੁਲਸ ਨੇ ਦੋਸ਼ੀ ਪਰਵੀਨ ਯਾਦਵ ਦੀ ਫੋਟੋ ਜਾਰੀ ਕਰ ਦਿੱਤੀ ਹੈ। ਐੱਸ.ਪੀ. ਨੇ ਦੱਸਿਆ ਕਿ ਦੋਸ਼ੀ ਨੂੰ ਫੜਨ ਲਈ ਟੀਮਾਂ ਲਗਾ ਦਿੱਤੀਆਂ ਗਈਆਂ ਹਨ ਅਤੇ ਸੂਚਨਾ ਦੇਣ ਵਾਲੇ ਨੂੰ ਇਨਾਮ ਦਿੱਤਾ ਜਾਵੇਗਾ। ਦੋਸ਼ੀ ਅਤੇ ਉਸਦੇ ਪਰਿਵਾਰ ਵਾਲੇ ਫਰਾਰ ਹੋ ਗਏ ਹਨ ਪਰ ਪੁਲਸ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ 'ਚ ਜੁਟੀ ਹੈ।

## ਜਲ ਸੈਨਾ 'ਚ ਭਰਤੀ ਹੋਣ ਦਾ ਸੁਨਹਿਰੀ ਮੌਕਾ, ਮਿਲੇਗੀ ਮੋਟੀ ਤਨਖ਼ਾਹ

ਨਵੀਂ ਦਿੱਲੀ 23 ਜੁਲਾਈ। ਦੇਸ਼ ਸੇਵਾ ਕਰਨ ਦੇ ਇੱਛੁਕ ਉਮੀਦਵਾਰਾਂ ਲਈ ਖੁਸ਼ਖ਼ਬਰੀ ਹੈ। ਦਰਅਸਲ ਭਾਰਤੀ ਜਲ ਸੈਨਾ ਨੇ ਬੋਟ ਕਰੂ ਸਟਾਫ਼ ਕਰਮੀਆਂ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ ਕੀਤੀ ਹੈ। ਅਪਲਾਈ ਕਰਨ ਦੀ ਪ੍ਰਕਿਰਿਆ 13 ਮਾਰਚ ਤੋਂ ਜਲ ਸੈਨਾ ਦੀ ਅਧਿਕਾਰਤ ਵੈੱਬਸਾਈਟ 'ਤੇ ਸ਼ੁਰੂ ਹੋ ਗਈ ਹੈ। ਜਿਸ ਵਿਚ ਇੱਛੁਕ ਉਮੀਦਵਾਰ 4 ਮਈ 2025 ਤੱਕ ਅਪਲਾਈ ਕਰ ਸਕਦੇ ਹਨ। ਖ਼ਾਸ ਗੱਲ ਇਹ ਹੈ ਕਿ ਇਸ ਭਰਤੀ ਲਈ ਕਿਸੇ ਤਰ੍ਹਾਂ ਦੀ ਅਰਜ਼ੀ ਫੀਸ ਨਹੀਂ ਲਈ ਜਾਵੇਗਾ। ਉਮੀਦਵਾਰ ਬਿਲਕੁੱਲ ਮੁਫ਼ਤ ਅਪਲਾਈ ਕਰ ਸਕਦੇ ਹਨ। ਭਾਰਤੀ ਜਲ ਸੈਨਾ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦਾ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ 10ਵੀਂ ਪਾਸ ਹੋਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਤੈਰਨਾ ਵੀ ਆਉਣਾ ਚਾਹੀਦਾ ਹੈ। ਉੱਥੇ ਹੀ ਫਾਇਰਮੈਨ ਲਈ ਪ੍ਰੀ-ਸੀ ਟ?ਰੇਨਿੰਗ ਕੋਰਸ ਦਾ ਸਰਟੀਫ਼?ਕੇਟ ਹੋਣਾ ਵੀ ਜ਼ਰੂਰੀ ਹੈ। ਭਾਰਤੀ ਜਲ ਸੈਨਾ ਦੀ ਇਸ ਭਰਤੀ ਲਈ ਅਪਲਾਈ ਕਰਨ ਲਈ ਉਮੀਦਵਾਰਾਂ ਦੀ ਘੱਟੋ-ਘੱਟ ਉਮਰ 18 ਸਾਲ ਅਤੇ ਵੱਧ ਤੋਂ ਵੱਧ ਉਮਰ 25 ਸਾਲ ਤੈਅ ਕੀਤੀ ਗਈ ਹੈ। ਰਾਖਵੀਆਂ ਸ਼੍ਰੇਣੀਆਂ ਨੂੰ ਉਪਰਲੀ ਉਮਰ ਹੱਦ ਵਿਚ ਛੋਟ ਦਿੱਤੀ ਜਾਂਦੀ ਹੈ। ਚੁਣੇ ਗਏ ਉਮੀਦਵਾਰਾਂ ਨੂੰ 18,000 ਰੁਪਏ ਤੋਂ ਲੈ ਕੇ 81,100 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਉਮੀਦਵਾਰਾਂ ਦੀ ਚੋਣ ਲਿਖਤੀ ਪ੍ਰੀਖਿਆ, ਤੈਰਾਕੀ ਟੈਸਟ, ਦਸਤਾਵੇਜ਼ ਤਸਦੀਕ, ਮੈਡੀਕਲ ਟੈਸਟ ਆਦਿ ਵਰਗੇ ਪੜਾਵਾਂ ਰਾਹੀਂ ਕੀਤੀ ਜਾਵੇਗੀ।

# ਪੰਜਾਬ 'ਚ ਇਕ ਹੋਰ ਵੱਡਾ ਐਨਕਾਊਂਟਰ, ਬਦਮਾਸ਼ਾਂ ਤੇ ਪੁਲਸ ਵਿਚਾਲੇ ਚੱਲੀਆਂ ਤਾੜ-ਤਾੜ ਗੋਲੀਆਂ

ਲੁਧਿਆਣਾ 23 ਜੁਲਾਈ। ਲੁਧਿਆਣਾ ਵਿਖੇ ਪੰਜਾਬ ਪੁਲਸ ਵੱਲੋਂ ਐਨਕਾਊਂਟਰ ਕਰ ਦਿੱਤਾ ਗਿਆ। ਲੁਧਿਆਣਾ ਵਿਖੇ ਦੁੱਗਰੀ ਥਾਣੇ ਅਧੀਨ ਆਉਂਦੇ ਇਲਾਕੇ ਵਿਚ ਬੀਤੀ ਦੇਰ ਰਾਤ ਪੁਲਸ ਨਾਲ ਹੋਈ ਕਰਾਸ ਫਾਇਰਿੰਗ ਵਿੱਚ ਦੋ ਗੈਂਗਸਟਰ ਗੰਭੀਰ ਜ਼ਖ਼ਮੀ ਹੋ ਗਏ। ਗੈਂਗਸਟਰਾਂ ਦਾ ਪਿੱਛਾ ਕਰਦੇ ਹੋਏ ਗੈਂਗਸਟਰਾਂ ਨੇ ਪੁਲਸ ਟੀਮ 'ਤੇ ਗੋਲ?ਬਾਰੀ ਕਰ ਦਿੱਤੀ। ਪੁਲਸ ਨੇ ਵੀ ਆਪਣੇ ਬਚਾਅ ਵਿਚ ਉਨ੍ਹਾਂ 'ਤੇ ਫਾਇਰਿੰਗ ਕੀਤੀ, ਜਿਸ ਕਾਰਨ ਦੋਵੇਂ ਜ਼ਖ਼ਮੀ ਹੋ ਗਏ। ਪੁਲਸ ਨੇ ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ। ਪੁਲਸ ਨੇ ਮੁਲਜ਼ਮਾਂ ਦੀ ਪਛਾਣ ਗਗਨਦੀਪ ਉਰਫ਼ ਗੱਗੂ ਅਤੇ ਮਨਦੀਪ ਕੁਮਾਰ ਵਜੋਂ ਕੀਤੀ ਹੈ। ਪੁਲਸ ਨੇ ਮੌਕੇ ਤੋਂ ਇਕ ਗੈਰ-ਕਾਨੂੰਨੀ ਪਿਸਤੌਲ, ਕਾਰਤੂਸ ਅਤੇ ਇਕ ਬਿਨਾਂ ਨੰਬਰ ਵਾਲੀ ਐਕਟਿਵਾ ਬਰਾਮਦ ਕੀਤੀ ਹੈ। ਏ. ਡੀ. ਸੀ. ਪੀ. ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਆਰਤੀ ਚੌਂਕ ਨੇੜੇ ਇਕ ਸਪਾ ਸੈਂਟਰ ਦੇ ਮੈਨੇਜਰ ਤੋਂ ਚੇਨ ਖੋਹਣ ਦੀ ਘਟਨਾ ਵਾਪਰੀ ਸੀ, ਜਿਸ ਦੀ ਵੀਡੀਓ ਵੀ ਵਾਇਰਲ ਹੋਈ



ਸੀ। ਪੁਲਸ ਨੇ ਇਸ ਸਬੰਧੀ ਮਾਮਲਾ ਵੀ ਦਰਜ ਕੀਤਾ ਸੀ। ਏ. ਸੀ. ਪੀ. ਕ੍ਰਾਈਮ ਰਾਜੇਸ਼ ਸ਼ਰਮਾ ਅਤੇ ਸੀ. ਆਈ.ਏ. 1 ਇੰਸਪੈਕਟਰ ਰਾਜੇਸ਼ ਕੁਮਾਰ ਦੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਅਪਰਾਧ ਕਰਨ ਵਾਲੇ ਦੋਸ਼ੀ ਦੁੱਗਰੀ ਇਲਾਕੇ ਵਿੱਚ ਘੁੰਮ ਰਹੇ ਹਨ। ਸੂਚਨਾ ਦੇ ਆਧਾਰ 'ਤੇ ਕ੍ਰਾਈਮ ਬ੍ਰਾਂਚ ਦੀਆਂ ਟੀਮਾਂ ਮੁਲਜ਼ਮਾਂ ਦੀ ਭਾਲ ਕਰ ਰਹੀਆਂ ਸਨ ਅਤੇ ਇਸ ਦੌਰਾਨ ਦੋਵੇਂ ਮੁਲਜ਼ਮ ਐਕਟਿਵਾ 'ਤੇ ਜਾਂਦੇ ਵੇਖੇ ਗਏ। ਜਦੋਂ ਪੁਲਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਹ ਆਪਣੀ ਐਕਟਿਵਾ 'ਤੇ ਭੱਜ ਗਏ। ਫੁੱਲਾਂਵਾਲ ਚੌਂਕ ਨੇੜੇ ਉਪਰੋਕਤ ਮੁਲਜ਼ਮਾਂ ਨੇ ਪੁਲਸ ਪਾਰਟੀ 'ਤੇ ਦੋ ਗੋਲ?ਆਂ ਚਲਾਈਆਂ, ਜਦਕਿ ਬਚਾਅ ਵਿਚ ਪੁਲਸ ਪਾਰਟੀ ਨੇ ਤਿੰਨ ਗੋਲ?ਆਂ ਚਲਾਈਆਂ। ਜਿਸ ਕਾਰਨ ਦੋਵੇਂ ਦੋਸ਼ੀ ਜ਼ਖ਼ਮੀ ਹੋ ਗਏ। ਮੁਲਜ਼ਮਾਂ ਵਿਰੁੱਧ ਪਹਿਲਾਂ ਹੀ ਗੰਭੀਰ ਅਪਰਾਧ ਦੇ ਮਾਮਲੇ ਦਰਜ ਹਨ। ਪੁਲਸ ਵੱਲੋਂ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।

## ਸਰਕਾਰੀ ਹਸਪਤਾਲਾਂ 'ਚ ਨਾਰਮਲ ਸਲਾਈਨ ਗਲੂਕੋਸ 'ਤੇ ਪਾਬੰਦੀ

ਅੰਮ੍ਰਿਤਸਰ 23 ਜੁਲਾਈ। ਸਿਹਤ ਵਿਭਾਗ ਨੇ ਸਰਕਾਰੀ ਹਸਪਤਾਲਾਂ ਵਿਚ ਸਪਲਾਈ ਕੀਤੇ ਜਾਣ ਵਾਲੇ ਨਾਰਮਲ ਸਲਾਈਨ ਗਲੂਕੋਸ 'ਤੇ ਅਗਲੇ ਹੁਕਮਾਂ ਤੱਕ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਸਰਕਾਰੀ ਹਸਪਤਾਲਾਂ ਵਿਚ ਤਕਰੀਬਨ 40 ਹਜ਼ਾਰ ਤੋਂ ਵੱਧ ਨਾਰਮਲ ਸਲਾਈਨ ਗਲੂਕੋਸ ਨੂੰ ਸੀਲ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਗੁਰੂ ਨਾਨਕ ਦੇਵ ਹਸਪਤਾਲ ਅਤੇ ਪੰਜਾਬ ਦੇ ਹੋਰਨਾਂ ਜ਼ਿਲ੍ਹਿਆਂ ਵਿਚ ਗਲੂਕੋਸ ਦੇ ਰਿਐਕਸ਼ਨ ਦੇ ਮਾਮਲੇ ਸਾਹਮਣੇ ਆਏ ਸਨ। ਜਾਣਕਾਰੀ ਅਨੁਸਾਰ ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਚੜ੍ਹਾਏ ਜਾਣ ਵਾਲੇ ਗੁਲੂਕੋਸ ਦੀ ਡਰੱਗ ਹਾਊਸ ਵੇਰਕਾ ਵਿਖੇ ਸਰਕਾਰੀ ਪੱਧਰ 'ਤੇ ਸਪਲਾਈ ਕੀਤੀ ਗਈ ਸੀ। ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਵਿਚ ਬੀਤੇ ਦਿਨ ਗਲੂਕੋਸ ਰਿਐਕਸ਼ਨ ਕਰਨ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਹਸਪਤਾਲ ਵਿਚ ਪਏ ਸਟਾਕ ਨੂੰ ਸੀਲ ਕਰ ਦਿੱਤਾ ਗਿਆ ਸੀ ਅਤੇ ਉੱਚ ਪੱਧਰੀ ਟੀਮਾਂ ਵੱਲੋਂ ਇਸ ਮਾਮਲੇ ਦੀ ਜਾਂਚ ਕਰਦਿਆਂ ਸੈਂਪਲ ਵੀ ਲਏ ਗਏ ਸਨ। ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ ਨੇ ਕਿਹਾ ਕਿ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਵਿਚ ਤਕਰੀਬਨ 40 ਹਜ਼ਾਰ ਦੇ ਕਰੀਬ ਨਾਰਮਲ ਸਲਾਈਨ ਦੇ ਗਲੂਕੋਸ ਦੀ ਬੋਤਲ ਨੂੰ ਫਿਲਹਾਲ ਸੀਲ ਕੀਤਾ ਗਿਆ ਹੈ।

# ਕਤਲ ਮਾਮਲੇ 'ਚ ਫ਼ਰਾਰ ਤਿੰਨੇ ਮੁਲਜ਼ਮ ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ

ਜ਼ੀਰਕਪੁਰ 23 ਜੁਲਾਈ। ਬਾਦਲ ਕਾਲੋਨੀ ਦੀ 23 ਸਾਲਾ ਕੁੜੀ ਨੂੰ ਅਗਵਾ ਕਰ ਕੇ ਕਤਲ ਕਰਨ ਦੇ ਮਾਮਲੇ 'ਚ ਫ਼ਰਾਰ ਤਿੰਨੇ ਮੁਲਜ਼ਮਾਂ ਨੂੰ ਪੁਲਸ ਨੇ ਨੂੰ ਬਿਹਾਰ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮਾਂ ਦੀ ਪਛਾਣ ਸੁਲਤਾਨ ਮੁਹੰਮਦ ਵਾਸੀ ਬਨੂੰੜ, ਰਾਜ ਕੁਮਾਰ ਵਾਸੀ ਬਨੂੰੜ ਤੇ ਅਮਨਦੀਪ ਵਾਸੀ ਬਨੂੰੜ ਵਜੋਂ ਹੋਈ ਹੈ। ਇਸ ਤੋਂ ਪਹਿਲਾਂ ਰੋਹਿਤ ਕੁਮਾਰ ਨੂੰ ਕਾਬੂ ਕਰ ਲਿਆ ਗਿਆ ਸੀ। ਦੂਜੇ ਪਾਸੇ ਪਰਿਵਾਰ ਨੇ ਮਿਤਾਲੀ ਦਾ ਅੰਤਿਮ ਸਸਕਾਰ ਸ਼ਨੀਵਾਰ ਨੂੰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਸ਼ਮਸ਼ਾਨਘਾਟ ਤੱਕ ਗੁਲਾਬ ਦੇ ਫੁੱਲ ਫੜ ਗ਼ਮਗੀਨ ਮਾਹੌਲ 'ਚ ਰੋਸ ਮਾਰਚ ਕੱਢਿਆ। ਮਿਤਾਲੀ ਦੀ ਡੇਰਾਬੱਸੀ ਹਸਪਤਾਲ ਦੀ ਮੋਰਚਰੀ ਤੋਂ ਲਾਸ਼ ਆਉਂਦੇ ਹੀ ਚੀਕ-ਪੁਕਾਰ ਮੱਚ ਗਈ। ਸਸਕਾਰ ਮੌਕੇ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੀ ਮਿਤਾਲੀ ਨੂੰ ਸ਼ਰਧਾਂਜਲੀ ਦੇਣ ਪਹੁੰਚੇ। ਉਨ੍ਹਾਂ ਕਿਹਾ ਕਿ ਮਾਮਲੇ 'ਚ ਜੋ ਵੀ ਦੋਸ਼ੀ ਪਾਇਆ ਗਿਆ, ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਭਾਵੇਂ ਇਸ 'ਚ ਕੋਈ ਪੁਲਸ ਦੀ ਕੋਤਾਹੀ ਹੀ ਹੋਵੇ। ਉਨ੍ਹਾਂ ਦਾ ਨਿੱਜੀ ਤੌਰ 'ਤੇ ਮੰਨਣਾ ਹੈ ਕਿ ਕਾਤਲਾਂ ਨੂੰ ਸਜ਼ਾ-ਏ-ਮੌਤ ਹੋਣੀ ਚਾਹੀਦੀ ਹੈ। ਬੇਟੀ ਦੀ ਸ਼ਹਾਦਤ ਨੂੰ ਜਾਇਆ ਨਹੀਂ ਜਾਣ ਦਿੱਤਾ ਜਾਵੇਗਾ ਤੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦੇ ਕੇ ਮਿਸਾਲ ਕਾਇਮ ਕੀਤੀ ਜਾਵੇਗੀ। ਦੂਜੇ ਪਾਸੇ ਮਿਤਾਲੀ ਦੇ ਪਰਿਵਾਰਕ ਮੈਂਬਰਾਂ ਨੇ ਮੁਲਜ਼ਮਾਂ ਲਈ ਫਾਂਸੀ ਦੀ ਮੰਗ ਕੀਤੀ। ਪਰਿਵਾਰ ਮੁਤਾਬਕ ਬੇਰਹਿਮ ਅਪਰਾਧੀਆਂ ਨੇ ਉਨ੍ਹਾਂ ਦੀ ਧੀ ਦੀ ਜ਼ਿੰਦਗੀ ਨੂੰ ਖ਼ਤਮ ਕਰ ਦਿੱਤਾ।

## ਜ਼ਮੀਨ ਦੀਆਂ ਜਾਅਲੀ ਰਜਿਸਟਰੀਆਂ ਕਰਵਾਉਣ ਦੇ ਮਾਮਲੇ 'ਚ 15 ਲੋਕਾਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ

ਫਗਵਾੜਾ 23 ਜੁਲਾਈ। ਥਾਣਾ ਰਾਵਲਪਿੰਡੀ ਪੁਲਸ ਨੇ ਪਿੰਡ ਹਰਬੰਸਪੁਰ ਵਿੱਚ ਰਹਿਣ ਵਾਲੇ ਲੋਕਾਂ ਦੀ ਸ਼ਿਕਾਇਤ 'ਤੇ ਫਰਜ਼ੀ ਦਸਤਾਵੇਜ਼ ਲਗਾ ਕੇ ਜ਼ਮੀਨ ਦੀਆਂ ਜਾਅਲੀ ਰਜਿਸਟਰੀਆਂ ਕਰਵਾਉਣ ਦੇ ਮਾਮਲੇ ਵਿੱਚ ਕਰੀਬ 15 ਲੋਕਾਂ ਖਿਲਾਫ ਧੋਖਾਧੜੀ ਕਰਨ ਦੇ ਦੋਸ਼ ਹੇਠ ਪੁਲਸ ਕੇਸ ਦਰਜ ਕਰਨ ਦੀ ਸੂਚਨਾ ਮਿਲੀ ਹੈ। ਜਾਣਕਾਰੀ ਮੁਤਾਬਕ ਪੁਲਸ ਨੇ ਹਰਜਿੰਦਰ ਸਿੰਘ, ਮੇਵਾ ਸਿੰਘ, ਗੁਰਮੀਤ ਸਿੰਘ, ਲੈਂਬਰ ਸਿੰਘ ਉਰਫ਼ ਉਜਾਗਰ, ਕੁਲਦੀਪ ਸਿੰਘ ਉਰਫ਼ ਲਾਲ ਸਿੰਘ, ਤਰਸੇਮ ਸਿੰਘ, ਮਹਿੰਦਰ ਕੌਰ ਉਰਫ਼ ਜੱਲੋ, ਮਨਜੀਤ ਕੌਰ ਉਰਫ਼ ਰਾਣੀ, ਵਿਜੇ ਸਿੰਘ, ਮਨਜੀਤ ਸਿੰਘ ਉਰਫ਼ ਕਰਤਾਰ ਸਿੰਘ, ਗੁਰਪ੍ਰੀਤ ਸਿੰਘ, ਲਖਬੀਰ ਸਿੰਘ ਉਰਫ਼ ਲੱਖਾ ਲੱਭੂ, ਗੁਰਦੇਵ ਕੌਰ ਉਰਫ਼ ਦੇਬੋ ਮੋਹਨੀ, ਮਨਦੀਪ ਸਿੰਘ ਡੀਸੀ ਪੁੱਤਰ ਨਛੱਤਰ ਸਿੰਘ ਅਤੇ ਮਨਦੀਪ ਸਿੰਘ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਖ਼ਬਰ ਲਿਖੇ ਜਾਣ ਤੱਕ ਸਾਰੇ ਮੁਲਜ਼ਮ ਪੁਲਸ ਗ੍ਰਿਫਤਾਰੀ ਤੋਂ ਬਾਹਰ ਚੱਲ ਰਹੇ ਸਨ।

## ਥਾਣਾ ਦਾਖਾ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਸਮੇਤ ਨਸ਼ਾ ਤਸਕਰ ਕਾਬੂ

ਮੁੱਲਾਂਪੁਰ ਦਾਖਾ 23 ਜੁਲਾਈ। ਥਾਣਾ ਦਾਖਾ ਦੀ ਪੁਲਸ ਨੇ ਇਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਹਨਾਂ ਕੋਲੋਂ 72 ਨਸ਼ੀਲੀਆਂ ਖੁੱਲ੍ਹੀਆਂ ਗੋਲ?ਆਂ ਬਰਾਮਦ ਕੀਤੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਥਾਣਾ ਮੁਖੀ ਇੰਸਪੈਕਟਰ ਅੰਮ੍ਰਿਤਪਾਲ



ਸਿੰਘ ਦੀ ਅਗਵਾਈ ਵਿਚ ਏ. ਐੱਸ. ਆਈ. ਇੰਦਰਜੀਤ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਕਰ ਰਹੇ ਸੀ ਤਾਂ ਬੱਦੋਵਾਲ ਲਿੰਕ ਰੋਡ 'ਤੇ ਇਕ ਵਿਅਕਤੀ ਨੂੰ ਸ਼ਕੀ ਹਾਲਤ ਵਿੱਚ ਘੁੰਮਦਿਆਂ ਵੇਖਿਆ ਗਿਆ। ਉਨ੍ਹਾਂ ਨੇ ਸ਼ੱਕ ਦੇ ਆਧਾਰ 'ਤੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 72 ਨਸ਼ੀਲੀਆਂ ਗੋਲ?ਆਂ ਬਰਾਮਦ ਹੋਈਆਂ। ਉਸ ਦੀ ਪਛਾਣ ਸਾਹੂ ਦੀਨ ਪੁੱਤਰ ਮੱਖਣ ਦੀਨ ਵਾਸੀ ਪਿੰਡ ਬੱਦੋਵਾਲ ਥਾਣਾ ਦਾਖਾ ਵਜੋਂ ਹੋਈ ਹੈ। ਨਸ਼ਾ ਤਸਕਰ ਨੂੰ ਗ੍ਰ??ਫ਼ਤਾਰ ਕਰਕੇ ਉਸ ਵਿਰੁੱਧ ਨਸ਼ਾ ਵਿਰੋਧੀ ਐਕਟ 22/61/85 ਅਧੀਨ ਕੇਸ ਦਰਜ ਕਰਕੇ ਹੋਰ ਪੁੱਛ ਗਿੱਛ ਜਾਰੀ ਹੈ।

# ਮੋਬਾਈਲ ਵਿੰਗ ਦੀ ਟੈਕਸ ਮਾਫੀਆ 'ਤੇ ਤਿੱਖੀ ਨਜ਼ਰ, 7.86 ਲੱਖ ਵਸੂਲਿਆ ਜੁਰਮਾਨਾ

ਅੰਮ੍ਰਿਤਸਰ 23 ਜੁਲਾਈ। ਜੀ. ਐੱਸ. ਟੀ. ਵਿਭਾਗ ਦੇ ਮੋਬਾਈਲ ਵਿੰਗ (ਐੱਮ. ਵੀ.) ਨੇ ਟੈਕਸ ਚੋਰੀ ਖਿਲਾਫ ਸਖ਼ਤ ਕਾਰਵਾਈ ਕਰਦੇ ਹੋਏ ਬੀਤੇ ਦਿਨ ਇਕ ਅਜਿਹਾ ਵਾਹਨ ਫੜਿਆ ਜੋ ਬੈਟਰੀ ਲੈੱਡ ਮੈਟਲ ਨਾਲ ਲੱਦਿਆ ਹੋਇਆ ਸੀ। ਜਦੋਂ ਮੋਬਾਈਲ ਟੀਮ ਨੂੰ ਵਾਹਨ 'ਤੇ ਸ਼ੱਕ ਹੋਇਆ ਤਾਂ ਉਨ੍ਹਾਂ ਨੇ ਉਸ ਟਰੱਕ ਨੂੰ ਰੋਕ ਲਿਆ, ਜਿਵੇਂ ਹੀ ਉਸ ਨੇ ਵਾਹਨ ਚਾਲਕ ਨੂੰ ਪੁੱਛਿਆ ਕਿ ਇਸ ਟਰੱਕ ਵਿਚ ਕੀ ਲੱਦਿਆ ਹੋਇਆ ਹੈ? ਫਿਰ ਟਰੱਕ ਚਾਲਕ ਨੇ ਤੁਰੰਤ ਕਿਹਾ, ਸਰ, ਇਹ ਟਰੱਕ ਖਾਲੀ ਹੈ ਅਤੇ ਇਸ ਵਿਚ ਕੁਝ ਵੀ ਨਹੀਂ ਹੈ, ਜੇਕਰ ਤੁਸੀਂ ਚਾਹੋ ਤਾਂ ਇਸ ਨੂੰ ਚੈੱਕ ਕਰ ਸਕਦੇ ਹੋ। ਡਰਾਈਵਰ ਦਾ ਚਿਹਰਾ ਦੇਖ ਕੇ ਮੋਬਾਈਲ ਵਿੰਗ ਟੀਮ ਦੇ ਇੰਚਾਰਜ ਪੰਡਿਤ ਰਮਨ ਨੂੰ ਸ਼ੱਕ ਹੋਇਆ ਕਿ ਉਹ ਕੁਝ ਲੁਕਾ ਰਿਹਾ ਹੈ, ਜਦੋਂ ਐੱਮ. ਵੀ. ਅਫਸਰ ਨੇ ਜਦੋਂ ਜਵਾਨਾਂ ਨੂੰ ਟਰੱਕ ਦੇ ਪਿਛਲੇ ਹਿੱਸੇ ਦੀ ਜਾਂਚ ਕਰਨ ਲਈ ਕਿਹਾ ਤਾਂ ਹਰ ਕੋਈ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਇਸ ਵਿਚ ਲੈੱਡ ਦੀਆਂ ਸਿੱਲਿਆਂ ਲੱਦੀਆਂ ਹੋਈਆਂ ਸਨ। ਚੋਰੀ ਫੜੀ ਦੇਖ ਕੇ ਵਾਹਨ ਚਾਲਕ ਦੇ ਰੰਗ ਉੱਡਦੇ ਗਏ। ਇਸ ਦੌਰਾਨ ਪੈਂਤਰਾ ਬਦਲਦੇ ਹੋਏ ਵਾਹਨ ਚਾਲਕ ਨੇ ਦੱਸਿਆ ਕਿ ਲੱਦੇ ਹੋਏ ਮਾਲ ਦੀ 'ਈ-ਵੇਅ ਬਿਲਿੰਗ' ਹੋ ਚੁੱਕੀ ਸੀ ਪਰ ਮੋਬਾਇਲ ਟੀਮ ਦੀ ਮੁਸਤੈਦੀ ਨੇ ਪੂਰੀ ਦੀ ਪੂਰੀ ਪੋਲ ਖੋਲ੍ਹ ਦਿੱਤੀ ਅਤੇ ਫੜੇ ਹੋਏ ਸਾਮਾਨ 'ਤੇ ਜੁਰਮਾਨਾ ਵਸੂਲ ਕੀਤਾ ਗਿਆ। ਜਾਣਕਾਰੀ ਅਨੁਸਾਰ ਅੰਮ੍ਰਿਤਸਰ ਰੇਂਜ ਦੇ ਮੋਬਾਈਲ ਵਿੰਗ ਦੇ ਸਹਾਇਕ ਕਮਿਸ਼ਨਰ (ਏ. ਈ. ਟੀ. ਸੀ.) ਮਹੇਸ਼ ਗੁਪਤਾ ਨੂੰ ਸੂਚਨਾ ਮਿਲੀ ਸੀ ਕਿ ਪੰਜਾਬ ਤੋਂ ਬੈਟਰੀ ਲੈੱਡ ਮੈਟਲ ਲੈ ਕੇ ਜਾਣ ਵਾਲਾ ਇਕ ਟਰੱਕ ਬੱਦੀ ਇੰਡਸਟਰੀਅਲ ਏਰੀਆ, ਹਿਮਾਚਲ ਜਾ ਰਿਹਾ ਹੈ। ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਏ. ਈ. ਟੀ. ਸੀ. ਅੰਮ੍ਰਿਤਸਰ ਦੇ



ਤੇਜ਼ ਤਰਾਰ ਈ. ਟੀ. ਓ. ਪੰਡਿਤ ਰਮਨ ਕੁਮਾਰ ਸ਼ਰਮਾ ਦੀ ਅਗਵਾਈ ਹੇਠ ਇੱਕ ਟੀਮ ਬਣਾਈ ਗਈ ਅਤੇ ਕਾਰਵਾਈ ਲਈ ਭੇਜੀ ਗਈ। ਯੋਜਨਾ ਅਨੁਸਾਰ ਜਦੋਂ ਐੱਮ. ਵੀ ਟੀਮਾਂ ਨਿਰਧਾਰਤ ਸਥਾਨ 'ਤੇ ਪਹੁੰਚੀਆਂ ਤਾਂ ਟਰੱਕ ਨੂੰ ਫਗਵਾੜਾ-ਚੰਡੀਗੜ੍ਹ ਰੋਡ 'ਤੇ ਸ਼ੱਕੀ ਹਾਲਤ ਵਿੱਚ ਘੇਰਿਆ ਗਿਆ। ਦਰਅਸਲ ਇਹ ਸਾਮਾਨ ਟਰੱਕ ਦੇ ਪਿਛਲੇ ਹਿੱਸੇ ਵਿੱਚ ਲੱਦਿਆ ਹੋਇਆ ਸੀ, ਕਿਉਂਕਿ ਇਹ ਸਮੱਗਰੀ ਕੀਮਤੀ ਅਤੇ ਬਹੁਤ ਭਾਰੀ ਹੁੰਦੀ ਹੈ, ਇਸ ਲਈ ਟਰੱਕ ਦੇ ਪਿਛਲੇ ਡਾਲੇ ਦੇ ਹੇਠਲੇ ਹਿੱਸੇ ਵਿਚ ਹੀ ਲੁਕਾਇਆ ਜਾਂਦਾ ਹੈ। ਵਾਹਨ ਚਾਲਕ ਵੱਲੋਂ ਵਿਭਾਗ ਨੂੰ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਮਾਲ ਦੀ ਈ-ਵੇ ਬਿਲਿੰਗ ਤਾਂ ਪਹਿਲਾਂ ਹੀ ਕਰ ਦਿੱਤੀ ਗਈ ਹੈ, ਤਾਂ ਚੈਕਿੰਗ ਕੀਤੀ ਗਈ ਤਾਂ ਜਾਰੀ ਕੀਤਾ ਗਿਆ ਉਕਤ ਬਿੱਲ ਵੀ ਫਰਜ਼ੀ ਨਿਕਲਿਆ। ਐੱਮ. ਵੀ. ਟੀਮਾਂ ਵਲੋਂ ਮੁਲਾਂਕਣ ਤੋਂ ਬਾਅਦ ਸਖਤ ਕਾਰਵਾਈ ਕਰਦੇ ਹੋਏ ਕਾਨੂੰਨ ਅਨੁਸਾਰ 7.86 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ। ਪੰਡਿਤ ਰਮਨ ਨੇ ਟਰੱਕ ਦੇ ਟਾਇਰਾਂ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਸੀ, ਜਦੋਂ ਐੱਮ. ਵੀ. ਟੀਮ ਨੇ ਟਰੱਕ ਦਾ ਪਿੱਛਾ ਕੀਤਾ ਤਾ ਰੋਕਣ 'ਤੇ ਅਫਸਰ ਪੰਡਿਤ ਰਮਨ ਟਰੱਕ ਡਰਾਈਵਰ ਦੇ ਚਿਹਰੇ ਤੋਂ ਕੁਝ ਅੰਦਾਜ਼ਾ ਲਗਾਉਣ ਲੱਗ ਪਿਆ। ਇਸ ਦੇ ਨਾਲ , ਜਿਵੇਂ ਹੀ ਉਸ ਨੇ ਟਰੱਕ ਦੇ ਪਹੀਏ ਵੇਖੇ, ਉਸ ਨੂੰ ਸ਼ੱਕ ਹੋ ਗਿਆ, ਕਿਉਂਕਿ ਇਕ ਪਾਸੇ ਟਰੱਕ ਪਿਛਲੇ ਪਾਸੇ ਤੋਂ ਖਾਲੀ ਦਿਖਾਈ ਦੇ ਰਿਹਾ ਸੀ ਪਰ ਟਰੱਕ ਦੇ ਦੱਬੇ ਹੋਏ ਪਹੀਏ ਦੱਸ ਰਹੇ ਸਨ ਕਿ ਇਹ ਭਾਰੀ ਸਾਮਾਨ ਨਾਲ ਲੱਦਿਆ ਹੋਇਆ ਸੀ। ਦੂਜੇ ਪਾਸੇ ਖਾਲੀ ਦੱਸੇ ਗਏ ਟਰੱਕ ਦੇ ਅੱਧੇ ਤੋਂ ਅੱਧ ਪਿਛਲੇ ਟਾਇਰ ਦੱਬੇ ਨਜ਼ਰ ਆ ਰਹੇ ਸਨ। ਅਗਲੇ ਅਤੇ ਪਿਛਲੇ ਟਾਇਰਾਂ ਦੇ ਦਬਾਅ ਨੂੰ ਦੇਖ ਕੇ ਪੋਲ ਖੁੱਲ੍ਹ ਗਈ ਅਤੇ ਮਾਲ ਜ਼ਬਤ ਕੀਤਾ ਗਿਆ, ਜਿਸ ਨੂੰ ਬਾਅਦ ਜੁਰਮਾਨਾ ਲਗਾਇਆ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਡੈਮੋਕਰੇਟਿਕ ਹਿਊਮਨ ਪਾਵਰ ਆਰਗਨਾਈਜੇਸ਼ਨ ਵੱਲੋਂ ਰੁੱਖ ਲਗਾਓ ਵਾਤਾਵਰਨ, ਬਚਾਓ ਮੁਹਿੰਮ ਦਾ ਆਗਾਜ਼

ਕੌਮੀ ਪੱਤ੍ਰਿਕਾ

ਲੌਂਗੋਵਾਲ,23 ਜੁਲਾਈ: ਪੰਜਾਬ ਦੀ ਨਾਮਵਰ ਸੰਸਥਾ ਡੈਮੋਕਰੇਟਿਕ ਹਿਊਮਨ ਪਾਵਰ ਆਰਗਨਾਈਜੇਸ਼ਨ ਵੱਲੋਂ ਜਿੱਥੇ ਅਨੇਕਾਂ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਨੇ ਉੱਥੇ ਹੀ ਉਹਨਾਂ ਵੱਲੋਂ ਕਰੋਨਾ ਕਾਲ ਤੋਂ ਹੀ ਰੁੱਖ ਲਗਾਓ ਵਾਤਾਵਰਨ ਬਚਾਓ ਮੁਹਿੰਮ ਦਾ ਆਯੋਜਨ ਹਰ ਸਾਲ ਕੀਤਾ ਜਾਂਦਾ ਹੈ ਇਸੇ ਲੜੀ ਨੂੰ ਅੱਗੇ ਤੋਰਦਿਆਂ ਅੱਜ ਡੈਮੋਕਰੇਟਿਕ ਹਿਊਮਨ ਪਾਵਰ ਆਰਗਨਾਈਜੇਸ਼ਨ ਦੀ ਪੂਰੀ ਟੀਮ ਵੱਲੋਂ ਪੰਜਾਬ ਪ੍ਰਧਾਨ ਕੁਲਦੀਪ ਸ਼ਰਮਾ ਦੀ ਅਗਵਾਈ ਹੇਠ ਸੰਗਰੂਰ ਸ਼ਹਿਰ ਅਤੇ ਨਾਲ ਲੱਗਦੇ ਪਿੰਡਾਂ ਵਿਖੇ ਵਰਕਰਾਂ ਦੇ ਸਹਿਯੋਗ ਨਾਲ ਵੱਡੀ ਗਿਣਤੀ ਵਿੱਚ ਬੂਟੇ ਲਗਾ ਕੇ ਵਾਤਾਵਰਨ ਬਚਾਓ ਮੁਹਿੰਮ ਦਾ ਆਗਾਜ਼ ਕੀਤਾ ਗਿਆ ਤੇ ਇਹ ਮਹਿਮ ਲੰਬਾ ਸਮਾਂ ਚੱਲੇਗੀ ਇਹ ਮੁਹਿਮ ਸੰਗਰੂਰ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਪਿੰਡਾਂ ਸ਼ਹਿਰਾਂ ਵਿੱਚ ਵਿੱਚ ਪਹੁੰਚੇਗੀ ਅਤੇ ਉੱਥੇ ਦੇ ਵਰਕਰਾਂ ਵੱਲੋਂ ਵੱਡੀ ਗਿਣਤੀ ਵਿੱਚ ਬੂਟੇ ਲਗਾਏ ਜਾਣਗੇ । ਇਸ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਸੂਬਾ ਸਕੱਤਰ ਵਿਕਰਾਂਤ ਕੁਮਾਰ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਵੱਲੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮੁਫਤ ਬੂਟੇ ਵੀ ਦਿੱਤੇ ਜਾ ਰਹੇ ਹਨ ਤਾਂ ਕਿ ਉਹ ਆਪਣੇ ਘਰਾਂ ਤੇ ਆਲੇ ਦੁਆਲੇ ਬੂਟੇ ਲਗਾ ਸਕਣ ਅਤੇ ਉਹਨਾਂ ਹੋਰਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪੱਧਰ ਤੇ ਇੱਕ-ਇੱਕ ਬੂਟਾ ਲਗਾਉਣ ਦੀ ਜਿੰਮੇਵਾਰੀ ਜ਼ਰੂਰ ਚੱਕਣ ਤਾਂ ਜੋ ਵਾਤਾਵਰਨ ਹਰਿਆ ਭਰਿਆ ਹੋ ਸਕੇ ਅਤੇ ਬਿਮਾਰੀਆਂ ਤੋਂ ਨਿਜਾਤ ਪਾਇਆ ਜਾ ਸਕੇ ਉੱਥੇ ਹੀ ਸੰਸਥਾ ਦੇ ਕੰਮਾਂਕਾਰਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਸੰਗਰੂਰ ਸ਼ਹਿਰ ਦੇ ਮੌਜੂਦਾ ਐਮਸੀ ਖੇਮ ਚੰਦ ਸ਼ਰਮਾ ਅਤੇ ਉਹਨਾਂ ਦੀ ਟੀਮ ਨੇ ਵੀ ਸੰਸਥਾ ਦੇ ਨਾਲ ਲੱਗ ਕੇ ਬੂਟੇ ਲਗਵਾਏ ਅਤੇ ਸੰਸਥਾ ਦੇ ਕਾਰਜਾਂ ਤੋਂ ਖੁਸ਼ ਹੋ ਕੇ ਉਹਨਾਂ ਨੇ ਮੀਡੀਆ ਨੂੰ ਦੱਸਿਆ ਕਿ ਇਹ ਸੰਸਥਾ ਸਮਾਜ ਸੇਵਾ ਦੇ ਅਨੇਕਾਂ ਹੀ ਕਾਰਜ ਕਰਦੀ ਹੈ ਅਤੇ ਇਹ ਸੰਸਥਾ ਸਮਾਜ ਸੇਵਾ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ ਅੱਜ ਅਸੀਂ ਇਹਨਾਂ ਦਾ ਧੰਨਵਾਦ ਕਰਦੇ ਹਾਂ ਕਿ ਅਸੀਂ ਇਹਨਾਂ ਦਾ ਧੰਨਵਾਦ ਕਰਦੇ ਹਾਂ ਕਿ ਇਨਾ ਵਧੀਆ ਕੰਮ ਅੱਜ ਅਸੀਂ ਵੀ ਰੁੱਖ ਲਗਾਓ ਵਾਤਾਵਰਨ ਬਚਾਓ ਨਹੀਂ ਮੰਦਾ ਹਿੱਸਾ ਬਣ ਸਕੇ ਨਾਲ ਹੀ ਉਹਨਾਂ ਦੇ ਸਾਥੀ ਜੈ ਕੁਮਾਰ ਨੇ ਕਿਹਾ ਕਿ ਸਾਡੇ ਵੱਲੋਂ ਸੰਸਥਾ ਦਾ ਪੂਰਾ ਸਹਿਯੋਗ ਦਿੱਤਾ ਜਾਏਗਾ ਅਤੇ ਸਮੇਂ ਸਮੇਂ ਤੇ ਜੋ ਵੀ ਸਮਾਜ ਸੇਵੀ ਕਾਰਜਾਂ ਵਿੱਚ ਸਾਡੀ ਡਿਊਟੀ ਲਗਾਉਣਗੇ ਅਸੀਂ ਉਸ ਵਿੱਚ ਵੱਧ ਚੜ ਕੇ ਹਿੱਸਾ ਲਵਾਂਗੇ। ਇਸ ਮੌਕੇ ਨਰਿੰਦਰ ਕੁਮਾਰ ਖਜਾਨਚੀ, ਰਜਿੰਦਰ ਸ਼ਰਮਾ ਜ਼ਿਲਾ ਸੈਕਟਰੀ, ਅਜੇ ਕੁਮਾਰ ਕਮੇਟੀ ਮੈਂਬਰ, ਕਾਸਿਮ ਅਲੀ, ਸੋਨੂ ਸਿੰਘ ਅਤੇ ਹੋਰ ਮੈਂਬਰ ਵੀ ਹਾਜ਼ਰ ਸਨ।



## ਅਕੈਡੀਆ ਵਰਲਡ ਸਕੂਲ ਵਿਖੇ ਕਰਵਾਏ ਗਏ ਪੰਜਾਬੀ ਭਾਸ਼ਣ ਮੁਕਾਬਲੇ

ਸੁਨਾਮ ਊਧਮ ਸਿੰਘ ਵਾਲਾ,23 ਜੁਲਾਈ: ਸੁਨਾਮ ਇਲਾਕੇ ਦੀ ਮਾਣ ਮੱਤੀ ਵਿੱਦਿਅਕ ਸੰਸਥਾ ਅਕੈਡੀਆ ਵਰਲਡ ਸਕੂਲ ਵਿਖੇ ਜਮਾਤ ਤੀਜੀ ਦੇ ਕਰਵਾਏ ਗਏ ' ਪੰਜਾਬੀ ਭਾਸ਼ਣ ਮੁਕਾਬਲੇ'। ਇਹ ਮੁਕਾਬਲਾ ਦੋ ਗਰੁੱਪਾਂ (ਲਾਇਲੈਕ,ਐਸਟਰ) ਵਿਚਕਾਰ ਕਰਵਾਇਆ ਗਿਆ। ਇਸ ਮੁਕਾਬਲੇ ਦੀ ਤਿਆਰੀ ਪੰਜਾਬੀ ਅਧਿਆਪਕਾ ਮਿਸ ਬਲਦੀਪ ਕੌਰ ਵੱਲੋਂ ਕਰਵਾਈ ਗਈ। ਇਹ ਮੁਕਾਬਲਾ ਦੋ ਰਾਊਂਡ ਵਿੱਚ ਕਰਵਾਇਆ ਗਿਆ । ਜਿਸ ਵਿੱਚੋਂ 12 ਵਿਦਿਆਰਥੀਆਂ ਸਰਗੁਣ ਕੌਰ, ਅਰਜ ਕੌਰ ,ਅਰਸ਼ਵੀਰ ਕੌਰ, ਸਵੀਤਾਜ ਕੌਰ, ਗੁਨਾਕਸ਼ ਗਰਗ, ਅਗਮਵੀਰ ਸਿੰਘ , ਹਰਸਿਫ਼ਤ ਕੌਰ ,ਨਿਮਰਤ ਕੌਰ ,ਮਨਕੀਰਤ ਕੌਰ ,ਰੂਹਾਨੀਕਾ, ਨਾਯਸ਼ਾ ਅਤੇ ਭਵਿਆ ਨੂੰ ਫਾਈਨਲ ਮੁਕਾਬਲੇ ਲਈ ਚੁਣਿਆ ਗਿਆ। ਇਸ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਪੰਜਾਬੀ ਡਿਪਾਰਟਮੈਂਟ ਦੇ ਐੱਚ.ਓ.ਡੀ. ਮਿਸ ਗੁਰਪ੍ਰੀਤ ਕੌਰ ਮੈਮ ਵੱਲੋਂ ਨਿਭਾਈ ਗਈ। ਮੁਕਾਬਲੇ ਦਾ ਮੁਲਾਂਕਣ ਹੇਠ ਲਿਖੇ ਮਾਪਦੰਡਾਂ ਅਨੁਸਾਰ ਕੀਤਾ ਗਿਆ ਸੀ 'ਬੋਲਣ ਦਾ ਹੁਨਰ, ਵਿਸ਼ੇ ਦੀ ਚੋਣ, ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਪੇਸ਼ਕਾਰੀ । ਬੱਚਿਆਂ ਵੱਲੋਂ ਭਾਸ਼ਣ ਦੇ ਵਿਸ਼ੇ ਮੇਰੇ ਮਾਤਾ ਜੀ ਸੁਪਰ ਹੀਰੋ, ਪੰਜਾਬੀ ਸੱਭਿਆਚਾਰ, ਮਿਹਨਤ ਅਤੇ ਉਮੀਦ , ਸਫ਼ਲਤਾ ਆਦਿ ਸਨ। ਵਿਦਿਆਰਥੀਆਂ ਨੇ ਆਪਣੇ ਵਿਚਾਰਾਂ ਨੂੰ ਬਹੁਤ ਸੋਹਣੇ ਢੰਗ ਨਾਲ? ਪੇਸ਼ ਕੀਤਾ। ਉਹਨਾਂ ਨੇ ਪੂਰੇ ਹੌਂਸਲੇ ਅਤੇ ਆਤਮਵਿਸ਼ਵਾਸ ਦੇ ਨਾਲ? ਇਸ ਮੁਕਾਬਲੇ ਵਿੱਚ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰੂਹਾਨੀਕਾ (ਲਾਇਲੈਕ) ਦੂਜੇ ਸਥਾਨ ਤੇ ਸਵੀਤਾਜ ਕੌਰ (ਐਸਟਰ) ਤੀਜੇ ਸਥਾਨ ਤੇ ਹਰਸਿਫ਼ਤ ਕੌਰ (ਲਾਇਲੈਕ), ਅਰਸ਼ਵੀਰ ਕੌਰ (ਐਸਟਰ) ਰਹੇ। ਸਕੂਲ ਦੇ ਪ੍ਰਿੰਸੀਪਲ ਮੈਡਮ ਰਜਨੀਤ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਦਿੱਤੇ ਗਏ ਅਤੇ ਉਹਨਾਂ ਨੇ ਬੱਚਿਆਂ ਨੂੰ ਵਧਾਈ ਦਿੰਦਿਆਂ ਹੋਇਆ ਹੌਂਸਲਾ ਅਫ਼ਜ਼ਾਈ ਕੀਤੀ। ਸਕੂਲ ਦੇ ਚੇਅਰਮੈਨ ਸਰ ਗਗਨਦੀਪ ਸਿੰਘ ਅਨੁਸਾਰ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦਾ ਆਤਮ ਵਿਸ਼ਵਾਸ ਵਧਾਉਂਦੇ ਹਨ ਅਤੇ ਉਹਨਾਂ ਨੂੰ ਇੱਕ ਚੰਗਾ ਪਲੇਟਫਾਰਮ ਦਿੰਦੇ ਹਨ।

## ਅਗਾਮੀ ਖਰੀਫ ਖਰੀਦ ਸੀਜਨ 2025-26 ਲਈ ਅਸੀਂ ਸਾਰੀ ਤਿਆਰੀਆਂ ਕਰ ਲਈਆਂ ਹਨ

ਚੰਡੀਗੜ੍ਹ, 23 ਜੁਲਾਈ: ਸੂਬਾ ਸਰਕਾਰ ਵੱਲੋਂ ਅਗਾਮੀ ਖਰੀਫ ਖਰੀਦ ਸੀਜਨ 2025-26 ਨਾਲ ਸੰਬੰਧਿਤ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਹਰਿਆਣਾ ਦੇ ਖੁਰਾਕ ਅਤੇ ਸਿਵਲ ਸਪਲਾਈ ਰਾਜ ਮੰਤਰੀ ਸ੍ਰੀ ਰਾਜੇਸ਼ ਨਾਗਰ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਖਰੀਫ ਖਰੀਦ ਸੀਜਨ 2025-26 ਫਸਲਾਂ ਜਿਵੇਂ ਕਿ ਝੋਨਾ, ਜਵਾਰ, ਬਾਜਰਾ, ਮੱਕੀ, ਅਰਹਰ, ਮੂੰਗ, ਉੜਦ, ਮੂੰਗਫਲੀ, ਸੋਇਆਬੀਨ, ਤਿੱਲ ਅਤੇ ਨਾਈਜਰ ਸੀਡਸ/ਕਾਲਾ ਤਿੱਲ ਆਦਿ ਦਾ ਘੱਟੋ ਘੱਟ ਸਹਾਇਕ ਮੁੱਲ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਸੂਬਾ ਸਰਕਾਰ ਵੱਲੋਂ ਉਕਤ ਫਸਲਾਂ ਦੀ ਖਰੀਦ ਤਹਿਤ ਰਾਜ ਵਿੱਚ ਝੋਨਾ ਲਈ 246, ਜਵਾਰ ਲਈ 22, ਬਾਜਰਾ ਲਈ 92, ਮੱਕੀ ਲਈ 19, ਅਰਹਰ ਲਈ 22, ਮੂੰਗ ਲਈ 38, ਉੜਦ ਲਈ 10, ਮੂੰਗਫਲੀ ਲਈ 7, ਸੋਇਆਬੀਨ ਲਈ 7, ਤਿੱਲ ਲਈ 27 ਅਤੇ ਨਾਈਜਰ ਸੀਡਸ/ਕਾਲਾ ਤਿੱਲ ਲਈ 2 ਮੰਡੀਆਂ ਜਾਂ ਖਰੀਦ ਕੇਂਦਰ ਖੋਲੇ ਜਾ ਚੁੱਕੇ ਹਨ। ਰਾਜ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਫਸਲਾਂ ਦਾ ਘੱਟੋ ਘੱਟ ਸਹਾਇਕ ਮੁੱਲ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ਜੋ ਕਿ ਇਸ ਤਰ੍ਹਾਂ ਨਾਲ ਹੈ- ਝੋਨਾ (ਕਾਮਨ):2369, ਝੋਨਾ (ਗ੍ਰੇਡ ਏ):2389, ਜਵਾਰ (ਹਾਈਬ੍ਰਿਡ)-3699, ਜਵਾਬ (ਮਾਲਡੰਡੀ)-3749, ਬਾਜਰਾ - 2775, ਮੱਕੀ-2400, ਅਰਹਰ-8000, ਮੂੰਗ-8768, ਉੜਦ-7800, ਮੂੰਗਫਲੀ-7263, ਸੋਇਆਬੀਨ-5328, ਤਿੱਲ 9846 ਅਤੇ ਨਾਈਜਰ ਸੀਡਸ/ਕਾਲਾ ਤਿੱਲ-9537 ਪ੍ਰਤੀ ਕੁਇੰਟਲ ਹੈ।

## ਦਿੱਲੀ ਸਰਕਾਰ ਵਪਾਰੀਆਂ ਦੇ ਹਿੱਤਾਂ ਦਾ ਧਿਆਨ ਰੱਖ ਰਹੀ ਹੈ: ਰੇਖਾ ਗੁਪਤਾ

Contd........Front page

ਇਹ ਬੋਰਡ ਕੋਈ ਸੰਸਥਾ ਨਹੀਂ ਹੈ ਬਲਕਿ ਸਰਕਾਰ ਦਾ ਆਪਣੇ ਵਪਾਰੀਆਂ ਵਿੱਚ ਵਿਸ਼ਵਾਸ ਹੈ। ਮੁੱਖ ਮੰਤਰੀ ਦੇ ਅਨੁਸਾਰ, ਇਹ ਬੋਰਡ ਸਿਰਫ਼ ਨੀਤੀਗਤ ਯੋਜਨਾਵਾਂ ਤੱਕ ਸੀਮਤ ਨਹੀਂ ਹੋਵੇਗਾ, ਸਗੋਂ ਕੁਦਰਤੀ ਆਫ਼ਤ, ਅੱਗ, ਹੜ੍ਹ ਵਰਗੀਆਂ ਐਮਰਜੈਂਸੀ ਸਥਿਤੀਆਂ ਵਿੱਚ ਵਪਾਰੀਆਂ ਨੂੰ ਰਾਹਤ ਅਤੇ ਮੁਆਵਜ਼ਾ ਦੇਣ 'ਤੇ ਵਿਚਾਰ ਕਰੇਗਾ। ਇਸ ਰਾਹੀਂ, ਸਰਕਾਰ ਨੂੰ ਵਪਾਰਕ ਖੇਤਰ ਦੇ ਤਜਰਬੇਕਾਰ ਲੋਕਾਂ ਤੋਂ ਸਮੇਂ ਸਿਰ ਸਲਾਹ ਅਤੇ ਸਹਿਯੋਗ ਮਿਲੇਗਾ, ਤਾਂ ਜੋ ਨੀਤੀਆਂ ਨੂੰ ਵਧੇਰੇ ਵਿਵਹਾਰਕ ਅਤੇ ਲਾਭਦਾਇਕ ਢੰਗ ਨਾਲ ਲਾਗੂ ਕੀਤਾ ਜਾ ਸਕੇ।


### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DIN-DAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



## ਉੱਤਰ ਰੇਲਵੇ

### ਟੈਂਡਰ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਮੁੱਖ ਕਾਰਯਸ਼ਾਲਾ ਪ੍ਰਬੰਧਕ ਦਫਤਰ, ਰੇਲ ਕੋਚ ਨਵੀਨੀਕਰਣ ਕਾਰਖਾਨਾ, ਸੋਨੀਪਤ, ਉੱਤਰ ਰੇਲਵੇ, ਹੇਠਾ ਲਿਖੇ ਕੰਮ ਦੇ ਲਈ ਈ-ਟੈਂਡਰ ਕਰਦੇ ਹਨ ।

| | |
|---|---|
| 1 | ਟੈਂਡਰ ਨੰਬਰ : 6S-Efile-313344Tender |
| 2 | ਕੰਮ ਦਾ ਨਾਮ ਅਤੇ ਕੰਮ ਜਗ੍ਹਾਂ : "ਕੰਮ ਦੇ ਦਾਯਰੇ ਦੇ ਅਨੁਸਾਰ ਐਲਐਚਬੀ ਏਸੀ ਚੇਯਰ ਕਾਰ ਦਾ ਨਵੀਨੀਕਰਣ" |
| 3 | ਅਨੁਮਾਨਿਤ ਲਾਗਤ : ਰੁਪਏ 10,22,89,434.58/- ਜੀਐਸਟੀ @ 18% ਸਹਿਤ |
| 4 | ਬਿਆਨਾ ਰਾਸ਼ੀ : ਰੁ: 6,61,500/- |
| 5 | ਟੈਂਡਰ ਫਾਰਮ ਦਾ ਮੂਲ : ਸਿਫ਼ਰ |
| 6 | ਕੰਮ ਸਮਾਂ : ਅਵੱਧੀ ਕੰਮ ਸ਼ੁਰੂ ਹੋਣ ਤੋਂ ਚੋਵੀਸ ਮਹੀਨੇ |
| 7 | ਟੈਂਡਰ ਪ੍ਰਪੱਤਰ ਜਮਾਂ ਕਰਨ ਦੀ ਅਤੇ ਖੁਲਣ ਦੀ ਮਿਤੀ ਤੇ ਸਮਾਂ : ਮਿਤੀ 14.08.2025, ਖੁਲਣ ਦਾ ਸਮਾਂ 15:00 ਵਜੇ । |
| 8 | ਟੈਂਡਰ ਪ੍ਰਪੱਤਰ ਡਾਊਨਲੋਡ ਕਰਨ ਦੇ ਲਈ ਇੰਟਰਨੇਟ ਸਾਈਟ : ਉਪਰੋਕਤ ਟੈਂਡਰਾ IREPS ਸਾਈਟ ਉਤੇ ਉਪਲਬਧ ਹੈ ਜੋ ਕਿ ਹੈ www.ireps.gov.in |
| 9 | ਜੇਕਰ ਹਿੰਦੀ ਤੇ ਇੰਗਲਿਸ਼ ਦੇ ਨੋਟਿਸ ਵਿਚ ਕੋਈ ਵਿਰੋਧਾਭਾਸ ਹੈ, ਤਾਂ ਇੰਗਲਿਸ਼ ਦਾ ਨੋਟਿਸ ਹੀ ਮਾਨਯ ਹੋਵੇਗਾ । |

ਪੱਤਰ ਨੰ: 6S-Efile-313344Tender ਮਿਤੀ: 23.07.2025 2228/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

ਰੂਸੀ ਕਹਾਣੀ

# ਮਹਿੰਗਾ ਸੌਦਾ



ਲਿਉ ਤਾਲਸਤਾਏ

ਫਰਾਂਸ ਅਤੇ ਇਟਲੀ ਦੀਆਂ ਸਰਹੱਦਾਂ ਨਾਲ ਲਗਦਾ, ਮੱਧ ਸਾਗਰ ਦੇ ਕਿਨਾਰੇ ਨਿੱਕਾ ਜਿਹਾ ਦੇਸ ਮੋਨਾਕੋ ਹੈ। ਆਮ ਜਿਹੇ ਕਿਸੇ ਸ਼ਹਿਰ ਦਾ ਬੰਦਾ ਸ਼ੇਖੀ ਮਾਰ ਸਕਦੈ ਕਿ ਸਾਰੇ ਮੋਨਾਕੋ ਦੇਸ ਦੀ ਇੰਨੀ ਆਬਾਦੀ ਨਹੀਂ ਹੋਣੀ ਜਿੰਨੀ ਸਾਡੇ ਇਕੱਲੇ ਸ਼ਹਿਰ ਦੀ। ਕੇਵਲ ਸੱਤ ਹਜ਼ਾਰ ਨਾਗਰਿਕ, ਤੇ ਰਕਬਾ? ਜੇ ਸਾਰੇ ਦੇਸ ਦੀ ਜ਼ਮੀਨ ਨਾਗਰਿਕਾਂ ਵਿਚ ਵੰਡ ਦਈਏ ਤਾਂ ਇਕ ਬੰਦੇ ਨੂੰ ਇਕ ਏਕੜ ਮਸਾਂ ਆਵੇ, ਪਰ ਇਸ ਨਿੱਕੇ ਜਿਹੇ ਦੇਸ ਦੀ ਆਪਣੀ ਨਿੱਕੀ ਜਿਹੀ ਸਰਕਾਰ ਹੈ, ਨਿੱਕਾ ਜਿਹਾ ਮਹਿਲ, ਦਰਬਾਰੀ, ਵਜ਼ੀਰ, ਪਾਦਰੀ, ਜਰਨੈਲ ਤੇ ਫੌਜ। ਫੌਜ ਦੀ ਗਿਣਤੀ ਕੁੱਲ ਸੱਠ ਸਿਪਾਹੀ! ਪਰ ਤਾਂ ਵੀ ਫੌਜ ਫੌਜ ਹੈ ਤੇ ਜਰਨੈਲ ਜਰਨੈਲ। ਬਾਕੀ ਦੇਸਾਂ ਵਾਂਗ ਲੋਕਾਂ ਤੋਂ ਟੈਕਸ ਉਗਰਾਹੇ ਜਾਂਦੇ-ਤਮਾਕੂ 'ਤੇ ਟੈਕਸ, ਸ਼ਰਾਬ 'ਤੇ ਟੈਕਸ, ਪਰ ਇਹ ਟੈਕਸ ਇੰਨੇ ਥੋੜ੍ਹੇ ਸਨ ਕਿ ਇਨ੍ਹਾਂ ਨਾਲ ਸਟੇਟ ਦਾ ਖਰਚਾ ਨਾ ਨਿਕਲਦਾ। ਬਾਦਸ਼ਾਹ ਦੀ ਆਮਦਨ ਦਾ ਸਾਧਨ ਕੋਈ ਹੋਰ ਨਾ ਹੁੰਦਾ ਤਾਂ ਉਸ ਦੇ ਦਰਬਾਰੀ ਭੁੱਖੇ ਮਰ ਜਾਂਦੇ।

ਸਿਆਣਿਆਂ ਨੇ ਇਸ ਦਾ ਹੱਲ ਖੋਜਿਆ ਕਿ ਜੂਏਖਾਨੇ ਚੱਲਣ ਦਿਉ। ਲੋਕ ਜਿੱਤਣ ਭਾਵੇਂ ਹਾਰਨ, ਆਪਾਂ ਨੂੰ ਕੀ! ਆਪਾਂ ਟੈਕਸ ਰਾਹੀਂ ਵੱਡੀ ਰਕਮ ਵਸੂਲਾਂਗੇ। ਯੂਰਪ ਦੇ ਦੇਸਾਂ ਨੇ ਜੂਏ ਦੇ ਅੱਡੇ ਬੰਦ ਕਰ ਦਿੱਤੇ ਸਨ। ਜਰਮਨੀ ਵਿਚ ਦੇਰ ਤਕ ਜੂਏਬਾਜ਼ੀ ਚੱਲਦੀ ਰਹੀ, ਪਰ ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਇਥੋਂ ਦੇ ਬਾਦਸ਼ਾਹ ਨੂੰ ਵੀ ਬੰਦ ਕਰਨੀ ਪਈ। ਜੂਏਖਾਨੇ ਬੰਦ ਕਰਨ ਦਾ ਕਾਰਨ ਇਹ ਸੀ ਕਿ ਨੁਕਸਾਨ ਬੜਾ ਹੋਣ ਲੱਗ ਪਿਆ ਸੀ। ਬੰਦਾ ਕਿਸਮਤ ਅਜਮਾਉਣ ਆਉਂਦਾ ਤੇ ਹਾਰ ਜਾਂਦਾ, ਫਿਰ ਉਧਾਰ ਲੈ ਕੇ ਖੇਡਦਾ, ਉਹ ਵੀ ਹਾਰ ਜਾਂਦਾ। ਫਿਰ ਇੰਨਾ ਦੁਖੀ ਹੋ ਜਾਂਦਾ ਕਿ ਖੁਦਕੁਸ਼ੀ ਕਰਦਾ। ਘਰਾਂ ਦੇ ਦੀਵੇ ਗੁਲ ਹੁੰਦੇ ਦੇਖ ਕੇ ਜਰਮਨਾਂ ਨੇ ਬਾਦਸ਼ਾਹ ਨੂੰ ਕਹਿ ਦਿੱਤਾ-ਬਸ ਹੋਰ ਨਹੀਂ, ਬੰਦ ਕਰੋ ਅੱਡੇ, ਪਾਪ ਦੀ ਕਮਾਈ ਠੀਕ ਨਹੀਂ।

ਮੋਨਾਕੋ ਦੇ ਰਾਜੇ ਨੂੰ ਕਿਸੇ ਨਹੀਂ ਰੋਕਿਆ। ਯੂਰਪ ਦਾ ਕੋਈ ਬੰਦਾ ਜੂਆ ਖੇਡਣਾ ਚਾਹੁੰਦਾ ਤਾਂ ਮੋਨਾਕੋ ਜਾ ਵੜਦਾ। ਆਏ ਮਹਿਮਾਨ ਜਿੱਤਣ ਹਾਰਨ, ਬਾਦਸ਼ਾਹ ਨੂੰ ਆਮਦਨ ਹੀ ਆਮਦਨ। ਕਦੀ ਕਦਾਈਂ ਆਪਣੇ ਕਿਸੇ ਵਜ਼ੀਰ ਨੂੰ ਬਾਦਸ਼ਾਹ ਕਹਿ ਵੀ ਦਿੰਦਾ, ਬਈ ਆਪ ਸੋਚੋ, ਇਮਾਨਦਾਰ ਬਣੇ ਰਹੀਏ ਤਾਂ ਮਹਿਲਾਂ ਵਿਚ ਕੌਣ ਰਹਿਣ ਦਏ ਆਪਾਂ ਨੂੰ। ਸਾਰੇ ਜਾਣਦੇ ਸਨ, ਜੂਏਬਾਜ਼ੀ ਬੁਰੀ ਲਤ ਹੈ, ਪਰ ਕੀਤਾ ਕੀ ਜਾਵੇ? ਇਉਂ ਤਾਂ ਜੇ ਹਿਸਾਬ ਲਾਈਏ, ਰਾਜਾ ਕਿਹਾ ਕਰਦਾ, ਤਮਾਕੂ ਤੇ ਸ਼ਰਾਬ ਪੀਣੀ ਵੀ ਤਾਂ ਜੂਏਬਾਜ਼ੀ ਜਿੰਨੀ ਹੀ ਮਾੜੀ ਲਤ ਹੈ। ਯੂਰਪ ਇਨ੍ਹਾਂ ਚੀਜ਼ਾਂ ਦੇ ਸੇਵਨ 'ਤੇ ਪਾਬੰਦੀ ਕਿਉਂ ਨਹੀਂ ਲਾਉਂਦਾ? ਕਿਉਂਕਿ ਆਮਦਨ ਦੇ ਸਾਧਨ ਨੇ। ਤਾਂ ਫਿਰ ਜੂਆ ਵੀ ਆਮਦਨ ਦਾ ਸਾਧਨ ਹੈ, ਬੁਰਾ ਹੋਵੇ ਤਾਂ ਹੋਵੇ।

ਰਾਜੇ ਨੇ ਜਿਉਣਾ ਸੀ ਤੇ ਹਕੂਮਤ ਕਰਨੀ ਸੀ। ਇੰਨੀ ਆਮਦਨ ਹੁੰਦੀ ਕਿ ਪੂਰੇ ਠਾਠ ਨਾਲ ਰਹਿੰਦਾ। ਉਹ ਸ਼ਾਨਦਾਰ ਲਿਬਾਸ ਪਹਿਨ ਕੇ ਤਾਜ ਸਜਾਉਂਦਾ, ਸਜ਼ਾਵਾਂ ਦਿੰਦਾ, ਇਨਾਮ ਦਿੰਦਾ, ਮੁਆਫੀਆਂ ਦਿੰਦਾ। ਕਾਨੂੰਨ ਸੀ, ਕਚਹਿਰੀਆਂ ਸਨ, ਜੱਜ ਸਨ, ਸਾਰਾ ਕੁਝ ਹੀ ਸੀ ਜੋ ਸਰਕਾਰਾਂ ਕੋਲ ਹੋਇਆ ਕਰਦੈ। ਬਸ ਇੰਨਾ ਕੁ ਫਰਕ ਸੀ ਕਿ ਇਥੇ ਛੋਟੇ ਪੱਧਰ ਦਾ ਹੁੰਦਾ।

ਕੁਝ ਸਾਲ ਪਹਿਲਾਂ ਸੁਖੀ ਵਸਦੇ ਇਸ ਖਿਡੌਣੇ ਦੇਸ ਵਿਚ ਇਕ ਬੁਰੀ ਘਟਨਾ ਘਟ ਗਈ। ਜੂਆਘਰ ਵਿਚ ਕਤਲ ਹੋ ਗਿਆ। ਅਮਨਮਈ ਸਟੇਟ ਵਿਚ ਅਜਿਹੀ ਘਟਨਾ ਦੁਰਭਾਗ-ਪੂਰਨ ਸੀ। ਕਾਤਲ ਗ੍ਰਿਫਤਾਰ ਕਰ ਲਿਆ। ਜੱਜ ਬੈਠੇ। ਵਕੀਲ ਆ ਜੁੜੇ। ਸਬੂਤ ਪੇਸ਼ ਹੋਏ। ਬਿਆਨ ਹੋਏ, ਬਹਿਸਾਂ ਹੋਈਆਂ। ਸਾਰੇ ਸਹਿਮਤ ਸਨ ਕਿ ਬੁਰਾ ਹੋਇਆ, ਦੋਸ਼ੀ ਨੂੰ ਸਜ਼ਾ ਹੋਵੇ। ਮੌਤ ਦੀ ਸਜ਼ਾ ਸੁਣਾਈ ਗਈ, ਉਸ ਦਾ ਸਿਰ ਕੱਟਿਆ ਜਾਵੇ। ਬਾਦਸ਼ਾਹ ਕੋਲ ਕੇਸ ਗਿਆ, ਸਜ਼ਾ ਦੇਣ ਦੀ ਮਨਜ਼ੂਰੀ ਮਿਲ ਗਈ। ਇਥੇ ਤਕ ਸਭ ਠੀਕ ਰਿਹਾ, ਪਰ ਇਸ ਤੋਂ ਅੱਗੇ ਗੜਬੜ ਹੋ ਗਈ। ਇਸ ਦੇਸ ਵਿਚ ਪਹਿਲਾਂ ਨਾ ਕਦੀ ਕਤਲ ਹੋਇਆ ਸੀ, ਨਾ ਮੌਤ ਦੀ ਸਜ਼ਾ; ਸੋ ਨਾ ਜਲਾਦ ਸੀ, ਨਾ ਸਿਰ ਕੱਟਣ ਵਾਲੀ ਮਸ਼ੀਨ ਗਿਲੋਟੀਨ! ਗ੍ਰਹਿ ਮੰਤਰੀ ਨੇ ਮੀਟਿੰਗ ਬੁਲਾਈ, ਕੀ ਕਰੀਏ? ਅਫਸਰਾਂ ਨੇ ਕਿਹਾ, ਫਰਾਂਸ ਕੋਲ ਗਿਲੋਟੀਨ ਹੈ, ਜਲਾਦ ਵੀ। ਆਪਾਂ ਕਿਰਾਏ 'ਤੇ ਮੰਗਵਾ ਲੈਨੇ ਆਂ। ਵਜ਼ੀਰ ਨੇ ਪ੍ਰਵਾਨਗੀ ਦੇ ਦਿੱਤੀ। ਅਫਸਰਾਂ ਨੇ ਫਰਾਂਸ ਸਰਕਾਰ ਕੋਲ ਮਸ਼ੀਨ ਅਤੇ ਜਲਾਦ ਭੇਜਣ ਦੀ ਦਰਖਾਸਤ ਵਿਚ ਪੁੱਛ ਲਿਆ ਕਿ ਸਾਨੂੰ ਖਰਚਾ ਕਿੰਨਾ ਦੇਣਾ ਪਏਗਾ।

ਫਰਾਂਸ ਸਰਕਾਰ ਦਾ ਜਵਾਬ ਆ ਗਿਆ ਕਿ ਅਸੀਂ ਖੁਸ਼ੀ ਨਾਲ ਮਸ਼ੀਨ ਅਤੇ ਜਲਾਦ ਭੇਜ ਦਿਆਂਗੇ ਪਰ ਸੋਲਾਂ ਹਜ਼ਾਰ ਮੁਹਰਾਂ ਖਰਚ ਆਏਗਾ। ਕੇਸ ਬਾਦਸ਼ਾਹ ਕੋਲ ਗਿਆ, ਕੈਬਨਿਟ ਦੀ ਮੀਟਿੰਗ ਹੋਈ, ਖਰਚੇ 'ਤੇ ਵਿਚਾਰ-ਵਟਾਂਦਰਾ ਹੋਣ ਲੱਗਾ। ਬਾਦਸ਼ਾਹ ਨੂੰ ਇਹ ਕੰਮ ਬੜਾ ਮਹਿੰਗਾ ਲੱਗਾ। ਇਸ ਬਦਮਾਸ਼ ਉਪਰ ਸਰਕਾਰ ਸੋਲਾਂ ਹਜ਼ਾਰ ਖਰਚੇ? ਇਕ ਇਕ ਨਾਗਰਿਕ ਉਪਰ ਸਵਾ ਦੋ ਮੁਹਰਾਂ ਦੇ ਟੈਕਸ ਦਾ ਫਾਲਤੂ ਬੋਝ ਪੈ ਜਾਵੇ! ਲੋਕ ਹੋਰ ਬੜਾ ਕੁਝ ਝੱਲ ਰਹੇ ਨੇ, ਕਹਿਣਗੇ ਇਹ ਨਾਹੱਕ ਭਾਰ ਅਸੀਂ ਨਹੀਂ ਝੱਲਣਾ। ਬਗਾਵਤ ਹੋ ਸਕਦੀ ਹੈ। ਮਸਲਾ ਅਗਲੀ ਮੀਟਿੰਗ ਤੱਕ ਮੁਲਤਵੀ ਕਰ ਦਿੱਤਾ।

ਮੰਤਰੀ ਮੰਡਲ ਦੀ ਅਗਲੀ ਮੀਟਿੰਗ ਵਿਚ ਫਿਰ ਮੁੱਦਾ ਵਿਚਾਰਿਆ ਗਿਆ। ਵਿਦੇਸ ਮੰਤਰੀ ਨੇ ਕਿਹਾ, ਹਜ਼ੂਰ! ਫਰਾਂਸ ਦੀ ਸਰਕਾਰ ਲੋਕਤੰਤਰੀ ਹੈ, ਇਸ ਲਈ ਖਰਚਾ ਜ਼ਿਆਦਾ ਮੰਗਦੀ ਹੈ। ਅਸੀਂ ਇਟਲੀ ਦੀ ਸਰਕਾਰ ਕੋਲ ਬੇਨਤੀ ਕਰ ਦੇਖੀਏ? ਸਾਡੇ ਦੇਸ ਵਾਂਗ ਉਥੇ ਸੁਲਤਾਨ ਦੀ ਹਕੂਮਤ ਹੈ। ਸੁਲਤਾਨ ਆਪਣੇ ਸੁਲਤਾਨ ਭਰਾ ਨਾਲ ਕੁਝ ਰਿਆਇਤ ਕਰੇਗਾ ਈ ਕਰੇਗਾ। ਬਾਦਸ਼ਾਹ ਦੀ ਆਗਿਆ ਨਾਲ ਇਟਲੀ ਦੇ ਸੁਲਤਾਨ ਨੂੰ ਪੱਤਰ ਲਿਖ ਭੇਜਿਆ। ਜਵਾਬ ਆ ਗਿਆ। ਲਿਖਿਆ ਸੀ, ਟੀ.ਏ. ਡੀ.ਏ. ਸਣੇ ਬਾਰਾਂ ਹਜ਼ਾਰ ਮੁਹਰਾਂ ਵਿਚ ਕੰਮ ਹੋ ਜਾਏਗਾ। ਫਿਰ ਮੰਤਰੀ ਮੰਡਲ ਦੀ ਮੀਟਿੰਗ ਹੋਈ। ਬਾਦਸ਼ਾਹ ਫਿਰ ਪਰੇਸ਼ਾਨ। ਇਹ ਹਰਾਮਜ਼ਾਦਾ ਬਾਰਾਂ ਹਜ਼ਾਰ ਦਾ ਕਿਥੇ ਐ? ਹਰ ਨਾਗਰਿਕ 'ਤੇ ਪੌਣੇ ਦੋ ਮੁਹਰਾਂ ਦਾ ਬੋਝ! ਬਾਦਸ਼ਾਹ ਨੇ ਕਿਹਾ, ਅਗਲੇ ਮਹੀਨੇ ਮੀਟਿੰਗ ਕਰਾਂਗੇ। ਤਿਆਰੀ ਕਰ ਕੇ ਆਓ। ਇੰਨਾ ਖਰਚਾ ਕਰਨ ਜੋਗੇ ਨਹੀਂ ਅਸੀਂ।



ਅਦਾਲਤ ਨੇ ਸਜ਼ਾ ਸੁਣਾ ਦਿੱਤੀ ਤਾਂ ਅਸੀਂ ਬੰਦਾ ਮਾਰ ਕੀ ਦੇਣੈ। ਬਾਦਸ਼ਾਹ ਰਹਿਮਦਿਲ ਵੀ ਤਾਂ ਹੋ ਸਕਦੈ। ਤੁਸੀਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿਉ। ਇਸ ਨਾਲ ਖਰਚਾ ਵੀ ਬਚੇਗਾ। ਤੁਹਾਡੀ ਦਰਿਆਦਿਲੀ ਤੇ ਰਹਿਮਦਿਲੀ ਦੀ ਵੀ ਧਾਂਕ ਬੈਠੇਗੀ। ਇਹੀ ਠੀਕ ਰਹੇਗਾ, ਬਾਦਸ਼ਾਹ ਨੇ ਕਿਹਾ, ਪੁੰਨ ਦਾ ਪੁੰਨ, ਫਲੀਆਂ ਦੀਆਂ ਫਲੀਆਂ। ਇਸ ਬਿੱਜੂ 'ਤੇ ਮੈਂ ਧੇਲਾ ਖਰਚਣ ਦੇ ਹੱਕ ਵਿੱਚ ਨਹੀਂ। ਇਥੇ ਮੁਸ਼ਕਿਲ ਇਹ ਆਈ ਕਿ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ, ਪਰ ਦੇਸ ਵਿਚ ਕੈਦ ਕੱਟਣ ਲਈ ਜੇਲ੍ਹ ਕੋਈ ਨਹੀਂ। ਮਹਿਲ ਨੇੜੇ ਨਿਕੀ ਜਿਹੀ ਹਵਾਲਾਤ ਸੀ ਜਿਥੇ ਮੁਲਜ਼ਮਾਂ ਨੂੰ ਥੋੜ੍ਹੀ ਦੇਰ ਲਈ ਬੰਦ ਰੱਖ ਸਕਦੇ। ਇਸ ਨੇ ਸਾਰੀ ਉਮਰ ਇਥੇ ਕੱਟਣੀ ਹੈ। ਕੀ ਕਰੀਏ? ਇਕ ਸੰਤਰੀ ਉਸ ਦੀ ਰਾਖੀ ਵਾਸਤੇ ਤਾਇਨਾਤ ਕਰ ਦਿੱਤਾ ਜਿਹੜਾ ਕੈਦੀ ਦੀ ਰਾਖੀ ਕਰਦਾ ਤੇ ਤਿੰਨ ਵਕਤ ਦਾ ਖਾਣਾ ਦੇ ਜਾਂਦਾ।

ਦਿਨ, ਹਫਤੇ, ਮਹੀਨੇ ਬੀਤੇ; ਸਾਲ ਲੰਘ ਗਿਆ। ਬਾਦਸ਼ਾਹ ਨੇ ਬੀਤੇ ਸਾਲ ਦਾ ਬਜਟ ਦੇਖਿਆ ਤਾਂ ਹੈਰਾਨ ਹੋ ਗਿਆ। ਇਕ ਨਵੀਂ ਮਦ ਇਸ ਕੈਦੀ ਦੇ ਖਰਚੇ ਦੀ ਸੀ। ਸੰਤਰੀ ਦੀ ਤਨਖਾਹ, ਕੈਦੀ ਦੀ ਰੋਟੀ ਪਾਣੀ, ਸਾਬਣ ਤੇਲ ਕੱਪੜੇ! ਇਹ ਤਾਂ ਸਾਲ ਵਿਚ ਛੇ ਸੌ ਮੁਹਰਾਂ ਤੋਂ ਵੀ ਉਪਰ ਖਰਚ ਹੋ ਰਿਹੈ। ਦੇਸ ਦੀ ਕਿਸਮਤ ਮਾੜੀ। ਕੈਦੀ ਹੱਟਾ ਕੱਟਾ ਹੈ!

ਬਾਹਰਲਾ ਕੁੰਡਾ ਬੰਦ ਕਰ ਦਿੱਤਾ ਤੇ ਸੌਂ ਗਿਆ। ਫਿਰ ਤਾਂ ਹਰ ਰੋਜ਼ ਇਹੀ ਹੁੰਦਾ। ਖਾਣ ਦਾ ਸਮਾਂ ਹੁੰਦਾ, ਦਰਵਾਜ਼ਾ ਖੋਲ੍ਹਦਾ, ਰਸੋਈ ਵਿਚੋਂ ਲੋੜੀਂਦਾ ਖਾਣਾ ਖਾਂਦਾ ਤੇ ਫਿਰ ਕਮਰੇ ਵਿਚ ਬੰਦ ਹੋ ਜਾਂਦਾ। ਦੌੜਨ ਵਾਲਾ ਤਾਂ ਕੋਈ ਲੱਛਣ ਵੀ ਨਹੀਂ ਸੀ ਉਸ ਦਾ। ਹੁਣ ਕੀ ਕਰੀਏ? ਇਹ ਤਾਂ ਚੋਖਾ ਹੋ ਗਿਆ।

ਵਜ਼ਾਰਤ ਦੀ ਮੀਟਿੰਗ ਫਿਰ ਸੱਦੀ। ਸਾਰਿਆਂ ਦੀ ਰਾਏ ਸੀ ਕਿ ਇਸ ਨਾਮੁਰਾਦ ਨੂੰ ਕਹੋ, ਹੁਣ ਖਹਿੜਾ ਛੱਡੇ ਤੇ ਦਫਾ ਹੋਵੇ। ਕਾਨੂੰਨ ਮੰਤਰੀ ਨੂੰ ਕਿਹਾ ਗਿਆ ਕਿ ਕੈਦੀ ਨੂੰ ਇਥੇ ਪੇਸ਼ ਕਰੋ। ਕੈਦੀ ਲਿਆਂਦਾ ਗਿਆ। ਵਜ਼ੀਰਾਂ ਨੇ ਪੁੱਛਿਆ, ਤੂੰ ਇਥੇ ਬੈਠਾ ਕਿਉਂ ਰਹਿਨੈਂ? ਭੱਜ ਕਿਉਂ ਨਹੀਂ ਜਾਂਦਾ? ਸੰਤਰੀ ਦੀ ਅਸੀਂ ਛੁੱਟੀ ਕਰ ਦਿੱਤੀ। ਜਿਥੇ ਜੀ ਕਰਦੈ, ਚਲਾ ਜਾਹ। ਬਾਦਸ਼ਾਹ ਸਲਾਮਤ ਬੜੇ ਦਿਆਲੂ ਨੇ। ਉਨ੍ਹਾਂ ਨੇ ਤੈਨੂੰ ਕੁਝ ਨਹੀਂ ਆਖਣਾ।

ਕੈਦੀ ਨੇ ਕਿਹਾ, ਭੱਜ ਜਾਵਾਂ? ਇਹ ਕਹਿਣ ਦਾ ਹੌਸਲਾ ਤੁਹਾਨੂੰ ਕਿਵੇਂ ਹੋ ਗਿਆ? ਮੌਤ ਦੀ ਸਜ਼ਾ ਸੁਣਾ ਕੇ ਤੁਸੀਂ ਤਾਂ ਮੈਨੂੰ ਜਹਾਨ ਵਿਚ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ। ਮੇਰੇ ਨਾਲ ਕੌਣ ਗੱਲ ਕਰੇਗਾ ਸਜ਼ਾਯਾਫਤਾ ਭਗੌੜੇ ਕੈਦੀ ਨਾਲ? ਮੇਰੇ ਨਾਲ ਤੁਸੀਂ ਇੰਨਾ ਦੁਰਵਿਹਾਰ ਕੀਤਾ ਕਿ ਜਿਹੜਾ ਕੰਮ ਮੈਨੂੰ ਆਉਂਦਾ ਸੀ, ਮੈਂ ਉਹ ਵੀ ਭੁੱਲ ਗਿਆ। ਤੁਸੀਂ ਸਹੀ ਬੰਦੇ ਨਹੀਂ ਨਿਕਲੇ। ਪਹਿਲੀ ਗੱਲ ਤਾਂ ਇਹ ਕਿ ਜੇ ਮੈਨੂੰ

ਨਿਕਲਣ ਵਾਲਾ ਹੈ। ਇੰਨੇ ਤੋਂ ਘੱਟ ਉਸ ਕੈਦੀ ਨੇ ਵੀ ਨਹੀਂ ਮੰਨਣਾ। ਹੰਢਿਆ ਹੋਇਐ ਪੂਰਾ।

ਠੀਕ ਹੈ, ਤੇ ਬਾਦਸ਼ਾਹ ਨੇ ਪੈਨਸ਼ਨ ਮਨਜ਼ੂਰ ਕਰ ਦਿੱਤੀ।

ਕੈਦੀ ਨੂੰ ਪੈਨਸ਼ਨ ਦੀ ਖਬਰ ਦੱਸੀ ਤਾਂ ਉਹ ਬੋਲਿਆ, ਠੀਕ ਹੈ, ਠੀਕ ਹੈ, ਪਰ ਇਹ ਨਾ ਹੋਵੇ ਕਿ ਇਕ ਸਾਲ ਪੈਸੇ ਦੇ ਕੇ ਫਿਰ ਭੁੱਲ ਜਾਓ ਤੇ ਬਹਾਨੇਬਾਜ਼ੀ ਕਰੋ। ਨਾਲੇ ਐਡਵਾਂਸ ਚਾਹੀਦੈ। ਦੋ ਸੌ ਮੁਹਰਾਂ ਜੇਬ ਵਿਚ ਪਾ ਕੇ ਕੈਦੀ ਘਰ ਚਲਾ ਗਿਆ। ਘਰ ਕਿਹੜਾ ਦੂਰ ਸੀ? ਰੇਲ ਨੇ ਪੰਦਰਾਂ ਮਿੰਟਾਂ ਵਿਚ ਪੁਚਾ ਦਿੱਤਾ। ਨਾਲ ਵਾਲਾ ਖਾਲੀ ਪਿਆ ਪਲਾਟ ਵਿਕਾਊ ਸੀ, ਖਰੀਦ ਕੇ ਉਥੇ ਸਬਜ਼ੀਆਂ ਉਗਾਈਆਂ। ਉਸ ਦੀ ਆਈ ਚਲਾਈ ਤਾਂ ਸਬਜ਼ੀਆਂ ਵਿਚੋਂ ਹੋਈ ਜਾਂਦੀ, ਪਰ ਪੈਨਸ਼ਨ ਵਾਲੀ ਤਰੀਕ ਕਦੀ ਨਾ ਭੁੱਲਦਾ। ਮਹਿਲ ਵਿਚੋਂ ਪੈਨਸ਼ਨ ਜੇਬ ਵਿਚ ਪਾ ਕੇ ਸਿੱਧਾ ਜੂਏਖਾਨੇ ਜਾਂਦਾ। ਦੋ ਤਿੰਨ ਪੈਗ ਦਾਰੂ ਪੀ ਕੇ ਦੋ ਤਿੰਨ ਮੁਹਰਾਂ ਜੂਏ ਵਿਚ ਲਾ ਦਿੰਦਾ। ਕਦੀ ਜਿੱਤ ਜਾਂਦਾ, ਕਦੀ ਹਾਰ ਜਾਂਦਾ, ਪਰ ਏਦੂੰ ਵੱਧ ਪੈਸੇ ਕਦੀ ਨਹੀਂ ਲਾਏ। ਸੁੱਖੀ-ਸਾਂਦੀ ਉਹ ਹੁਣ ਆਪਣੇ ਘਰ ਰਹਿ ਰਿਹੈ। ਕਦੀ ਕਦੀ ਸੋਚਦੈ, ਚੰਗਾ ਹੋਇਆ, ਮੈਂ ਕਿਸੇ ਅਜਿਹੇ ਦੇਸ ਵਿਚ ਨਹੀਂ ਜੰਮਿਆਂ ਜਿੱਥੋਂ ਦੀ ਸਰਕਾਰ ਫਾਂਸੀ ਦੇਣ ਜਾਂ ਉਮਰ ਕੈਦ ਭੁਗਤਾਣ ਵਾਸਤੇ ਖਰਚੇ ਕਰਦੀ ਭੋਰਾ ਨਹੀਂ ਝਿਜਕਦੀ।

(ਅਨੁਵਾਦ-ਹਰਪਾਲ ਸਿੰਘ ਪੰਨੂ)

# ਫ਼ਸਲਾਂ ਦੀ ਮਹਿਕ ਖਿਲਾਰਦੇ ਨੇ ਪੰਜਾਬੀ ਦੇ ਕਈ ਗੀਤ









ਕਾਲਾ ਸਿੰਘ ਸੈਣੀ,
99882-80386

ਪੰਜਾਬ ਦੀ ਧਰਤੀ ਨੂੰ ਲੋਕ ਗੀਤਾਂ ਦੀ ਧਰਤੀ ਵੀ ਆਖਿਆ ਜਾਂਦਾ ਹੈ। ਪੰਜਾਬ ਦੇ ਲੋਕ ਗੀਤ ਪੰਜਾਬੀ ਸੱਭਿਆਚਰ ਨੂੰ ਦਰਸਾਉਂਦੇ ਹੋਏ ਸਮੂਹ ਸੰਸਾਰ ਦੇ ਵਿਅਕਤੀਆਂ ਲਈ ਪੁਰਾਤਨ ਸਮੇਂ ਤੋਂ ਹੀ ਇੱਕ ਸੀਸ਼ੇ ਦਾ ਰੋਲ ਨਿਭਾਉਂਦੇ ਆ ਰਹੇ ਹਨ। ਲੋਕ ਗਾਇਕੀ ਕਿਸੇ ਵੀ ਖਿੱਤੇ 'ਚ ਵਸਣ ਵਾਲੇ ਲੋਕਾਂ ਦੀ ਰੂਹ ਦੀ ਖ਼ੁਰਾਕ ਹੁੰਦੀ ਹੈ। ਲੋਕ ਗਾਇਕੀ ਉਨ੍ਹਾਂ ਦੇ ਦਿਲਾਂ ਦੀ ਤਰਜਮਾਨੀ ਕਰਦੀ ਹੈ। ਇਹ ਉਨ੍ਹਾਂ ਦੇ ਪਹਿਰਾਵੇ, ਖਾਣ-ਪੀਣ, ਰਹਿਣ-ਸਹਿਣ, ਸੱਭਿਆਚਾਰ ਤੇ ਵਿਰਸੇ ਦੀ ਬਾਤ ਪਾਉਂਦੀ ਅਤੇ ਸੱਭਿਆਚਾਰ ਦੀ ਮਹਿਕ ਨੂੰ ਕਾਇਮ ਰੱਖਦੀ ਹੋਈ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਂਦੀ ਹੈ। ਇਹ ਦਿਲਾਂ 'ਚ ਪੈਦਾ ਹੋਣ ਵਾਲੀ ਧੁਨ ਹੈ, ਜਿਹੜੀ ਗੱਲ ਲੋਕਾਂ ਦੇ ਦਿਲਾਂ ਦੇ ਨੇੜੇ ਹੁੰਦੀ ਹੈ, ਉਹ ਸਹਿਜੇ ਹੀ ਬੁੱਲ੍ਹਾਂ 'ਤੇ ਚੜ੍ਹ ਜਾਂਦੀ ਹੈ। ਲੋਕ ਗਾਇਕੀ ਉਹ ਸਤਰੰਗੀ ਪੀਂਘ ਹੈ, ਜਿਸ 'ਤੇ ਉਸ ਕਬੀਲੇ ਜਾਂ ਦੇਸ਼ ਦੇ ਲੋਕ ਆਨੰਦ ਮਾਣਦੇ ਹੋਏ ਆਪਣੇ ਸੱਭਿਆਚਾਰ 'ਤੇ ਮਾਣ ਕਰਦੇ ਹਨ। ਇਹ ਮਨੁੱਖ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਨਵਾਂ ਰੰਗ ਤੇ ਜੋਸ਼ ਭਰਦੀ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੀ ਉਪਜਾਊ ਮਿੱਟੀ 'ਤੇ ਹਰੇਕ ਫ਼ਸਲ ਦੀ ਪੈਦਾਵਾਰ ਹੁੰਦੀ ਹੈ ਜਿਵੇਂ ਕਿ ਕਣਕ, ਝੋਨਾ, ਮੱਕੀ, ਬਾਜਰਾ, ਸਰ੍ਹੋਂ, ਤੋਰੀਆ, ਛੋਲੇ, ਜੌਂ, ਕਮਾਦ, ਤਾਰਾਮੀਰਾ ਆਦਿ। ਪੰਜਾਬ ਦੇ ਲੋਕ ਗੀਤਾਂ ਨਾਲ ਸਾਡੀਆਂ ਇਨ੍ਹਾਂ ਫ਼ਸਲਾਂ ਦਾ ਗੂੜਾ ਰਿਸ਼ਤਾ ਹੈ। ਪੰਜਾਬ ਦੀਆਂ ਸਿਰਮੌਰ ਕਲਮਾਂ ਦੇ ਧਨੀ ਗੀਤਕਾਰਾਂ ਨੇ ਫ਼ਸਲਾਂ ਨੂੰ ਠੇਠ ਪੰਜਾਬੀ ਮਾਂ-ਬੋਲੀ ਦੇ ਮੋਤੀਆਂ ਵਰਗੇ ਸ਼ਬਦਾਂ ਨਾਲ ਲੋਕ ਗੀਤਾਂ 'ਚ ਪਰੋਇਆ ਹੈ। ਉਸ ਤੋਂ ਅੱਗੇ ਵਧ ਕੇ ਸਾਡੇ ਸੁਰੀਲੇ ਗਾਇਕਾਂ ਤੇ ਗਾਇਕਾਵਾਂ ਨੇ ਰੂਹ ਨਾਲ ਗੀਤਾਂ ਨੂੰ ਰਿਕਾਰਡ ਕਰਵਾ ਕੇ ਮਕਬੂਲ ਕੀਤਾ ਹੈ। ਹਥਲੇ ਲੇਖ ਰਾਹੀਂ ਅੱਜ ਗੱਲ ਕਰਦੇ ਹਾਂ ਲੋਕ ਗੀਤਾਂ ਦਾ ਸ਼ਿੰਗਾਰ ਖੇਤੀ ਫ਼ਸਲਾਂ ਦੇ ਗੀਤਾਂ ਵਿਚਲੇ ਸ਼ਬਦਾਂ ਵਾਲੀ ਮਹਿਕ ਦੀ।

ਲਾਲ ਚੰਦ ਯਮਲਾ ਜੱਟ

ਲੋਕ ਗਾਇਕ ਲਾਲ ਚੰਦ ਯਮਲਾ ਜੱਟ ਨੇ ਤੁਰਲੇ ਵਾਲੀ ਪੱਗ ਤੇ ਤੂੰਬੀ ਨੂੰ ਪੂਰੀ ਦੁਨੀਆ 'ਚ ਪਛਾਣ ਦਿਵਾਈ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਨੂੰ ਉਨ੍ਹਾਂ ਦੀ ਦੇਣ ਲਈ ਹਮੇਸ਼ਾਂ ਚੇਤੇ ਰੱਖਿਆ ਜਾਵੇਗਾ। ਉਨ੍ਹਾਂ ਦਾ ਪਹਿਲਾ ਤਵਾ ਐੱਚਐੱਮਵੀ ਕੰਪਨੀ 'ਚ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ' ਨਾਲ ਮਕਬੂਲੀਅਤ ਖੱਟੀ। ਉਨ੍ਹਾਂ ਨੇ ਲੋਕ ਗਾਥਾਵਾਂ, ਲੋਕ ਗੀਤ, ਦੋਗਾਣੇ ਵੀ ਰਿਕਾਰਡ ਕਰਵਾਏ। ਉਨ੍ਹਾਂ ਦੇ ਤਮਾਮ ਮਕਬੂਲ ਹੋਏ ਗੀਤ ਅੱਜ ਵੀ ਕਰੋੜਾਂ ਦਿਲਾਂ 'ਚ ਵਸਦੇ ਹਨ। ਉਨ੍ਹਾਂ ਨੇ ਆਪਣੇ ਗੀਤਾਂ 'ਚ ਕਿਸਾਨ ਨੂੰ ਖੇਤਾਂ ਦਾ ਰਾਜਾ ਕਹਿ ਵੱਡਾ ਮਾਣ ਬਖ਼ਸ਼ਿਆ ਹੈ, ਉੱਥੇ ਹੀ ਉਨ੍ਹਾਂ ਦਾ ਦਰਦ ਵੀ ਬਿਆਨ ਕੀਤਾ ਹੈ। ਫ਼ਸਲਾਂ ਦੀ ਗੱਲ ਹੋਵੇ ਤਾਂ ਕਣਕ, ਮੱਕੀ, ਛੋਲੇ, ਜੌਂ ਆਦਿ ਫ਼ਸਲਾਂ ਦਾ ਜ਼ਿਕਰ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ ਹੈ :

ਕਣਕਾਂ ਜੰਮੀਆਂ ਗਿੱਠ-ਗਿੱਠ ਲੰਮੀਆਂ
ਆ ਜਾ ਢੋਲ ਸਿਪਾਹੀਆ ਵੇ

ਇਸ ਹੀ ਤਰ੍ਹਾਂ ਦਾ ਉਸਤਾਦ ਗਾਇਕ ਲਾਲ ਚੰਦ ਯਮਲਾ ਜੱਟ ਦਾ ਇਕ ਹੋਰ ਗੀਤ ਪੁਰਾਤਨ ਵਿਰਾਸਤ ਸਾਡੇ ਖੂਹਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ :

ਅੰਨ ਵਾਝੋਂ ਜਾਪਦਾ
ਹੁਣ ਸਾਲ ਔਖਾ ਲੰਘਣਾ,
ਔੜ ਮੱਕੀ ਮਾਰ ਗਈ
ਚੱਬਾਂਗੇਂ ਕਿੱਥੋਂ ਛੱਲੀਆਂ।
ਆਉਣ ਕੂੰਜਾਂ ਦੇਣ ਬੱਚੇ
ਨਦੀ ਨਾਵਣ ਚੱਲੀਆਂ

ਲਾਲ ਚੰਦ ਯਮਲਾ ਜੱਟ ਨੇ ਆਪਣੇ ਗੀਤਾਂ 'ਚ ਫ਼ਸਲਾਂ ਕਣਕ, ਮੱਕੀ, ਛੋਲੇ, ਜੌਂ, ਤਾਰਾਮੀਰਾ ਆਦਿ ਦਾ ਜ਼ਿਕਰ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ। ਉਨ੍ਹਾਂ ਨੇ ਲੋਕ ਬੋਲੀਆਂ ਰਾਹੀਂ ਆਪਣੇ ਗੀਤਾਂ 'ਚ ਖੇਤਾਂ ਦੀ ਸ਼ਾਨ ਸਬਜ਼ੀਆਂ ਨੂੰ ਵੀ ਲੋਕ ਮਨਾਂ ਦੀ ਆਵਾਜ਼ ਬਣਾਇਆ ਹੈ, ਜਿਸ ਨੂੰ ਲਾਲ ਚੰਦ ਯਮਲਾ ਜੱਟ ਨੇ ਖ਼ੁਦ ਲਿਖ ਕੇ ਗਾਇਆ ਹੈ :

ਬੱਲੇ-ਬੱਲੇ ਓਏ
ਤਾਰਾਮੀਰਾ ਪਾਵੇ ਬੋਲੀਆਂ,
ਸਰੋਂ ਹੱਸ ਕੇ ਕਵਾਲੀ ਗਾਵੇ।
ਗੋਗਲੂ ਮਖੌਲ ਕਰਦੇ,
ਮੂਲੀ ਵੇਖ ਕੇ ਨੀਵੀਂਆ ਪਾਵੇ।
ਕਣਕਾਂ ਜਵਾਨੀਂ ਚੜ੍ਹੀਆਂ,
ਜੀਅ ਜੌਂ ਦਾ ਪਿਆ ਲਲਚਾਵੇ।
ਮੇਥੀ ਦੇ ਫੁੱਲ ਵੇਖ ਕੇ
ਮੇਥਾ ਵੇਖ ਕੇ ਧਮਾਲਾਂ ਪਾਵੇ।
ਸਰ੍ਹੋਂ ਦੀ ਚੁੰਨੀ ਖੱਟੀ ਰੰਗ ਦੀ,
ਬੰਨ੍ਹ ਤੋਰੀਆ ਬਸੰਤੀ ਚੀਰਾ।
ਤਰਾਂ ਦੇ ਵਿੱਚ ਪਿਆਰ ਮੇਲਾ,
ਛੋਟੇ ਕੱਦ ਨਿੱਕਾ ਜਿਹਾ ਚੀਰਾ।

ਕੇ.ਦੀਪ ਤੇ ਜਗਮੋਹਣ ਕੌਰ

ਗਾਇਕ ਜੋੜੀ ਕੇ.ਦੀਪ ਅਤੇ ਜਗਮੋਹਣ ਕੌਰ ਦੀ ਜੋੜੀ ਪੋਸਤੀ- ਮਾਈ ਮੋਹਣੋ ਦੀਆਂ ਅੱਜ ਵੀ ਸੱਥਾਂ ਅਤੇ ਹੱਟੀਆਂ ਉੱਤੇ ਗੱਲਾਂ ਹੁੰਦੀਆਂ ਨੇ। ਆਪਣੀ ਬਾਕਮਾਲ ਕਾਮੇਡੀ ਨਾਲ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੀ ਪੰਜਾਬੀਆਂ ਦੀ ਹਰਮਨ ਪਿਆਰੀ ਦੋਗਾਣਾ ਜੋੜੀ ਨੇ ਪੰਜਾਬੀ ਸੰਗੀਤ ਜਗਤ ਨੂੰ ਅਨੇਕਾਂ ਹੀ ਹਿੱਟ ਗੀਤ ਦਿੱਤੇ ਹਨ। ਉਨ੍ਹਾਂ ਦਾ ਇੱਕ ਗੀਤ ਹੈ ਜਿਸ 'ਚ ਅਮਲੀ ਆਪਣੀ ਪਤਨੀ ਨੂੰ ਕੀ ਕਹਿੰਦਾ ਹੈ ਤੇ ਪਤਨੀ ਅੱਗਿਓ ਕੀ ਜਵਾਬ ਦਿੰਦੀ ਹੈ :

ਛੱਡ ਕਣਕ ਬੀਜ 'ਤੇ ਡੋਡੇ,
ਨਾਲੇ ਐਸ਼ ਕਰਨਗੇ ਰੋਡੇ,
ਨਾਲੇ ਵੇਚਾਂਗੇ
ਨਾਲੇ ਪੀਵਾਂਗੇ,
ਛੱਡ ਕਣਕ ਬੀਜ ਲਏ ਤੂੰ ਡੋਡੇ,
ਜਦੋਂ ਪਏ ਪੁਲਿਸ ਦੇ ਗੋਡੇ,
ਫੇਰ ਹਾਲ ਪੁੱਛੂਗੀਂ ਤੇਰਾ ਵੇ,
ਪੁੱਤ ਮੇਰਿਆ ਬਣਾਉਣਗੇ
ਬਟੇਰਾ ਵੇ।

ਦੀਦਾਰ ਸੰਧੂ ਤੇ ਸੁਰਿੰਦਰ ਕੌਰ

ਲੰਘੇ ਵੇਲੇ ਨੂੰ ਯਾਦ ਕਰਦਿਆਂ ਉਹ ਦਿਨ ਅੱਜ ਵੀ ਚੇਤਿਆਂ 'ਚ ਵੱਸਦੇ ਹਨ। ਗੰਨੇ ਚੂਪਣ ਦਾ ਆਨੰਦ ਹੀ ਕੁਝ ਵੱਖਰਾ ਹੁੰਦਾ ਸੀ। ਮਾਡਰਨ ਜ਼ਮਾਨੇ ਅੰਦਰ ਗੰਨੇ ਦਾ ਰਸ ਪੀਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਗੰਨੇ ਚੂਪਣ ਦੇ ਸ਼ੌਕੀਨ ਗੱਭਰੂਆਂ ਤੇ ਮੁਟਿਆਰਾਂ ਦੇ ਦਿਲਾਂ ਦੀ ਗੱਲ ਕਰਦਾ ਪੰਜਾਬੀਆਂ ਦੀ ਹਰਮਨ ਪਿਆਰੀ ਜੋੜੀ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੇ ਦੋਗਾਣੇ ਦੇ ਬੋਲ ਕੁਝ ਇਸ ਤਰ੍ਹਾਂ ਕਹਿੰਦੇ ਹਨ। ਗੀਤ ਨੂੰ ਲਿਖਿਆ ਵੀ ਦੀਦਾਰ ਸੰਧੂ ਨੇ ਹੈ :

ਖੇਤਾਂ ਦੇ ਬੰਨੇ ਚੰਨੇ,
ਚੂਪਦੀ ਫਿਰਦੀ ਗੰਨੇ,
ਕਾਹਨੂੰ ਚਬਦਾ ਫਿਰੇਂ ਸਰਦਾਰਾ,
ਬੁੱਲ੍ਹੀਆਂ 'ਤੇ ਚੀਰ ਆ ਗਿਆ
ਪੋਰੀ ਛਿੱਲ ਕੇ ਚੂਪ ਜਾ ਯਾਰਾ..

ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ

ਲੋਕ ਗਾਇਕਾ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੋਵੇਂ ਭੈਣਾਂ ਨੇ ਆਪਣੀ ਮਿੱਠੀ ਤੇ ਬੁਲੰਦ ਆਵਾਜ਼ 'ਚ ਤਮਾਮ ਗੀਤ ਪੰਜਾਬੀਆਂ ਦੀ ਝੋਲੀ ਪਾਏ ਹਨ। ਉਨ੍ਹਾਂ ਵੱਲੋਂ ਗਾਏ ਵਿਆਹਾਂ 'ਚ ਗਾਉਣ ਵਾਲੇ ਗੀਤ, ਸਿੱਠਣੀਆਂ, ਲੋਕ ਬੋਲੀਆਂ ਆਦਿ ਫ਼ਿਜ਼ਾ 'ਚ ਮਹਿਕ ਖਿਲਾਰਦੇ ਹਨ। ਬਾਜਰੇ ਦੀ ਫ਼ਸਲ ਨੂੰ ਜਿੰਨਾ ਵਧੀਆ ਗੀਤਕਾਰ ਨੇ ਲਿਖਿਆ ਹੈ, ਉਸ ਤੋਂ ਕਿਤੇ ਵਧ ਕੇ ਪਹਿਲਾਂ ਇਸ ਗੀਤ ਨੂੰ ਸੁਰਿੰਦਰ ਕੌਰ ਨੇ ਰਿਕਾਰਡ ਕਰਵਾਇਆ ਤੇ ਫਿਰ ਦੋਵੇਂ ਭੈਣਾਂ ਸੁਰਿੰਦਰ ਕੌਰ ਤੇ ਲੋਕ ਗੀਤਾਂ ਦਾ ਪ੍ਰਕਾਸ਼ ਵੰਡਦੀ ਆਵਾਜ਼ ਪ੍ਰਕਾਸ਼ ਕੌਰ ਨੇ ਰਿਕਾਰਡ ਕਰਵਾਇਆ।

ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਰੁੱਸਣ-ਰੁਸਾਉਣ ਵਿਚਲੀ ਨੋਕ-ਝੋਕ ਨੂੰ ਬਿਆਨ ਕਰਦੇ ਗੀਤ ਦੀਆਂ ਸਤਰਾਂ ਹਨ :

ਬਾਜਰੇ ਦਾ ਸਿੱਟਾ ਵੇ,
ਅਸਾਂ ਤਲੀ 'ਤੇ ਮਰੋੜਿਆ,
ਤੁੰਭਣਾ ਜਾਂਦਾ ਮਾਹੀਆ,
ਅਸਾਂ ਗਲੀ ਵਿੱਚੋਂ ਮੋੜਿਆ

ਇਸੇ ਹੀ ਤਰ੍ਹਾਂ ਦੇ ਇੱਕ ਹੋਰ ਲੋਕ ਗੀਤ ਜਿਸ ਦੇ ਬੋਲ ਹਨ :

ਕੁੱਟ ਕੁੱਟ ਬਾਜਰਾ
ਮੈਂ ਕੋਠੇ ਉੱਤੇ ਪਾਉਂਦੀ ਆਂ
ਹਾਏ ਮਾਂ ਮਰੀਏ
ਮੈਂ ਕੋਠੇ ਉੱਤੇ ਪਾਉਂਦੀ ਆਂ...
ਹਾਏ ਵੇ ਮੇਰੇ ਹਾਣੀਆ
ਮੈਂ ਕੋਠੇ ਉੱਤੇ ਪਾਉਂਦੀ ਆਂ...
ਆਉਣਗੇ ਕਾਂਗ ਉਡਾ ਜਾਣਗੇ,
ਸਾਨੂੰ ਦੂਣਾ ਪੁਆੜਾ ਪਾ ਜਾਣਗੇ।

ਧਨੀ ਰਾਮ ਚਾਤ੍ਰਿਕ

ਪੰਜਾਬੀ ਕਵਿਤਾ ਦੇ ਮੋਢੀਆਂ 'ਚੋਂ ਇੱਕ ਸਨ ਸ਼ਾਇਰ ਧਨੀ ਰਾਮ ਚਾਤ੍ਰਿਕ। ਉਨ੍ਹਾਂ ਨੇ ਕਵਿਤਾਵਾਂ 'ਚ ਪੰਜਾਬ ਦੇ ਮੇਲੇ, ਖੇਤੀ, ਅਮੀਰ ਪੰਜਾਬੀ ਸੱਭਿਆਰ ਤੋਂ ਇਲਾਵਾ ਲੋਕਾਂ ਦੀ ਆਵਾਜ਼ ਨੂੰ ਉੱਚਾ ਚੁੱਕਿਆ ਹੈ। ਉਨ੍ਹਾਂ ਦੀਆਂ ਕਵਿਤਾਵਾਂ 'ਚ ਪੰਜਾਬ ਦੀ ਤਸਵੀਰ ਨਜ਼ਰ ਆਉਂਦੀ ਹੈ। ਪੰਜਾਬੀਆਂ ਦੇ ਇਸ ਮਹਾਨ ਕਵੀ ਦੀ ਰਚਨਾ 'ਵਿਸਾਖੀ ਦਾ ਮੇਲਾ' ਨੂੰ ਪੜ੍ਹਦੇ ਹਾਂ:

ਪੱਕ ਪਈਆਂ ਕਣਕਾਂ,
ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ,
ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ
ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ
ਟਹਿਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ,
ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ
ਪਰੋਈਆ ਲੜੀਆਂ।
ਸਾਈਂ ਦੀ ਨਿਗਾਹ
ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ
ਵਿਸਾਖੀ ਚੱਲੀਏ।

ਨਰਿੰਦਰ ਬੀਬਾ ਲੋਕ ਗਾਇਕਾ ਨਰਿੰਦਰ ਬੀਬਾ ਨੇ ਆਪਣੇ ਗੀਤਾਂ ਤੇ ਲੋਕ ਬੋਲੀਆਂ 'ਚ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਿਆਂ ਫ਼ਸਲਾਂ ਦਾ ਵੀ ਜ਼ਿਕਰ ਕੀਤਾ ਹੈ। ਮਕਬੂਲ ਗੀਤਕਾਰ ਬਾਬੂ ਸਿੰਘ ਮਾਨ ਦੀ ਰਚਨਾ 'ਚ ਕਪਾਹ ਦੀ ਖਿੜ-ਖਿੜ ਹੱਸਦੀ ਫ਼ਸਲ ਦੀ ਸਿਫ਼ਤ ਨੂੰ ਆਪਣੀ ਕਲਮ ਨਾਲ ਸ਼ਿੰਗਾਰਿਆ ਹੈ :

ਚਿੱਟੀਆਂ ਕਪਾਹ ਦੀਆਂ ਫੁੱਟੀਆਂ, ਹਾਏ ਨੀਂ ਪੱਤ ਹਰੇ ਹਰੇ।
ਆਖ ਨੀਂ ਨਨਾਣੇ ਤੇਰੇ ਵੀਰ ਨੂੰ , ਕਦੇ ਤਾਂ ਭੈੜਾ ਹੱਸਿਆ ਕਰੇ।

ਨਰਿੰਦਰ ਬੀਬਾ ਵੱਲੋਂ ਗਾਈਆ ਲੋਕ ਬੋਲੀਆਂ 'ਚ ਇੱਕ ਬੋਲੀ ਇਸ ਤਰ੍ਹਾਂ ਹੈ :

ਆ ਗਿਆ ਵੈਸਾਖ,ਚੇਤ ਗਿਆ ਲੰਘ ਵੇ।
ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਵੇ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲੁਫ਼ਾਈਆਂ ਟਹਿਣੀਆਂ ਦੇ ਭਾਰ ਨੇ।

ਹਮੇਸ਼ਾ ਖ਼ੁਸ਼ੀ 'ਚ ਝੂਮਦੀਆਂ ਰਹਿਣ ਫ਼ਸਲਾਂ

ਦੁਨੀਆ ਦੇ ਕਿਸੇ ਵੀ ਖੇਤਰ ਦੀ ਪਛਾਣ ਉਸ ਦੇ ਸੱਭਿਆਚਾਰਕ ਪਿਛੋਕੜ ਤੋਂ ਹੁੰਦੀ ਹੈ। ਪੰਜਾਬ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਦਾ ਦੇਸ਼ ਹੈ। ਪੰਜਾਬੀ ਧਰਤੀ ਲੋਕ ਗੀਤਾਂ ਦੀ ਧਰਤੀ ਹੈ। ਖੇਤੀ ਅਤੇ ਫ਼ਸਲਾਂ 'ਤੇ ਹੋਰ ਵੀ ਬਹੁਤ ਸਾਰੇ ਨਿੱਗਰ ਤੇ ਮਿਆਰੀ ਸੋਚ ਦੇ ਮਾਲਕ ਕਲਮਾਂ ਦੇ ਧਨੀ ਗੀਤਕਾਰਾਂ ਦੇ ਲਿਖੇ ਗੀਤਾਂ ਨੂੰ ਗਾਇਕਾਂ ਤੇ ਗਾਇਕਾਵਾਂ ਨੇ ਆਪਣੀ ਬੁਲੰਦ ਆਵਾਜ਼ 'ਚ ਰਿਕਾਰਡ ਗੀਤ ਸੰਗੀਤ ਜਗਤ ਨੂੰ ਦਿੱਤੇ ਹਨ। ਲੋਕ ਗੀਤਾਂ ਦਾ ਸ਼ਿੰਗਾਰ ਖੇਤੀ ਫ਼ਸਲਾਂ ਖੇਤਾਂ 'ਚ ਖ਼ੁਸ਼ੀ 'ਚ ਝੂਮਦੀਆਂ ਰਹਿਣ। ਲੋਕ ਮਨਾਂ ਅੰਦਰ ਖ਼ੁਸ਼ੀ ਵਾਲੀ ਸਤਰੰਗੀ ਪੀਂਘ ਸਦਾ ਹੀ ਚੜ੍ਹੀ ਰਹੇ।





## .ਗ਼ਜ਼ਲਾਂ

ਕੇਹੀ ਸੱਜਣਾ ਦੇ ਨਾਲ ਮੁਲਾਕਾਤ ਹੋ ਗਈ।
ਚਹੁੰ ਨੈਣਾਂ ਦੀ ਹੰਝੂ ਬਰਸਾਤ ਹੋ ਗਈ।
ਜਾਪਦਾ ਏ ਮੇਰਾ ਕੁਝ ਚੋਰੀ ਹੋ ਗਿਆ,
ਖਿੜੇ ਮੱਥੇ 'ਤੇ ਤਾਂ ਹੀ ਕਾਲ਼ੀ ਰਾਤ ਹੋ ਗਈ।
ਬੰਦਾ, ਬੰਦੇ ਨੂੰ ਕਿਸ ਤਰ੍ਹਾਂ ਖਾ ਜੋ ਰਿਹਾ,
ਕਿੰਨੀ ਮੰਦੀ ਤੇਰੀ ਦਾਤਾ ਕਾਇਨਾਤ ਹੋ ਗਈ।
ਸਦਾ ਯਾਦ ਰੱਖੋ ਸੱਚ ਨੂੰ ਛੁਪਾਉਣ ਵਾਲਿਉ,
ਖਿੰਡੇ ਕਾਮਿਆਂ ਦੀ ਇਕੱਤਰ ਜਮਾਤ ਹੋ ਗਈ।
ਅਗਾਂਹ ਟੁਰੇ ਚੱਲੋ ਹੌਸਲਾ ਬੁਲੰਦ ਕਰ ਕੇ,
ਨਾਲ ਖ਼ੁਸ਼ੀ ਦੇ ਚਹਿਕਦੀ ਪ੍ਰਭਾਤ ਹੋ ਗਈ।
ਵਿੱਚ ਸੁਪਨੇ ਦੇ ਇੱਕ ਉਹ ਨਿਸ਼ਾਨੀ ਦੇ ਗਿਆ,
ਅੱਖ ਖੁੱਲ੍ਹੀ ਤਾਂ ਚੋਰੀ ਉਹ ਸੌਗਾਤ ਹੋ ਗਈ।
ਕੰਨ ਫਰਕਦੈ ਨਿਮਾਣਾ ਕੋਈ ਯਾਦ ਕਰਦੈ,
ਕੇਹੀ ਸੁਪਨੇ ਦੇ ਵਿੱਚ ਮੁਲਾਕਾਤ ਹੋ ਗਈ।
ਲਾਏ ਪਿਆਰ ਵਾਲੇ ਬੂਟੇ ਤੋਂ ਜਿੰਦ ਵਾਰਦੇ,
ਆਏ ਬੂਰ ਉੱਤੇ ਕੇਹੀ ਬਰਸਾਤ ਹੋ ਗਈ।
ਹੁਣ ਕਰੇ ਕੀ 'ਆਜ਼ਾਦ' ਪਾਣੀ ਸਿਰੋਂ ਲੰਘਿਆ,
ਨਾਲ ਗ਼ਮਾਂ ਦੇ ਹਨੇਰੀ ਕਾਲ਼ੀ ਰਾਤ ਹੋ ਗਈ।

ਰਣਜੀਤ ਆਜ਼ਾਦ ਕਾਂਝਲਾ

ਮੰਜ਼ਿਲ ਅਕਸਰ ਮਿਲਦੀ ਹੁੰਦੀ ਜਾ ਔਕੜ ਤੋਂ ਪਾਰ ਹੀ।
ਜਿੱਤ ਦਾ ਸਿਹਰਾ ਪਰ ਬੰਨ੍ਹਦੀ ਹੈ ਬੰਦੇ ਦੀ ਰਫ਼ਤਾਰ ਹੀ।
ਹਮਾਤੜ ਲੋਕ ਸਿਆਣੇ ਹੁੰਦੇ ਇਸ ਗੱਲ ਦਾ ਇਹ ਉੱਤਰ ਹੈ,
ਸਦਾ ਸਿਆਣੇ ਕਰਦੀ ਵੇਖੀ ਇਹ ਸਮਿਆਂ ਦੀ ਮਾਰ ਹੀ।
ਕਦੇ ਮੁਸਾਫ਼ਿਰ ਉਹ ਨਹੀਂ ਵੇਖੇ ਜਾ ਟੀਸੀ 'ਤੇ ਪੁੱਜਦੇ ਮੈਂ,
ਚੱਲਦੇ ਜਿਹੜੇ ਅਰਦਲੀਆਂ ਨੂੰ ਆਪਣਾ ਦੇ ਕੇ ਭਾਰ ਹੀ।
ਬੰਦਾ ਵੱਡਾ ਉਹ ਨਹੀਂ ਹੁੰਦਾ ਜਿਸ ਕੋਲ ਵੱਡੀ ਦੌਲਤ ਏ,
ਬੰਦੇ ਨੂੰ ਹੈ ਵੱਡਾ ਕਰਦਾ ਇੱਕ ਉਸ ਦਾ ਕਿਰਦਾਰ ਹੀ।
ਹੱਕ-ਸੱਚ ਦੀ ਰਾਹ 'ਤੇ ਚੱਲੀਂ ਛੱਡਦੇ ਫ਼ਿਕਰ ਜ਼ਮਾਨੇ ਦਾ,
ਮਤਲਬਖੋਰ ਹਜ਼ਾਰਾਂ ਨਾਲੋਂ ਸੱਚੇ ਬਿਹਤਰ ਚਾਰ ਹੀ।
ਰਹਬਿਰ, ਮੁਰਸ਼ਿਦ ਹੋ ਨਹੀਂ ਸਕਦਾ ਜੋ ਦੂਜੇ ਤੋਂ ਸੜਦਾ ਏ,
ਰੱਬ ਦੇ ਬੰਦੇ ਤਾਂ ਵੇਂਹਦੇ ਨੇ ਸਭ ਦੁਨੀਆਂ ਇਕਸਾਰ ਹੀ।
ਆਪਣਾ-ਆਪ ਛੁਪਾ ਲੈਂਦਾ ਹੈ ਬੇਸ਼ੱਕ ਬੰਦਾ ਪਰਦੇ 'ਨਾ,
ਬੰਦੇ ਬਾਰੇ ਦੱਸ ਦਿੰਦਾ ਹੈ ਪਰ ਉਸ ਦਾ ਵਿਵਹਾਰ ਹੀ।
ਐਰਾ-ਗੈਰਾ ਟਿਕ ਨਹੀਂ ਸਕਦਾ ਸੌ ਦਾਅਵਾ ਉਹ ਕਰਦਾ ਏ,
'ਪਾਰਸ' ਖੜ੍ਹਨ ਤੂਫ਼ਾਨਾਂ ਅੱਗੇ ਬੰਦੇ ਜੋ ਦਮਦਾਰ ਹੀ।

ਪ੍ਰਤਾਪ 'ਪਾਰਸ' ਗੁਰਦਾਸਪੁਰੀ
ਸੰਪਰਕ: 99888-11681

## ਅਣਗੌਲੇ ਮੁੱਦੇ

ਇਹ ਸਭ ਦੇ ਨੇ ਸਾਂਝੇ ਹੁੰਦੇ
ਛੱਪੜ ਥੜ੍ਹੇ ਤੇ ਪਿੰਡ ਦੀਆਂ ਸੱਥਾਂ
ਜੋ ਇਨ੍ਹਾਂ 'ਤੇ ਕਾਬਜ਼ ਹੋ ਜਾਏ
ਰੁਲ ਜਾਂਦਾ ਏ ਉਹ ਵਿੱਚ ਕੱਖਾਂ!
ਜਨਤਕ ਰਾਹ ਖਾਲ਼ ਤੇ ਪਹੀਆਂ
ਸ਼ਾਮਲਾਟ ਵੀ ਰੋਕੀ ਕਈਆਂ
ਲੈਣੇ ਦੇ ਸੀ ਦੇਣੇ ਪੈ ਗਏ
ਫੜੇ ਦੇਖੇ ਮੈਂ ਸਿਰ ਵਿੱਚ ਹੱਥਾਂ!
ਪਿੱਪਲ ਬੋਹੜ ਤੂਤ ਟਾਹਲੀਆਂ
ਕਿੱਕਰਾਂ ਨਿੰਮਾਂ ਡੇਕ ਬਰੋਟੇ
ਚੋਰੀ ਜੋ ਰੁੱਖਾਂ ਨੂੰ ਵੱਢਦੇ
ਰੁਲਦੇ ਫਿਰਦੇ ਦੇਖੇ ਲੱਖਾਂ!
ਆਓ ਸਾਰੇ ਹਾਮੀ ਭਰੀਏ
ਇਨ੍ਹਾਂ ਦੀ ਹੁਣ ਰਾਖੀ ਕਰੀਏ
ਖੂਹ ਟੋਭੇ ਤੇ ਚਰਾਂਦ ਬਚਾਕੇ
ਹੁਣ ਤੋਂ ਚਲੀਏ ਵੱਖਰੇ ਪੱਥਾਂ!
ਫ਼ੌਜੀਆ ਤੂੰ ਵੀ ਬਣਜਾ ਸਿਆਣਾ
ਨਾਲ ਨ੍ਹੀਂ ਕੁਝ ਵੀ ਲੈ ਕੇ ਜਾਣਾ
ਹੱਕ ਪਰਾਇਆ ਖਾਣੋ ਹਟ ਜਾ
ਮਾੜਾ ਹੁੰਦੈ ਤੈਨੂੰ ਦੱਸਾਂ।

ਅਮਰਜੀਤ ਸਿੰਘ ਫ਼ੌਜੀ

## ਸਿਰਨਾਵਾਂ

ਕਦੇ ਕਦੇ ਭੁੱਲ ਜਾਂਦਾ ਹਾਂ
ਟੂਟੀ ਛੱਡ ਵਹਿੰਦਾ ਪਾਣੀ
ਉਵੇਂ ਹੀ
ਜਿਵੇਂ ਭੁੱਲਦਾ ਹੈ ਆਪਣਾ ਹੀ
ਸਿਰਨਾਵਾਂ,
ਪਿੰਡ ਦੀ ਜੂਹ
ਆਪਣੀ ਔਕਾਤ
ਤੇ ਆਪਣੀ ਜ਼ਾਤ।
ਮਜਲਿਸ ਸਜਦੀ,
ਪੰਚ ਬੈਠਦੇ ਤੇ ਯਾਦ ਕਰਦੇ
ਸੰਤ ਜੀ ਦੀ ਉਚਾਰੀ ਬਾਣੀ।
ਇਹੀ ਕੁਝ ਤਾਂ ਲਿਖਿਐ,
ਭਾਰ ਢੋਹਣਾ ਤੇ ਸਤਿ-ਬਚਨ ਕਹਿਣਾ।
ਇਹੋ ਤਾਂ ਪਹਿਲੀ ਫੂਕ ਵੱਜੀ ਸੀ
ਕੰਨ ਵਿੱਚ
ਬਾਪੂ ਦੇ ਬਾਂਦਰਾਂ ਦੀ ਵਾਣੀ
ਆਪਣੇ ਹੀ ਅਰਥਾਂ ਵਿੱਚ।
ਜੁੱਗਾਂ-ਜੁਗਾਂਤਰਾਂ ਤੋਂ ਲਿਖੇ ਹੋਏ
ਵਿਹੁ ਮਾਤਾ ਦੇ ਅੱਖਰ।
'ਲੈ ਭਲਾ ਇਹ ਵੀ ਕੋਈ ਬਦਲ ਸਕਦੈ!'
ਅੱਖਾਂ ਸਾਹਵੇਂ ਆ ਜਾਂਦੈ
ਨ੍ਹੇਰ ਗ਼ੁਬਾਰ।
ਤੇ ਕੰਨਾਂ ਵਿੱਚ ਭਰ ਜਾਂਦੈ
ਆਵੇ 'ਚੋਂ ਕੱਢਿਆ ਪਾਰਾ
ਤੇ ਜੀਭ ਨੂੰ ਹੋ ਜਾਂਦੈ
ਅਧਰੰਗ।
ਉਸ ਦੇ ਤਿਲ੍ਹਕਦੇ ਬੋਲ
ਤੇ ਪੈਰਾਂ ਦਾ ਖੜਾਕ ਸੁਣਕੇ
ਅੱਖਾਂ ਖੋਲ੍ਹਦਾ ਹਾਂ
ਤੇ ਕੁਝ ਅਕਸ ਉਭਰਦੇ ਹਨ
ਮੇਰੇ ਪਿਓ ਦੀ ਮਟਮੈਲ਼ੀ ਪੱਗ ਦੇ
ਵੱਟਾਂ ਵਰਗੇ।
ਮਾਂ ਦੇ ਪੈਰਾਂ ਦੀਆਂ ਪਾਟੀਆਂ
ਤੇ ਮੈਲ਼ ਨਾਲ ਭਰੀਆਂ
ਬਿਆਈਆਂ ਵਰਗੇ।
ਭੈਣ ਦੇ ਸਿਰ 'ਤੇ ਰੱਖੀ ਘਾਹ
ਦੀ ਪੰਡ ਵਰਗੇ।
ਭਾਈਆਂ ਦੇ ਦਿੱਤੇ
ਜੂਲ਼ੇ ਹੇਠਾਂ ਸਿਰ ਵਰਗੇ।
ਅੱਖ ਖੁੱਲ੍ਹਦੀ ਹੈ
ਤੇ ਮੇਰੇ ਪੈਰ
ਪੁੱਟੇ ਜਾਂਦੇ ਹਨ
ਆਪਮੁਹਾਰੇ
ਅੰਨ੍ਹੀ ਖੂਹੀ ਦੀ ਮੌਣ ਵੱਲ,
ਡਿਗੂੰ ਡਿਗੂੰ ਕਰਦੇ ਖੰਡਰ ਬਣੇ ਘਰ ਵੱਲ।
ਸਹਿਵਨ ਹੀ ਯਾਦ ਆਉਂਦਾ ਹੈ
ਗੁੰਮ ਹੋਇਆ ਮੇਰਾ ਸਿਰਨਾਵਾਂ

ਗੁਰਦੀਪ ਢੁੱਡੀ।
ਸੰਪਰਕ: 95010-20731

# ਸ੍ਰੀ ਹਰਿਮੰਦਰ ਸਾਹਿਬ ਬਾਰੇ ਧਮਕੀ ਭਰੇ ਈ-ਮੇਲ ਭੇਜਣ ਵਾਲਿਆਂ ਨੂੰ ਮਿਸਾਲੀ ਸਜ਼ਾ ਮਿਲੇਗੀ : ਮੁੱਖ ਮੰਤਰੀ

## ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸੂਬੇ ਵਿੱਚ ਅਮਨ-ਸ਼ਾਂਤੀ, ਤਰੱਕੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ

**ਅੰਮ੍ਰਿਤਸਰ 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਬਾਰੇ ਧਮਕੀ ਭਰੇ ਈ-ਮੇਲ ਭੇਜਣ ਦਾ ਨਾ-ਮੁਆਫੀਯੋਗ ਅਪਰਾਧ ਕਰਨ ਵਾਲੇ ਗੁਨਾਹਗਾਰਾਂ ਲਈ ਮਿਸਾਲੀ ਸਜ਼ਾ ਨੂੰ ਯਕੀਨੀ ਬਣਾਉਣ ਦਾ ਸੰਕਲਪ ਲਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ, "ਦੁਨੀਆ ਭਰ ਦੇ ਲੋਕ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਦੇ ਹਨ ਅਤੇ ਆਪਣੇ ਪਰਿਵਾਰਾਂ ਅਤੇ ਸਾਕ-ਸਬੰਧੀਆਂ ਦੀ ਤਰੱਕੀ ਤੇ ਸਲਾਮਤੀ ਲਈ ਅਰਦਾਸ ਕਰਦੇ ਹਨ। ਅਸੀਂ ਕਿਸੇ ਨੂੰ ਇਸ ਪਾਵਨ ਅਸਥਾਨ ਨੂੰ ਧਮਕੀਆਂ ਦੇਣ ਦੀ ਇਜਾਜ਼ਤ ਕਿਵੇਂ ਦੇ ਸਕਦੇ ਹਾਂ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਅਤੇ ਇਸ ਬਾਰੇ ਮਹੱਤਵਪੂਰਨ ਸੁਰਾਗ ਮਿਲ ਗਏ ਹਨ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਮਾਮਲਾ ਛੇਤੀ ਹੀ ਹੱਲ ਹੋ ਜਾਵੇਗਾ ਕਿਉਂਕਿ ਪੁਲਿਸ ਪਹਿਲਾਂ ਹੀ ਦੋਸ਼ੀਆਂ ਦੀ ਸ਼ਨਾਖਤ ਕਰ ਚੁੱਕੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਗਿਆਨਕ ਢੰਗ ਨਾਲ ਤਸਦੀਕ ਜਾਰੀ ਹੈ ਅਤੇ ਇਸ ਦੇ ਪੂਰਾ ਹੋਣ 'ਤੇ ਵੇਰਵੇ ਸਾਂਝੇ ਕੀਤੇ ਜਾਣਗੇ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਪ੍ਰਤੀ ਹਰ ਵੇਲੇ ਚੌਕਸ ਰਹਿੰਦੀ ਹੈ, ਜਿੱਥੇ ਹਰ ਰੋਜ਼ ਲੱਖਾਂ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਇਸ ਮਾਮਲੇ ਵਿੱਚ ਕੋਈ ਵੀ ਅਹਿਮ ਜਾਣਕਾਰੀ ਸਾਂਝੀ ਕਰਨ ਲਈ ਆਖਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀ ਸਥਿਤੀ 'ਤੇ ਬਾਜ਼ ਅੱਖ ਰੱਖੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਵਿੱਤਰ ਸ਼ਹਿਰ ਵਿੱਚ ਸੁਰੱਖਿਆ ਪਹਿਲਾਂ ਹੀ ਵਧਾ ਦਿੱਤੀ ਗਈ ਹੈ।

ਮੁੱਖ ਮੰਤਰੀ ਨੇ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਨਾ ਘਬਰਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪੰਜਾਬ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ ਅਤੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਦੇ ਸਮਰੱਥ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੋਸ਼ੀ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਲੁਕ ਨਹੀਂ ਸਕਦੇ ਅਤੇ ਸੂਬਾ ਸਰਕਾਰ ਉਨ੍ਹਾਂ ਲਈ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਏਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਹੈ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਇਸ ਦੌਰਾਨ ਮੁੱਖ ਮੰਤਰੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਵਿੱਚ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ।

ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟਾਈ ਕਿ ਪੰਜਾਬ ਵਿੱਚ ਫਿਰਕੂ ਸਦਭਾਵਨਾ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਹਮੇਸ਼ਾ ਮਜ਼ਬੂਤ ਰਹੇਗੀ ਅਤੇ ਸੂਬਾ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇਗਾ।

# ਲੋਕ ਸਭਾ ਵਿਚ ਵਿਰੋਧੀ ਧਿਰਾਂ ਦਾ ਹੰਗਾਮਾ; ਨਹੀਂ ਚੱਲੇ ਪ੍ਰਸ਼ਨ ਕਾਲ ਤੇ ਸਿ਼ਫਰ ਕਾਲ, ਸਦਨ ਪੂਰੇ ਦਿਨ ਲਈ ਉਠਾਇਆ

**ਨਵੀਂ ਦਿੱਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**





ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਲੋਕ ਸਭਾ ਵਿਚ ਵਿਰੋਧੀ ਧਿਰਾਂ ਦੇ ਮੈਂਬਰਾਂ ਨੂੰ ਸੀਟਾਂ 'ਤੇ ਬੈਠਣ ਲਈ ਆਖਦੇ ਹੋਏ। ਫੋਟੋ: ਪੀਟੀਆਈ

ਲੋਕ ਸਭਾ ਵਿਚ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (SIR) ਸਮੇਤ ਕਈ ਮੁੱਦਿਆਂ 'ਤੇ ਹੰਗਾਮਾ ਕੀਤਾ। ਵਿਰੋਧੀ ਧਿਰਾਂ ਚਰਚਾ ਦੀ ਆਪਣੀ ਮੰਗ 'ਤੇ ਬਜ਼ਿੱਦ ਰਹੀਆਂ, ਜਿਸ ਕਰਕੇ ਸਦਨ ਦੀ ਕਾਰਵਾਈ ਨੂੰ ਪਹਿਲਾਂ 12 ਵਜੇ ਤੱਕ ਤੇ ਮਗਰੋਂ ਬਾਅਦ ਦੁਪਹਿਰ 2 ਵਜੇ ਤੱਕ ਲਈ ਮੁਲਤਵੀ ਕਰ ਦਿੱਤਾ ਗਿਆ।

ਇਸ ਤੋਂ ਪਹਿਲਾਂ ਮੌਨਸੂਨ ਸੈਸ਼ਨ ਦੇ ਦੂਜੇ ਦਿਨ ਜਿਵੇਂ ਹੀ ਹੇਠਲੇ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਾਰਵਾਈ ਕੁਝ ਮਿੰਟਾਂ ਵਿੱਚ ਹੀ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਇਸ ਤਰ੍ਹਾਂ ਸਦਨ ਵਿਚ ਪ੍ਰਸ਼ਨ ਕਾਲ ਤੇ ਸਿਫਰ ਕਾਲ ਹੰਗਾਮੇ ਦੀ ਭੇਟ ਚੜ੍ਹ ਗਏ। ਜਦੋਂ ਦੁਪਹਿਰ 12 ਵਜੇ ਸਦਨ ਮੁੜ ਜੁੜਿਆ ਤਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਕੁਝ ਮੈਂਬਰ ਚੇਅਰਮੈਨ ਦੀ ਕੁਰਸੀ ਨੇੜੇ ਨਾਅਰੇਬਾਜ਼ੀ ਕਰਦੇ ਦੇਖੇ ਗਏ। ਕੁਝ ਮੈਂਬਰ ਵੋਟਰ ਸੂਚੀਆਂ ਵਿਚ ਵਿਸ਼ੇਸ਼ ਵਿਆਪਕ ਸੋਧ ਵਿਰੁੱਧ ਨਾਅਰੇ ਵਾਲੀਆਂ ਤਖ਼ਤੀਆਂ ਲਹਿਰਾ ਰਹੇ ਸਨ। ਬਾਅਦ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਲੋਕ ਸਭਾ ਨੂੰ ਪੂਰੇ ਦਿਨ ਲਈ ਉਠਾ ਦਿੱਤਾ ਗਿਆ।

ਇਸ ਮੌਕੇ ਸਦਨ ਦੀ ਕਾਰਵਾਈ ਚਲਾ ਰਹੇ ਜਗਦੰਬਿਕਾ ਪਾਲ ਨੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਜਾਣ ਅਤੇ ਕਾਰਵਾਈ ਜਾਰੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, "ਕੱਲ੍ਹ ਤੁਸੀਂ ਆਪ੍ਰੇਸ਼ਨ ਸਿੰਧੂਰ 'ਤੇ ਚਰਚਾ ਚਾਹੁੰਦੇ ਸੀ। ਬਿਜ਼ਨਸ ਐਡਵਾਈਜ਼ਰੀ ਕਮੇਟੀ (213) ਨੇ ਇਸ ਮੁੱਦੇ 'ਤੇ 16 ਘੰਟੇ ਦੀ ਚਰਚਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਤੁਹਾਨੂੰ 213 ਵਿੱਚ SIR 'ਤੇ ਚਰਚਾ ਦੀ ਮੰਗ ਵੀ ਲਿਆਉਣੀ ਚਾਹੀਦੀ ਹੈ। ਉੱਥੇ ਫੈਸਲਾ ਲਿਆ ਜਾਵੇਗਾ।" ਮੈਂਬਰਾਂ ਵੱਲੋਂ ਤਖ਼ਤੀਆਂ ਦਿਖਾਏ ਜਾਣ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ, "ਇੱਥੇ ਤਖ਼ਤੀਆਂ ਨਾ ਦਿਖਾਓ। ਇਹ ਸਦਨ ਦੀ ਸ਼ਾਨ ਅਤੇ ਮਰਿਆਦਾ ਨੂੰ ਠੇਸ ਪਹੁੰਚਾਉਂਦਾ ਹੈ। ਜੇਕਰ ਤੁਸੀਂ ਇਸ ਵਿਸ਼ੇ 'ਤੇ ਚਰਚਾ ਕਰਨਾ ਚਾਹੁੰਦੇ ਹੋ, ਤਾਂ ਇਸ ਮੁੱਦੇ ਅਤੇ ਹੋਰ ਮੁੱਦਿਆਂ ਨੂੰ 213 ਮੀਟਿੰਗ ਵਿੱਚ ਲਿਆਓ, ਉੱਥੇ ਫੈਸਲਾ ਲਿਆ ਜਾਵੇਗਾ। ਸਰਕਾਰ ਸਾਰੇ ਵਿਸ਼ਿਆਂ 'ਤੇ ਚਰਚਾ ਕਰਨ ਅਤੇ ਜਵਾਬ ਦੇਣ ਲਈ ਤਿਆਰ ਹੈ।"

ਸੰਸਦੀ ਮਾਮਲਿਆਂ ਬਾਰੇ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਕਿਹਾ ਕਿ ਸਰਕਾਰ ਕਿਸੇ ਵੀ ਵਿਸ਼ੇ 'ਤੇ ਚਰਚਾ ਕਰਨ ਲਈ ਤਿਆਰ ਹੈ ਜਿਸ 'ਤੇ ਚੇਅਰਮੈਨ ਨਿਯਮਾਂ ਤਹਿਤ ਚਰਚਾ ਦੀ ਇਜਾਜ਼ਤ ਦਿੰਦੇ ਹਨ। ਚੇਅਰਮੈਨ ਜਗਦੰਬਿਕਾ ਪਾਲ ਨੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਕਾਰਵਾਈ ਜਾਰੀ ਰੱਖਣ ਦੀ ਅਪੀਲ ਕੀਤੀ ਅਤੇ ਕਿਹਾ, "ਸਿਫ਼ਰ ਕਾਲ ਜਾਰੀ ਰਹਿਣ ਦਿਓ। ਮੈਂ ਸਦਨ ਚਲਾਉਣਾ ਚਾਹੁੰਦਾ ਹਾਂ ਪਰ ਮੈਂ ਤੁਹਾਨੂੰ ਸਹਿਯੋਗ ਕਰਨ ਦੀ ਬੇਨਤੀ ਕਰਦਾ ਹਾਂ।" ਜਦੋਂ ਵਿਰੋਧੀ ਪਾਰਟੀਆਂ ਦਾ ਰੌਲਾ ਨਹੀਂ ਰੁਕਿਆ, ਤਾਂ ਉਨ੍ਹਾਂ ਨੇ ਕਾਰਵਾਈ ਮੁੜ ਸ਼ੁਰੂ ਹੋਣ ਤੋਂ ਕਰੀਬ 10 ਮਿੰਟ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ।

ਇਸ ਤੋਂ ਪਹਿਲਾਂ ਜਦੋਂ ਸਵੇਰੇ ਕਾਰਵਾਈ ਸ਼ੁਰੂ ਹੋਈ, ਤਾਂ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੇ SIR ਮੁੱਦੇ 'ਤੇ ਚਰਚਾ ਦੀ ਮੰਗ ਕਰਦੇ ਹੋਏ ਹੰਗਾਮਾ ਕੀਤਾ।

ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਅੱਜ ਪ੍ਰਸ਼ਨ ਕਾਲ ਦੌਰਾਨ ਕਿਸਾਨਾਂ ਦੇ ਮੁੱਦਿਆਂ 'ਤੇ ਚਰਚਾ ਹੋਣੀ ਹੈ, ਇਸ ਲਈ ਵਿਰੋਧੀ ਧਿਰ ਨੂੰ ਸਦਨ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ।

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਜਾਣ ਅਤੇ ਸਦਨ ਨੂੰ ਕੰਮ ਕਰਨ ਦੇਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ, "ਕੀ ਤੁਸੀਂ ਲੋਕ ਦੇਸ਼ ਦੇ ਕਿਸਾਨਾਂ ਅਤੇ ਉਨ੍ਹਾਂ ਦੇ ਮੁੱਦਿਆਂ 'ਤੇ ਚਰਚਾ ਨਹੀਂ ਕਰਨਾ ਚਾਹੁੰਦੇ ? ਤੁਸੀਂ ਹੰਗਾਮਾ ਕਰਨ ਲਈ ਤਖ਼ਤੀਆਂ ਲੈ ਕੇ ਆਓਗੇ, ਇਹ ਸਦਨ ਦੀ ਰਵਾਇਤਾਂ ਅਨੁਸਾਰ ਨਹੀਂ ਹੈ। ਤੁਸੀਂ ਲੋਕ ਆਪਣੀਆਂ ਸੀਟਾਂ 'ਤੇ ਬੈਠੋ, ਸਦਨ ਨੂੰ ਚੱਲਣ ਦਿਓ।" ਜਦੋਂ ਹੰਗਾਮਾ ਨਹੀਂ ਰੁਕਿਆ, ਤਾਂ ਉਨ੍ਹਾਂ ਨੇ ਸਦਨ ਦੀ ਕਾਰਵਾਈ ਸਵੇਰੇ 11:03 ਵਜੇ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ।

# ਬਿੱਲਾਂ ਨੂੰ ਮਨਜ਼ੂਰੀ ਬਾਰੇ ਮਿਆਦ 'ਤੇ ਰਾਸ਼ਟਰਪਤੀ ਦੇ ਹਵਾਲੇ ਬਾਰੇ SC ਵੱਲੋਂ ਕੇਂਦਰ ਤੇ ਰਾਜਾਂ ਤੋਂ ਜਵਾਬ ਤਲਬ

**ਨਵੀਂ ਦਿੱਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਬਿੱਲਾਂ ਨੂੰ ਮਨਜ਼ੂਰੀ ਦੇਣ ਲਈ ਰਾਸ਼ਟਰਪਤੀ ਤੇ ਰਾਜਪਾਲਾਂ ਵਾਸਤੇ ਮਿਆਦ ਤੈਅ ਕਰਨ ਵਾਲੇ ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਤੋਂ ਪੈਦਾ ਹੋਏ ਮੁੱਦਿਆਂ 'ਤੇ ਰਾਸ਼ਟਰਪਤੀ ਦੇ ਹਵਾਲੇ (ਰਾਸ਼ਟਰਪਤੀ ਵੱਲੋਂ ਸੁਪਰੀਮ ਕੋਰਟ ਤੋਂ ਸਲਾਹ ਮੰਗੇ ਜਾਣ) ਦੇ ਮਾਮਲੇ ਉਤੇ ਸਿਖਰਲੀ ਅਦਾਲਤ ਨੇ ਮੰਗਲਵਾਰ ਨੂੰ ਕੇਂਦਰ ਅਤੇ ਸਾਰੀਆਂ ਰਾਜ ਸਰਕਾਰਾਂ ਨੂੰ ਨੋਟਿਸ ਜਾਰੀ ਕਰ ਕੇ ਉਨ੍ਹਾਂ ਤੋਂ ਜਵਾਬ ਤਲਬ ਕੀਤੇ ਹਨ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਆਗਾਮੀ ਮੰਗਲਵਾਰ ਨੂੰ ਧਿਰਾਂ ਦੀ ਪੇਸ਼ੀ ਤੱਕ ਲਈ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਬੈਂਚ ਵਿੱਚ ਜਸਟਿਸ ਸੂਰਿਆ ਕਾਂਤ, ਜਸਟਿਸ ਵਿਕਰਮ ਨਾਥ, ਜਸਟਿਸ ਪੀਐਸ ਨਰਸਿਮਹਾ ਅਤੇ ਜਸਟਿਸ ਏਐਸ ਚੰਦੂਰਕਰ ਵੀ ਸ਼ਾਮਲ ਸਨ। ਬੈਂਚ ਨੇ ਅਗਲੇ ਮਹੀਨੇ ਮਾਮਲੇ ਦੀ ਸੁਣਵਾਈ ਕਰਨ ਦੀ ਤਜਵੀਜ਼ ਰੱਖੀ ਹੈ।

ਕੇਰਲ ਸਰਕਾਰ ਵੱਲੋਂ ਸੀਨੀਅਰ ਵਕੀਲ ਕੇਕੇ ਵੇਣੂਗੋਪਾਲ ਨੇ ਰਾਸ਼ਟਰਪਤੀ ਦੇ ਹਵਾਲੇ ਦੇ ਸੁਣਵਾਈਯੋਗ ਹੋਣ ਜਾਂ ਨਾ ਹੋਣ ਦਾ ਮੁੱਦਾ ਉਠਾਇਆ।

ਗ਼ੌਰਲਤਬ ਹੈ ਕਿ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੰਵਿਧਾਨ ਦੀ ਧਾਰਾ 143 ਦੀ ਵਰਤੋਂ ਕਰਦਿਆਂ ਬੀਤੇ ਮਈ ਮਹੀਨੇ ਵਿੱਚ ਸੁਪਰੀਮ ਕੋਰਟ ਤੋਂ ਉਸ ਦੇ 8 ਅਪਰੈਲ ਦੇ ਫੈਸਲੇ ਤੋਂ ਪੈਦਾ ਹੋਏ 14 ਸਵਾਲਾਂ 'ਤੇ ਰਾਏ ਮੰਗੀ ਸੀ, ਜਿਸ ਵਿੱਚ ਰਾਜਪਾਲਾਂ ਤੇ ਰਾਸ਼ਟਰਪਤੀ ਲਈ ਰਾਜ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ ਬਿੱਲਾਂ 'ਤੇ ਫ਼ੈਸਲਾ ਲੈਣ ਲਈ ਸਮੇਂ ਦੀ ਮਿਆਦ ਮਿਥੀ ਗਈ ਸੀ।

ਇੱਕ ਬੇਮਿਸਾਲ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 201 ਦੇ ਤਹਿਤ ਰਾਜਪਾਲਾਂ ਵੱਲੋਂ ਭੇਜੇ ਗਏ ਬਿੱਲਾਂ 'ਤੇ ਰਾਸ਼ਟਰਪਤੀ ਦੇ ਵਿਵੇਕਸ਼ੀਲ ਅਧਿਕਾਰਾਂ ਨੂੰ ਸੀਮਤ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਵਿਚਾਰ ਲਈ ਰਾਖਵੇਂ ਬਿੱਲਾਂ 'ਤੇ ਫੈਸਲਾ ਲੈਣ ਲਈ ਤਿੰਨ ਮਹੀਨਿਆਂ ਦੀ ਸਮਾਂ ਸੀਮਾ ਨਿਰਧਾਰਤ ਕੀਤੀ ਸੀ।

## ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ 2025-26 ਲਈ ਜਲਦੀ ਹੀ ਦੁਬਾਰਾ ਖੋਲ੍ਹਿਆ ਜਾਵੇਗਾ

# 2.70 ਲੱਖ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਦਾ ਟੀਚਾ: ਡਾ. ਬਲਜੀਤ ਕੌਰ

**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ, ਪੰਜਾਬ ਸਰਕਾਰ ਸਮਾਜ ਦੇ ਸਾਰੇ ਵਰਗਾਂ ਦੀ ਤਰੱਕੀ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਖਾਸ ਕਰਕੇ, ਸਰਕਾਰ ਅਨੁਸੂਚਿਤ ਜਾਤੀ (ਐਸ.ਸੀ.) ਦੇ ਵਿਦਿਆਰਥੀਆਂ ਨੂੰ ਵਿਦਿਅਕ ਸਸ਼ਕਤੀਕਰਨ ਰਾਹੀਂ ਮੁੱਖ ਧਾਰਾ ਵਿੱਚ ਲਿਆਉਣ ਲਈ ਸਮਰਪਿਤ ਯਤਨ ਕਰ ਰਹੀ ਹੈ। ਇਹ ਗੱਲ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਹੀ।

ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਡਾ. ਅੰਬੇਡਕਰ ਪੋਸਟ-ਮੈਟ੍ਰਿਕ ਸਕਾਲਰਸ਼ਿਪ ਪੋਰਟਲ ਨੂੰ ਅਕਾਦਮਿਕ ਸਾਲ 2025-26 ਲਈ ਖੋਲ੍ਹਿਆ ਜਾ ਰਿਹਾ ਹੈ। ਯੋਗ ਵਿਦਿਆਰਥੀ ਜਲਦੀ ਹੀ ਪੋਰਟਲ ਰਾਹੀਂ ਆਪਣੀਆਂ ਅਰਜ਼ੀਆਂ ਆਨਲਾਈਨ ਜਮ ?ਹਾਂ ਕਰਵਾ ਸਕਣਗੇ।

ਮੰਤਰੀ ਨੇ ਦੱਸਿਆ ਕਿ ਸਰਕਾਰ ਨੇ 2025-26 ਵਿੱਚ ਇਸ ਯੋਜਨਾ ਅਧੀਨ 2.70 ਲੱਖ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਦਾ ਟੀਚਾ ਰੱਖਿਆ ਹੈ। ਇਸ ਯੋਜਨਾ ਤਹਿਤ, ਨਵੇਂ ਵਿਦਿਆਰਥੀਆਂ ਨੂੰ ਫ ?ਰੀ-ਸ਼ਿਪ ਕਾਰਡ ਜਾਰੀ ਕੀਤੇ ਜਾਂਦੇ ਹਨ, ਜਿਸ ਨਾਲ ਉਹ ਨਿਰਧਾਰਤ ਨਿਯਮਾਂ ਅਨੁਸਾਰ ਟਿਊਸ਼ਨ ਫੀਸਾਂ ਤੋਂ ਛੋਟ ਦੇ ਨਾਲ ਸੰਸਥਾਵਾਂ ਵਿੱਚ ਦਾਖਲਾ ਪ੍ਰਾਪਤ ਕਰ ਸਕਦੇ ਹਨ।

# ਬੋਇੰਗ ਨੇ ਭਾਰਤੀ ਫੌਜ ਨੂੰ ਅਪਾਚੇ ਹੈਲੀਕਾਪਟਰਾਂ ਦੀ ਪਹਿਲੀ ਖੇਪ ਸੌਂਪੀ

## ਆਰਮੀ ਏਵੀਏਸ਼ਨ ਕੋਰ ਦਾ ਹਿੱਸਾ ਹੋਣਗੇ ਪਹਿਲੀ ਖੇਪ 'ਚ ਪੁੱਜੇ 3 ਅਪਾਚੇ ਏਐਚ-64ਈ ਅਟੈਕ ਹੈਲੀਕਾਪਟਰ

**ਨਵੀਂ ਦਿੱਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤੀ ਫੌਜ ਲਈ ਤਿੰਨ ਅਪਾਚੇ ਏਐਚ-64ਈ ਅਟੈਕ ਹੈਲੀਕਾਪਟਰਾਂ ਦਾ ਪਹਿਲਾ ਬੈਚ ਮੰਗਲਵਾਰ ਨੂੰ ਭਾਰਤ ਪਹੁੰਚ ਗਿਆ ਹੈ। ਅਮਰੀਕੀ ਕੰਪਨੀ ਬੋਇੰਗ ਵੱਲੋਂ ਬਣਾਏ ਗਏ ਹੈਲੀਕਾਪਟਰਾਂ ਨੂੰ ਅਮਰੀਕਾ ਤੋਂ ਸੋਵੀਅਤ ਮੂਲ ਦੇ ਡਿਜ਼ਾਈਨ ਵਾਲੇ ਏਐਨ-124 ਕਾਰਗੋ ਜਹਾਜ਼ 'ਤੇ ਲਿਆਂਦਾ ਗਿਆ ਹੈ।

ਅਪਾਚੇ ਹੈਲੀਕਾਪਟਰਾਂ ਨੂੰ ਲੈ ਕੇ ਇਹ ਜਹਾਜ਼ ਹਿੰਡਨ ਏਅਰਬੇਸ 'ਤੇ ਉਤਰਿਆ। ਭਾਰਤੀ ਫੌਜ ਨੇ ਛੇ ਅਪਾਚੇ ਅਟੈਕ ਹੈਲੀਕਾਪਟਰਾਂ ਦੀ ਖਰੀਦ ਲਈ 2020 ਵਿੱਚ ਅਮਰੀਕਾ ਨਾਲ 5,691 ਕਰੋੜ ਰੁਪਏ ਦੇ ਸੌਦੇ 'ਤੇ ਦਸਤਖ਼ਤ ਕੀਤੇ ਸਨ।

ਸ਼ੁਰੂ ਵਿਚ ਇਨ੍ਹਾਂ ਦੀ ਡਿਲੀਵਰੀ 2024 ਦੇ ਅੱਧ ਵਿੱਚ ਹੋਣ ਦੀ ਉਮੀਦ ਸੀ, ਪਰ ਅਜਿਹਾ ਨਾ ਹੋਇਆ ਤਾਂ ਦੇਰੀ ਕਾਰਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪਣੇ ਅਮਰੀਕੀ ਹਮਰੁਤਬਾ ਪੀਟ ਹੇਗਸੇਥ ਨਾਲ ਟੈਲੀਫੋਨ ਕਾਲ 'ਤੇ ਇਹ ਮੁੱਦਾ ਉਠਾਇਆ ਸੀ। ਬਾਕੀ ਤਿੰਨ ਹੈਲੀਕਾਪਟਰ ਵੀ ਸਾਲ ਦੇ ਅਖ਼ੀਰ ਤੱਕ ਭਾਰਤੀ ਫ਼ੌਜ ਨੂੰ ਮਿਲ ਜਾਣ ਦੀ ਉਮੀਦ ਹੈ।

# ਮਿਗ-21 ਜੰਗੀ ਜਹਾਜ਼ਾਂ ਨੂੰ 19 ਸਤੰਬਰ ਨੂੰ ਕੀਤਾ ਜਾਵੇਗਾ ਸੇਵਾ-ਮੁਕਤ, ਚੰਡੀਗੜ੍ਹ 'ਚ ਹੋਵੇਗਾ ਸਮਾਗਮ

**ਨਵੀਂ ਦਿੱਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਹਵਾਈ ਸੈਨਾ (916) 19 ਸਤੰਬਰ ਨੂੰ ਆਪਣੇ ਆਖਰੀ ਮਿਗ-21 ਜੰਗੀ ਜਹਾਜ਼ ਨੂੰ ਰਸਮੀ ਤੌਰ 'ਤੇ ਸੇਵਾਮੁਕਤ ਕਰ ਦੇਵੇਗੀ, ਜਿਸ ਨਾਲ ਛੇ ਦਹਾਕਿਆਂ ਦੀ ਵਿਰਾਸਤ ਖਤਮ ਹੋ ਜਾਵੇਗੀ। ਇਸ ਦੇ ਨਾਲ ਹੀ ਇਸ ਕਾਰਵਾਈ ਨਾਲ 916 ਦੀ ਮਾਰੂ ਸਮਰੱਥਾ ਪਿਛਲੇ ਕੁਝ ਦਹਾਕਿਆਂ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ ਉਤੇ ਆ ਜਾਵੇਗੀ। ਭਾਰਤੀ ਹਵਾਈ ਫ਼ੌਜ ਨੇ ਇਸ ਸਬੰਧੀ ਅਖ਼ਬਾਰਾਂ ਵਿੱਚ ਇਸ਼ਤਿਹਾਰ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਮਿਗ-21 ਦਾ ਪੜਾਅਵਾਰ ਸੇਵਾ-ਮੁਕਤੀ ਸਮਾਰੋਹ 19 ਸਤੰਬਰ ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਕੀਤਾ ਜਾਵੇਗਾ ਅਤੇ ਇਸ ਵਿਚ ਸਾਬਕਾ ਸੈਨਿਕਾਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

ਇਸ ਵੇਲੇ ਭਾਰਤੀ ਹਵਾਈ ਸੈਨਾ ਕੋਲ ਦੋ ਮਿਗ-21 ਸਕੁਐਡਰਨ ਹਨ। ਸੂਤਰਾਂ ਨੇ ਕਿਹਾ ਕਿ ਉਨ੍ਹਾਂ ਦੇ ਪੜਾਅਵਾਰ ਬੰਦ ਹੋਣ ਨਾਲ ਫ਼ੌਜ ਦੇ ਜੰਗੀ ਜਹਾਜ਼ ਸਕੁਐਡਰਨਾਂ ਦੀ ਗਿਣਤੀ 29 ਹੋ ਜਾਵੇਗੀ, ਜੋ ਕਿ ਪਿਛਲੇ ਦਹਾਕਿਆਂ ਵਿੱਚ ਸਭ ਤੋਂ ਘੱਟ ਹੈ। ਸੁਰੱਖਿਆ ਬਾਰੇ ਕੈਬਨਿਟ ਕਮੇਟੀ ਦੇ ਫੈਸਲੇ ਅਨੁਸਾਰ, 916 ਨੂੰ ਪਾਕਿਸਤਾਨ ਅਤੇ ਚੀਨ ਨਾਲ ਦੋ-ਮੋਰਚਿਆਂ ਦੀ ਮਿਲੀਭੁਗਤ ਵਾਲੀ ਜੰਗ ਲਈ 42 ਸਕੁਐਡਰਨ ਜੈੱਟਾਂ ਦੀ ਲੋੜ ਹੈ। ਹਰੇਕ ਸਕੁਐਡਰਨ ਕੋਲ 16-18 ਜੈੱਟ ਹਨ।

ਤੇਜਸ ਮਾਰਕ-1ਏ ਜੰਗੀ ਜੈੱਟ ਦੀ ਸ਼ਮੂਲੀਅਤ ਵਿੱਚ ਦੇਰੀ ਹੋ ਗਈ ਹੈ, ਜਿਨ੍ਹਾਂ ਦਾ ਮਕਸਦ ਜਹਾਜ਼ਾਂ ਦੀ ਗਿਣਤੀ ਵਧਾਉਣਾ ਹੀ ਸੀ। ਇਨ੍ਹਾਂ ਦੀ ਡਿਲਿਵਰੀ ਮਾਰਚ 2024 ਵਿੱਚ ਸ਼ੁਰੂ ਹੋਣੀ ਸੀ ਤੇ ਹਰ ਸਾਲ ਘੱਟੋ-ਘੱਟ 16 ਜਹਾਜ਼ 916 ਨੂੰ ਦਿੱਤੇ ਜਾਣੇ ਸਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਨੂੰ ਬਣਾਉਣ ਵਾਲੇ ਅਦਾਰੇ ਹਿੰਦੁਸਤਾਨ ਐਰੋਨੌਟਿਕਸ ਲਿਮਟਿਡ (HAL) ਨੇ ਇੱਕ ਵੀ ਤੇਜਸ ਮਾਰਕ-1ਏ ਡਿਲਿਵਰ ਨਹੀਂ ਕੀਤਾ ਹੈ।

# ਬਠਿੰਡਾ: ਕਾਰ ਤੇ ਟਰੱਕ ਦੀ ਟੱਕਰ 'ਚ ਚਾਰ ਨੌਜਵਾਨਾਂ ਦੀ ਮੌਤ

**ਬਠਿੰਡਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਬਠਿੰਡਾ ਚੰਡੀਗੜ੍ਹ ਕੌਮੀ ਸ਼ਾਹਰਾਹ 'ਤੇ ਲਹਿਰਾ ਬੇਗਾ ਟੋਲ ਪਲਾਜ਼ਾ ਨੇੜੇ ਕਾਰ ਤੇ ਟਰੱਕ ਦੀ ਆਹਮੋ ਸਾਹਮਣੀ ਟੱਕਰ ਵਿਚ ਇਕ ਲੜਕੀ ਸਣੇ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਸਾਰੇ ਪੀੜਤ ਬਠਿੰਡਾ ਤੋਂ ਰਾਮਪੁਰਾ ਆ ਰਹੀ ਸਵਿਫਟ ਕਾਰ ਵਿਚ ਸਵਾਰ ਸਨ ਜਦੋਂਕਿ ਟਰੱਕ ਰਾਮਪੁਰਾ ਤੋਂ ਬਠਿੰਡਾ ਵੱਲ ਜਾ ਰਿਹਾ ਸੀ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਬੁਰੀ ਤਰ੍ਹਾਂ ਨੁਕਸਾਨ ਗਈ। ਹਾਦਸੇ ਬਾਰੇ ਜਾਣਕਾਰੀ ਮਿਲਦੇ ਹੀ ਬਠਿੰਡਾ ਛਾਉਣੀ ਪੁਲੀਸ ਥਾਣੇ ਦੀ ਟੀਮ ਮੌਕੇ 'ਤੇ ਪੁੱਜ ਗਈ। ਪੀੜਤਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਚ ਰਖਵਾ ਦਿੱਤੀਆਂ ਹਨ।

# ਸਿਹਤ ਮੰਤਰੀ ਨੇ ਮਰੀਜ਼ਾਂ ਨੂੰ ਹਸਪਤਾਲ ਦੇ ਬਾਹਰੋਂ ਦਵਾਈਆਂ ਲਿਖਣ ਦਾ ਲਿਆ ਸਖ਼ਤ ਨੋਟਿਸ

## ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਰੂਪਨਗਰ ਦੀ ਕੀਤੀ ਅਚਨਚੇਤ ਚੈਕਿੰਗ

**ਰੂਪ ਨਗਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਰੂਪਨਗਰ ਦਾ ਅਚਨਚੇਤ ਦੌਰਾ ਕੀਤਾ, ਇਸ ਦੌਰਾਨ ਸਿਹਤ ਮੰਤਰੀ ਨੇ ਮਰੀਜ਼ਾਂ ਨੂੰ ਹਸਪਤਾਲ ? ਦੇ ਬਾਹਰੋਂ ਦਵਾਈਆਂ ਲਿਖਣ ਦਾ ਸਖ਼ਤ ਨੋਟਿਸ ਲਿਆ ਤੇ 'ਕਾਰਨ ਦੱਸੋ' ਨੋਟਿਸ ਜਾਰੀ ਕੀਤਾ।

ਇਸ ਮੌਕੇ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਦੇ ਤਹਿਤ ਸਰਕਾਰ ਵੱਲੋਂ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ, ਮੁਫ਼ਤ ਟੈਸਟ ਦੇਣ ਦੀ ਪਾਲਿਸੀ ਬਣਾਈ ਗਈ ਹੈ, ਉਨ੍ਹਾਂ ਕਿਹਾ ਕਿ ਸਾਡੇ ਵੇਅਰ ਹਾਊਸ ਵਿੱਚ ਸਾਡੇ ਕੋਲ ਲਗਭਗ 400 ਕਿਸਮ ਦੀਆਂ ਦਵਾਈਆਂ ਖਰੀਦੀਆਂ ਹੋਈਆਂ ਹਨ, ਇਸ ਤੋਂ ਇਲਾਵਾ ਜੇਕਰ ਕੋਈ ਹੋਰ ਵੀ ਦਵਾਈ ਲਿਖਣੀ ਪੈਂਦੀ ਹੈ ਤਾਂ ਉਹ ਵੀ ਹਸਪਤਾਲ ਵੱਲੋਂ ਹੀ ਮੁਹੱਈਆ ਕਰਵਾਉਣੀ ਲਾਜ਼ਮੀ ਕੀਤੀ ਗਈ ਹੈ।

ਇਸ ਤੋਂ ਇਲਾਵਾ ਡਾ. ਬਲਬੀਰ ਸਿੰਘ ਨੇ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਦੇ ਹਸਪਤਾਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ, ਹਸਪਤਾਲਾਂ ਦੀਆਂ ਨਵੀਆਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ, ਪੁਰਾਣੀਆਂ ਇਮਾਰਤਾਂ ਦਾ ਨਵੀਨੀਕਰਣ ਕੀਤਾ ਜਾ ਰਿਹਾ ਹੈ।

ਸਿਹਤ ਵਿਭਾਗ ਵਿੱਚ ਭਰਤੀ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਰਕਾਰੀ ਹਸਪਤਾਲਾਂ ਦੀ ਕਾਰਗੁਜ਼ਾਰੀ ਤੇ ਸਮਰਥਾ ਵਧਾਉਣ ਲਈ ਸਟਾਫ਼ ਭਰਤੀ ਕੀਤਾ ਜਾ ਰਿਹਾ ਹੈ ਜਿਸ ਤਹਿਤ 1000 ਡਾਕਟਰ ਜਲਦੀ ਭਰਤੀ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਮਰੀਜ਼ਾਂ ਦੀ ਖੱਜਲ ਖ਼ੁਆਰੀ ਨੂੰ ਬੰਦ ਕੀਤਾ ਜਾ ਰਿਹਾ ਹੈ, ਪਰਚੀ ਰਜਿਸਟਰੇਸ਼ਨ ਤੇ ਲੰਬੀ ਵੇਟਿੰਗ ਨੂੰ ਘਟਾਉਣ ਲਈ ਕਾਊਂਟਰ ਵੀ ਵਧਾਏ ਜਾ ਰਹੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਯਤਨਸ਼ੀਲ ਹੈ। ਜਿਸ ਲਈ ਇਨ੍ਹਾਂ ਸਾਰੇ ਪ੍ਰਬੰਧਾਂ ਵਿੱਚ ਜਿੱਥੇ ਕਿਤੇ ਕੋਈ ਘਾਟ ਹੈ, ਉਸਨੂੰ ਦੂਰ ਕਰਨ ਲਈ ਉਹ ਸਰਕਾਰੀ ਹਸਪਤਾਲਾਂ ਦਾ ਦੌਰਾ ਕਰਕੇ ਜਾਇਜ਼ਾ ਲੈ ਰਹੇ ਹਨ ਤੇ ਕੋਈ ਵੀ ਕਮੀ ਆਦਿ ਜਲਦ ਦੂਰ ਕਰ ਦਿੱਤੀ ਜਾਵੇਗੀ।

ਇਸ ਮੌਕੇ ਸਿਵਲ ਸਰਜਨ ਰੂਪਨਗਰ ਡਾ. ਬਲਵਿੰਦਰ ਕੌਰ ਅਤੇ ਹਸਪਤਾਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਮੋਹਾਲੀ ਵਿਖੇ ਮਾਲਵੇਅਰ ਵਿਸ਼ਲੇਸ਼ਣ ਲਈ ਸਾਈਬਰ ਕਿਓਸਕ ਦਾ ਉਦਘਾਟਨ

## ➤ ਨਾਗਰਿਕ ਡਿਜੀਟਲ ਸੁਰੱਖਿਆ ਵੱਲ ਮਹੱਤਵਪੂਰਨ ਕਦਮ: ਵਿਸ਼ੇਸ਼ ਡੀਜੀਪੀ ਵੀ ਨੀਰਜਾ ➤ ਸੈਲ਼ਫ-ਸਰਵਿਸ ਕਿਓਸਕ ਐਂਡਰਾਇਡ ਅਤੇ ਆਈਓਐਸ ਡਿਵਾਈਸਾਂ, ਯੂਐਸਬੀ ਡਰਾਈਵਾਂ ਨੂੰ ਸਕੈਨ ਅਤੇ ਸੈਨੀਟਾਈਜ਼ ਦੀਆਂ 24 ਘੰਟੇ ਮੁਫ਼ਤ ਸੇਵਾਵਾਂ ਪ੍ਰਦਾਨ ਕਰਦਾ ਹੈ

**ਮੁਹਾਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਤਕ ਸਾਈਬਰ ਸੁਰੱਖਿਆ ਨੂੰ ਵਧਾਉਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦਿਆਂ ਪੰਜਾਬ ਪੁਲਿਸ ਨੇ ਸੋਮਵਾਰ ਨੂੰ ਮੋਹਾਲੀ ਦੇ ਸਟੇਟ ਸਾਈਬਰ ਕ੍ਰਾਈਮ ਦਫਤਰ ਵਿਖੇ ਮੋਬਾਈਲ ਡਿਵਾਈਸਾਂ ਦੇ ਮਾਲਵੇਅਰ ਵਿਸ਼ਲੇਸ਼ਣ ਲਈ ਸਾਈਬਰ ਕਿਓਸਕ ਮਸ਼ੀਨ ਦਾ ਉਦਘਾਟਨ ਕੀਤਾ। ਰਾਜ ਵਿੱਚ ਆਪਣੀ ਕਿਸਮ ਦੀ ਪਹਿਲੀ ਸਾਈਬਰ ਕਿਓਸਕ, ਇਹ ਮਸ਼ੀਨ ਨਾਗਰਿਕ ਡਿਜੀਟਲ ਸੁਰੱਖਿਆ ਵੱਲ ਮਹੱਤਵਪੂਰਨ ਤਕਨੀਕੀ ਤਰੱਕੀ ਹੈ।

ਸੈਲਫ-ਸਰਵਿਸ ਕਿਓਸਕ ਨੁਕਸਾਨਦੇਹ, ਪਾਬੰਦੀਸ਼ੁਦਾ ਜਾਂ ਅਸੁਰੱਖਿਅਤ ਐਪਲੀਕੇਸ਼ਨਾਂ ਅਤੇ ਫਾਈਲਾਂ ਤੋਂ ਐਂਡਰਾਇਡ ਅਤੇ ਆਈਓਐਸ ਮੋਬਾਈਲ ਡਿਵਾਈਸਾਂ ਦੇ ਨਾਲ-ਨਾਲ ਯੂਐਸਬੀ ਡਰਾਈਵਾਂ ਅਤੇ ਬਾਹਰੀ ਸਟੋਰੇਜ ਨੂੰ ਸਕੈਨ ਅਤੇ ਸੈਨੀਟਾਈਜ਼ ਕਰਨ ਲਈ ਤਿਆਰ ਕੀਤਾ ਗਿਆ ਹੈ।

ਮੋਹਾਲੀ ਦੇ ਫੇਜ਼ 4 ਵਿਖੇ ਸਟੇਟ ਸਾਈਬਰ ਕ੍ਰਾਈਮ ਦਫ਼ਤਰ ਵਿਖੇ ਸਾਈਬਰ ਕਿਓਸਕ ਦਾ ਉਦਘਾਟਨ ਕਰਦਿਆਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ, ਸਾਈਬਰ ਕ੍ਰਾਈਮ ਵੀ ਨੀਰਜਾ ਨੇ ਕਿਹਾ ਕਿ ਸਾਈਬਰ ਕਿਓਸਕ ਨਾਗਰਿਕਾਂ ਲਈ ਇੱਕ ਜਨਤਕ ਪਹਿਲ ਹੈ ਅਤੇ ਇਸਨੂੰ ਸ਼ੁਰੂ ਵਿੱਚ ਚਾਰ ਥਾਵਾਂ- ਮੋਹਾਲੀ, ਸੀਪੀ ਦਫ਼ਤਰ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਗਿਆ ਹੈ,ਜਿਸ ਉਪਰੰਤ ਇਸਨੂੰ ਹੋਰ ਜ਼ਿਲ੍ਹਿਆਂ ਵਿੱਚ ਵੀ ਸਥਾਪਤ ਕੀਤਾ ਜਾਵੇਗਾ।

ਲੋਕ ਭਲਾਈ ਅਤੇ ਉਦਯੋਗ ਸੰਗਠਨਾਂ ਦੇ ਪ੍ਰਤੀਨਿਧੀਆਂ ਨੂੰ ਸੰਬੋਧਨ ਕਰਦਿਆਂ ਸਪੈਸ਼ਲ ਡੀਜੀਪੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਿਓਸਕ 24 ਘੰਟੇ ਤੇਜ਼, ਸੁਰੱਖਿਅਤ ਅਤੇ ਮੁਫ਼ਤ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਹਰੇਕ ਸਕੈਨ ਵਿੱਚ ਸਿਰਫ਼ 2-5 ਮਿੰਟ ਲੱਗਦੇ ਹਨ। ਉਹਨਾਂ ਭਰੋਸਾ ਦਿੱਤਾ ਕਿ ਡੇਟਾ ਲੀਕ ਹੋਣ ਦਾ ਕੋਈ ਖ਼ਤਰਾ ਨਹੀਂ ਹੈ— ਨਾਗਰਿਕ ਮਾਲਵੇਅਰ ਲਈ ਆਪਣੇ ਡਿਵਾਈਸਾਂ ਦੀ ਸੁਰੱਖਿਅਤ ਢੰਗ ਨਾਲ ਜਾਂਚ ਕਰ ਸਕਦੇ ਹਨ ਅਤੇ ਸੰਭਾਵੀ ਜੋਖਮਾਂ ਨੂੰ ਤੁਰੰਤ ਹਟਾ ਸਕਦੇ ਹਨ।

ਉਹਨਾਂ ਨੇ ਜਨਤਾ ਨੂੰ ਸਾਈਬਰ ਅਪਰਾਧਾਂ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਵੀ ਕੀਤੀ ਅਤੇ ਸਾਈਬਰ ਅਪਰਾਧ ਹੈਲਪਲਾਈਨ - 1930 ਜਾਂ cybercrime.punjabpolice.gov.in 'ਤੇ 'ਸਾਈਬਰ-ਮਿੱਤਰ' ਚੈਟਬੋਟ ਰਾਹੀਂ ਤੁਰੰਤ ਰਿਪੋਰਟ ਕਰਨ ਲਈ ਕਿਹਾ।

ਲੋਕ ਨੁਮਾਇੰਦਿਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸਾਈਬਰ ਅਪਰਾਧ ਦੇ ਐਸਪੀ, ਜਸ਼ਨਦੀਪ ਸਿੰਘ ਗਿੱਲ ਨੇ ਕਿਹਾ ਕਿ ਕਿਓਸਕ ਆਈਐਮਈਆਈ ਵੇਰਵਿਆਂ ਤੇ ਸਿਮ ਸਬੰਧੀ ਜਾਣਕਾਰੀ ਦੀ ਪਛਾਣ ਕਰਦਾ ਹੈ ਅਤੇ ਐਪਲੀਕੇਸ਼ਨਾਂ ਤੇ ਅੰਦਰੂਨੀ ਸਟੋਰੇਜ ਦਾ ਤੇਜ਼ੀ ਅਤੇ ਡੂੰਘਾਈ ਨਾਲ ਸਕੈਨ ਕਰਦਾ ਹੈ। ਉਹਨਾਂ ਅੱਗੇ ਦੱਸਿਆ ਕਿ ਉਪਭੋਗਤਾ ਸੰਕਰਮਿਤ ਐਪਸ ਨੂੰ ਅਣਇੰਸਟਾਲ ਕਰ ਸਕਦੇ ਹਨ, ਨੁਕਸਾਨਦੇਹ ਫਾਈਲਾਂ ਨੂੰ ਹਟਾ ਸਕਦੇ ਹਨ ਅਤੇ ਸਕੈਨ ਰਿਪੋਰਟਾਂ ਤੁਰੰਤ ਤਿਆਰ ਕਰ ਸਕਦੇ ਹਨ। ਰਿਪੋਰਟ ਉਪਭੋਗਤਾ ਦੇ ਈਮੇਲ 'ਤੇ ਭੇਜੀ ਜਾ ਸਕਦੀ ਹੈ ਜਾਂ ਯੂਐਸਬੀ ਡਿਵਾਈਸ 'ਤੇ ਸਟੋਰ ਕੀਤੀ ਜਾ ਸਕਦੀ ਹੈ। ਸਿਸਟਮ ਉਪਭੋਗਤਾ-ਅਨੁਕੂਲ ਤੇ ਸੁਰੱਖਿਅਤ ਹੋਣ ਦੇ ਨਾਲ-ਨਾਲ ਵਨ ਟੱਚ ਸਕ੍ਰੀਨ ਇੰਟਰਫੇਸ ਜ਼ਰੀਏ ਕੰਮ ਕਰਦਾ ਹੈ।

ਨੈਸ਼ਨਲ ਫੋਰੈਂਸਿਕ ਸਾਇੰਸਜ਼ ਯੂਨੀਵਰਸਿਟੀ (ਐਨਐਫਐਸਯੂ) ਦੁਆਰਾ ਅਰਿਸ਼ਟੀ ਇਨਫੋ ਲੈਬਜ਼ ਦੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ ਇਹ ਕਿਓਸਕ ਮਾਲਵੇਅਰ ਵਿਸ਼ਲੇਸ਼ਣ ਆਧੁਨਿਕ ਤਕਨੀਕੀ ਹੁਨਰਾਂ ਦੀ ਲੋੜ ਦੇ ਬਿਨਾਂ ਸਿੱਧੇ ਜਨਤਕ ਖੇਤਰ ਵਿੱਚ ਲਿਆਂਦਾ ਗਿਆ ਹੈ। ਮੋਹਾਲੀ ਸਾਈਬਰ ਕਿਓਸਕ ਨੂੰ ਉਨ੍ਹਾਂ ਦੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਸਹੂਲਤ ਦੇ ਹਿੱਸੇ ਵਜੋਂ ਓਮੈਕਸ ਦੇ ਸਹਿਯੋਗ ਨਾਲ ਸਥਾਪਤ ਕੀਤਾ ਗਿਆ ਹੈ।

ਉਦਘਾਟਨ ਸਮਾਰੋਹ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਸੀਨੀਅਰ ਸਿਟੀਜ਼ਨਜ਼ ਐਸੋਸੀਏਸ਼ਨ, ਮੋਹਾਲੀ, ਲਾਇਨਜ਼ ਕਲੱਬ ਮੋਹਾਲੀ, ਰੈੱਡ ਕਰਾਸ ਮੋਹਾਲੀ, ਰੋਟਰੀ ਕਲੱਬ ਮੋਹਾਲੀ ਅਤੇ ਮੋਹਾਲੀ ਇੰਡਸਟਰੀਜ਼ ਐਸੋਸੀਏਸ਼ਨ ਦੇ ਨੁਮਾਇੰਦੇ ਸ਼ਾਮਲ ਸਨ।

## ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡਾ ਲਾਂਚ ਲਈ ਤਿਆਰ : ਡਿਪਟੀ ਕਮਿਸ਼ਨਰ ਨੇ ਲਿਆ ਤਿਆਰੀਆਂ ਦਾ ਜਾਇਜ਼ਾ

# ਹਲਵਾਰਾ ਹਵਾਈ ਅੱਡਾ ਬਣੇਗਾ ਆਰਥਿਕ ਵਿਕਾਸ ਦਾ ਕੇਂਦਰ : ਹਿਮਾਂਸ਼ੂ ਜੈਨ



**ਲੁਧਿਆਣਾ, 23 ਜੁਲਾਈ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅੰਤਿਮ ਤਿਆਰੀਆਂ ਦਾ ਜਾਇਜ਼ਾ ਲਿਆ।

ਮੀਟਿੰਗ ਵਿੱਚ ਪੀ.ਡਬਲਯੂ.ਡੀ, ਪਬਲਿਕ ਹੈਲਥ, ਪੀ.ਐਸ.ਪੀ.ਸੀ.ਐਲ, ਏਅਰਪੋਰਟ ਅਥਾਰਟੀ ਆਫ਼ ਇੰਡੀਆ (ਏ.ਏ.ਆਈ), ਐਨ.ਐਚ.ਏ.ਆਈ, ਡਰੇਨੇਜ ਵਿਭਾਗਾਂ ਦੇ ਮੁੱਖ ਅਧਿਕਾਰੀ ਅਤੇ ਠੇਕੇਦਾਰੀ ਫਰਮਾਂ ਦੇ ਨੁਮਾਇੰਦੇ ਸ਼ਾਮਲ ਸਨ।

ਡਿਪਟੀ ਕਮਿਸ਼ਨਰ ਜੈਨ ਨੇ ਸੀ.ਸੀ.ਟੀ.ਵੀ ਇੰਸਟਾਲੇਸ਼ਨ ਅਤੇ ਸਫਾਈ ਸਮੇਤ ਚੱਲ ਰਹੇ ਛੋਟੇ ਕੰਮਾਂ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ ਜੋ ਕਿ ਦੋ ਦਿਨ ਦੇ ਅੰਦਰ ਪੂਰਾ ਹੋਣ ਲਈ ਨਿਰਧਾਰਤ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਏ.ਏ.ਆਈ ਅਤੇ ਹੋਰ ਏਜੰਸੀਆਂ ਨਾਲ ਨੇੜਿਓਂ ਤਾਲਮੇਲ ਵਿੱਚ ਕੰਮ ਕਰ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੀਆਂ ਤਿਆਰੀਆਂ ਨੂੰ ਜਲਦੀ ਅੰਤਿਮ ਰੂਪ ਦਿੱਤਾ ਜਾਵੇ।

ਹਿਮਾਂਸ਼ੂ ਜੈਨ ਨੇ ਪੁਸ਼ਟੀ ਕੀਤੀ ਕਿ ਟਰਮੀਨਲ ਇਮਾਰਤ ਪੂਰੀ ਤਰ੍ਹਾਂ ਕਾਰਜਸ਼ੀਲ ਹੈ ਅਤੇ ਹਵਾਈ ਅੱਡੇ ਨੂੰ ਅਧਿਕਾਰਤ ਤੌਰ 'ਤੇ ਇਸਦਾ ਹਵਾਈ ਅੱਡਾ ਕੋਡ ਸੌਂਪਿਆ ਗਿਆ ਹੈ।

ਆਸ ਪ੍ਰਗਟ ਕਰਦੇ ਹੋਏ, ਹਿਮਾਂਸ਼ੂ ਜੈਨ ਨੇ ਉਜਾਗਰ ਕੀਤਾ ਕਿ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡਾ ਇੱਕ ਆਰਥਿਕ ਵਿਕਾਸ ਦਾ ਕੇਂਦਰ ਬਣਨ ਲਈ ਤਿਆਰ ਹੈ, ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ, ਨਿਰਯਾਤ ਨੂੰ ਵਧਾਏਗਾ, ਖੇਤਰ ਵਿੱਚ ਰੁਜ਼ਗਾਰ ਪੈਦਾ ਕਰੇਗਾ।

# ਨਾਬਾਰਡ ਨੇ ਪੰਜਾਬ ਦੀ ਖੇਤੀ ਅਰਥਵਿਵਸਥਾ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਪੰਜਾਬ ਦੀ ਖੇਤੀ ਅਰਥਵਿਵਸਥਾ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ।

ਨਾਬਾਰਡ ਦੇ 44ਵੇਂ ਸਥਾਪਨਾ ਦਿਵਸ ਨੂੰ ਮਨਾਉਣ ਲਈ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੂਬੇ ਦੇ ਕਿਸਾਨਾਂ ਨੂੰ ਸਸ਼ਕਤ ਬਣਾਉਣ ਅਤੇ ਸੂਬੇ ਦੇ ਸਹਿਕਾਰੀ ਬੈਂਕਿੰਗ ਨੈੱਟਵਰਕ ਨੂੰ ਮਜ਼ਬੂਤ ਕਰਨ ਵਿੱਚ ਸੰਸਥਾ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਖਾਸ ਤੌਰ 'ਤੇ ਸਹਿਕਾਰੀ ਬੈਂਕਾਂ ਅਤੇ ਸੋਸਾਇਟੀਆਂ ਨੂੰ ਨਾਬਾਰਡ ਦੁਆਰਾ ਦਿੱਤੇ ਗਏ ਘੱਟ ਵਿਆਜ ਦਰ ਵਾਲੇ ਕਰਜ਼ਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪਹੁੰਚਯੋਗ ਵਿੱਤੀ ਸਰੋਤ ਇਨ੍ਹਾਂ ਸੰਸਥਾਵਾਂ ਨੂੰ ਬਦਲੇ ਵਿੱਚ ਕਿਸਾਨਾਂ ਨੂੰ ਕਿਫਾਇਤੀ ਕਰਜ਼ਾ ਪ੍ਰਦਾਨ ਕਰਨ ਦੇ ਯੋਗ ਬਣਾਉਂਦੇ ਹਨ, ਜੋ ਕਿ ਸੂਬੇ ਵਿੱਚ ਖੇਤੀਬਾੜੀ ਵਿਕਾਸ ਦਾ ਮੁੱਖ ਅਧਾਰ ਹੈ। ਵਿੱਤ ਮੰਤਰੀ ਨੇ ਸੂਬੇ ਦੀ ਤਰੱਕੀ ਵਿੱਚ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸੋਸਾਇਟੀਆਂ (ਐਮ.ਪੀ.ਸੀ.ਏ.ਐਸ.ਐਸ) ਦੀ ਅਹਿਮ ਭੂਮਿਕਾ 'ਤੇ ਵੀ ਜ਼ੋਰ ਦਿੱਤਾ। ਪੰਜਾਬ ਦੇ ਸਹਿਕਾਰੀ ਖੇਤਰ ਦੀਆਂ ਸਫ਼ਲਤਾ ਦੀਆਂ ਕਹਾਣੀਆਂ ਦੇ ਪ੍ਰਮਾਣ ਵਜੋਂ, ਵਿੱਤ ਮੰਤਰੀ ਚੀਮਾ ਨੇ 1920 ਵਿੱਚ ਸਥਾਪਿਤ 'ਦਾ ਲਾਂਬੜਾ ਕਾਂਗੜੀ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਹੁਸ਼ਿਆਰਪੁਰ' ਦੇ ਨੁਮਾਇੰਦਿਆਂ ਨੂੰ ਸਮਾਗਮ ਵਿੱਚ ਮੌਜੂਦ ਲੋਕਾਂ ਨਾਲ ਆਪਣੀ ਸਫਲਤਾ ਦੀ ਕਹਾਣੀ ਸਾਂਝੀ ਕਰਨ ਲਈ ਸੱਦਾ ਦਿੱਤਾ। ਇਸ ਸੋਸਾਇਟੀ ਦੀ ਸਫ਼ਲਤਾ ਪ੍ਰਭਾਵਸ਼ਾਲੀ ਸਹਿਕਾਰੀ ਕਾਰਜਪ੍ਰਣਾਲੀ ਦੀ ਇੱਕ ਪ੍ਰੇਰਣਾਦਾਇਕ ਉਦਾਹਰਣ ਵਜੋਂ ਕੰਮ ਕਰਦੀ ਹੈ ਪੰਜਾਬ ਦੀਆਂ ਪ੍ਰਾਇਮਰੀ ਐਗਰੀਕਲਚਰਲ ਕ੍ਰੈਡਿਟ ਸੋਸਾਇਟੀਆਂ (ਪੈਕਸ) ਦੀ ਮੌਜੂਦਾ ਸਥਿਤੀ ਬਾਰੇ ਬੋਲਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਵਿੱਚ ਲਗਭਗ 3,500 ਪੈਕਸ ਵਿੱਚੋਂ ਲਗਭਗ 1,800 ਇਸ ਸਮੇਂ ਮੁਨਾਫੇ ਵਿੱਚ ਚੱਲ ਰਹੀਆਂ ਹਨ, ਜਦੋਂ ਕਿ ਬਾਕੀ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ। ਉਨ੍ਹਾਂ ਪੰਜਾਬ ਦੇ ਕਿਸਾਨਾਂ ਨੂੰ, ਜਿਨ੍ਹਾਂ ਹਮੇਸ਼ਾਂ ਖੇਤੀਬਾੜੀ ਨਵੀਨਤਾ ਵਿੱਚ ਦੇਸ਼ ਦੀ ਅਗਵਾਈ ਕੀਤੀ ਹੈ, ਨੂੰ ਸੂਬੇ ਭਰ ਵਿੱਚ ਪੈਕਸ ਨੈੱਟਵਰਕ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰਨ ਦੀ ਅਪੀਲ ਕੀਤੀ।

ਇਸ ਸਮਾਗਮ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੱਖ-ਵੱਖ ਸ਼੍ਰੇਣੀਆਂ ਵਿੱਚ ਬਿਹਤਰੀਨ ਐਮ.ਪੀ.ਸੀ.ਏ.ਐਸ.ਐਸ. ਨੂੰ ਸਨਮਾਨਿਤ ਵੀ ਕੀਤਾ, ਜਿਨ੍ਹਾਂ ਵਿੱਚ ਨੂਰਪੁਰ ਬੇਟ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਲੁਧਿਆਣਾ, ਲਾਂਬੜਾ ਕਾਂਗੜੀ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਹੁਸ਼ਿਆਰਪੁਰ, ਅਤੇ ਸੁਖਾਨੰਦ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਮੋਗਾ ਨੂੰ 'ਸਾਲ ਦੌਰਾਨ ਸਰਵੋਤਮ ਐਮ.ਪੀ.ਏ. ਸੀ.ਐਸ. - ਗੈਰ-ਕ੍ਰੈਡਿਟ ਸੇਵਾਵਾਂ' ਵਜੋਂ; ਬੀਜਾਪੁਰ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਲੁਧਿਆਣਾ, ਸਮੀਪੁਰ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਜਲੰਧਰ, ਅਤੇ ਕਲਿਆਣ ਸੁੱਖਾ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਬਠਿੰਡਾ ਨੂੰ 'ਸਰਵੋਤਮ ਐਮ.ਪੀ.ਏ.ਸੀ.ਐਸ. - ਵਿੱਤੀ ਕਾਰਗੁਜ਼ਾਰੀ' ਵਜੋਂ; ਅਤੇ ਸੁਖਾਨੰਦ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਮੋਗਾ, ਮਹਿਲ , ਐਸ.ਬੀ.ਐਸ. ਨਗਰ, ਅਤੇ ਗਿੱਦੜਾਣੀ ਐਮ.ਪੀ.ਸੀ.ਏ.ਐਸ.ਐਸ. ਲਿਮਟਿਡ, ਸੰਗਰੂਰ ਨੂੰ 'ਸਾਲ ਦੀਆਂ ਸਰਵੋਤਮ ਨਵੀਆਂ ਐਮ.ਪੀ.ਏ.ਸੀ.ਐਸ. - ਵੱਖ-ਵੱਖ ਐਮ.ਓ ਸੀ. ਪਹਿਲਕਦਮੀਆਂ ਨੂੰ ਅਪਣਾਉਣ' ਵਜੋਂ ਸਨਮਾਨਿਤ ਕੀਤਾ ਗਿਆ।

ਕੌਮੀ ਪੱਤ੍ਰਿਕਾ

# ਪੰਜਾਬ ਦੇ ਰਾਜਪਾਲ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਦੀਆਂ ਅੰਤਿਮ ਰਸਮਾਂ 'ਚ ਹੋਏ ਸ਼ਾਮਲ

## ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਫੌਜਾ ਸਿੰਘ ਦਾ ਜੀਵਨ ਹਮੇਸ਼ਾ ਚਾਨਣ ਮੁਨਾਰਾ ਬਣਿਆ ਰਹੇਗਾ : ਗੁਲਾਬ ਚੰਦ ਕਟਾਰੀਆ



**ਜਲੰਧਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਐਤਵਾਰ ਨੂੰ ਵਿਸ਼ਵ ਪ੍ਰਸਿੱਧ ਮੈਰਾਥਨ ਦੌੜਾਕ ਫੌਜਾ ਸਿੰਘ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ। ਉਨ੍ਹਾਂ ਫੌਜਾ ਸਿੰਘ ਦੇ ਜੱਦੀ ਪਿੰਡ ਬਿਆਸ ਵਿਖੇ ਪਹੁੰਚ ਕੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਸ੍ਰੀ ਕਟਾਰੀਆ ਨੇ ਮੈਰਾਥਨ ਦੌੜਾਕ ਫੌਜਾ ਸਿੰਘ ਦੀ ਮ੍ਰਿਤਕ ਦੇਹ 'ਤੇ ਫੁੱਲ ਮਲਾਵਾਂ ਭੇਟ ਕੀਤੀਆਂ। ਫੌਜਾ ਸਿੰਘ ਦਾ 14 ਜੁਲਾਈ ਨੂੰ ਆਪਣੇ ਪਿੰਡ ਵਿੱਚ ਸੜਕ ਪਾਰ ਕਰਦੇ ਸਮੇਂ ਇਕ ਤੇਜ਼ ਰਫ਼ਤਾਰ ਵਾਹਨ ਦੀ ਟੱਕਰ ਕਾਰਨ ਦੇਹਾਂਤ ਹੋ ਗਿਆ ਸੀ।

ਇਸ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ, ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ, ਹਲਕਾ ਇੰਚਾਰਜ ਆਦਮਪੁਰ ਪਵਨ ਕੁਮਾਰ ਟੀਨੂੰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਧਾਰਮਿਕ, ਰਾਜਨੀਤਕ ਅਤੇ ਸਮਾਜ ਸੇਵੀ ਸ਼ਖ਼ਸੀਅਤਾਂ ਹਾਜ਼ਰ ਸਨ।

ਇਸ ਮੌਕੇ ਪੰਜਾਬ ਦੇ ਰਾਜਪਾਲ ਨੇ ਕਿਹਾ ਕਿ ਫੌਜਾ ਸਿੰਘ ਇਕ ਮਹਾਨ ਮੈਰਾਥਨ ਦੌੜਾਕ ਹੋਣ ਦੇ ਨਾਲ-ਨਾਲ ਵਿਲੱਖਣ ਹਿੰਮਤ ਅਤੇ ਦ੍ਰਿੜ ਸੰਕਲਪ ਦੇ ਪ੍ਰਤੀਕ ਸਨ, ਜਿਨ੍ਹਾਂ ਅੰਤਰ ਰਾਸ਼ਟਰੀ ਪੱਧਰ 'ਤੇ ਦੇਸ਼ ਦਾ ਸਨਮਾਨ ਵਧਾਇਆ।

ਮੈਰਾਥਨ ਦੌੜਾਕ ਦੀਆਂ ਖੇਡਾਂ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਫੌਜਾ ਸਿੰਘ ਦੀ ਮਿਹਨਤ ਅਤੇ ਲਗਨ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ।

ਸ਼੍ਰੀ ਕਟਾਰੀਆ ਨੇ ਦਸੰਬਰ 2024 ਵਿੱਚ ਜ਼ਿਲ੍ਹਾ ਜਲੰਧਰ ਵਿਖੇ ਪਿੰਡ ਬਿਆਸ ਤੋਂ ਸ਼ੁਰੂ ਹੋਈ ਦੋ ਦਿਨਾ 'ਨਸ਼ਾ ਮੁਕਤ-ਰੰਗਲਾ ਪੰਜਾਬ' ਪੈਦਲ ਯਾਤਰਾ ਦੌਰਾਨ ਮੈਰਾਥਨ ਦੌੜਾਕ ਨਾਲ ਬਿਤਾਏ ਪਲਾਂ ਨੂੰ ਯਾਦ ਕਰਦਿਆਂ ਕਿਹਾ ਕਿ 114 ਸਾਲ ਦੀ ਉਮਰ ਵਿੱਚ ਵੀ ਉਨ੍ਹਾਂ ਦਾ ਜਜ਼ਬਾ ਬੇਮਿਸਾਲ ਸੀ। ਉਹ ਨਾ ਸਿਰਫ਼ ਨੌਜਵਾਨਾਂ ਲਈ ਸਗੋਂ ਸਮਾਜ ਦੇ ਹਰ ਵਰਗ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕਿਹਾ ਕਿ ਸਿਹਤਮੰਦ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਉਨ੍ਹਾਂ ਦਾ ਜੀਵਨ ਹਮੇਸ਼ਾ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ।

ਰਾਜਪਾਲ ਨੇ ਕਿਹਾ ਕਿ ਦੌੜਾਕ ਫੌਜਾ ਸਿੰਘ ਦੇ ਜਾਣ ਨਾਲ ਨਾ ਸਿਰਫ਼ ਪੰਜਾਬ, ਸਗੋਂ ਦੇਸ਼ ਅਤੇ ਵਿਦੇਸ਼ਾਂ ਵਿੱਚ ਬੈਠਾ ਹਰ ਪੰਜਾਬੀ ਅਤੇ ਖੇਡ ਪ੍ਰੇਮੀ ਸੋਗ ਵਿੱਚ ਡੁੱਬ ਗਿਆ ਹੈ। ਉਨ੍ਹਾਂ ਪਰਿਵਾਰਕ ਮੈਂਬਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਅਰਦਾਸ ਕੀਤੀ।

ਮੈਰਾਥਨ ਦੌੜਾਕ ਫੌਜਾ ਸਿੰਘ ਦੀਆਂ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ ਪੰਜਾਬ ਦੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਫੌਜਾ ਸਿੰਘ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਖੇਡ ਜਗਤ ਨੂੰ ਵੀ ਵੱਡਾ ਘਾਟਾ ਪਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਫੌਜਾ ਸਿੰਘ ਨੇ ਮੈਰਾਥਨ ਦੌੜਾਂ ਰਾਹੀਂ ਪੰਜਾਬ ਅਤੇ ਦੁਨੀਆ ਦੇ ਸਿੱਖ ਭਾਈਚਾਰੇ ਦਾ ਨਾਂ ਰੌਸ਼ਨ ਕੀਤਾ। ਸ਼ ?ਰੀ ਭਗਤ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਲਈ ਉਹ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ।

ਕੈਬਨਿਟ ਮੰਤਰੀ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਪ੍ਰਮਾਤਮਾ ਅੱਗੇ ਪਰਿਵਾਰ ਨੂੰ ਇਸ ਵੱਡੇ ਘਾਟੇ ਨੂੰ ਸਹਿਣ ਕਰਨ ਦਾ ਬਲ ਬਖਸ਼ਣ ਅਤੇ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਦੇਣ ਦੀ ਅਰਦਾਸ ਕੀਤੀ।

ਇਸ ਮੌਕੇ ਡੀ.ਆਈ.ਜੀ. ਜਲੰਧਰ ਰੇਂਜ ਨਵੀਨ ਸਿੰਗਲਾ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐਸ.ਐਸ.ਪੀ. ਜਲੰਧਰ (ਦਿਹਾਤੀ) ਹਰਵਿੰਦਰ ਸਿੰਘ ਵਿਰਕ ਨੇ ਵੀ ਸਵ. ਫੌਜਾ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

# ਸ਼੍ਰੀ ਦੁਰਗਾ ਸੇਵਾ ਮੰਡਲ ਨਾਭਾ ਵੱਲੋ ਸੈਂਕੜੇ ਸ਼ਰਧਾਲੂਆਂ ਦਾ ਜੱਥਾ ਮਾਤਾ ਸ਼੍ਰੀ ਨੈਣਾ ਦੇਵੀ ਲਈ ਹੋਇਆ ਰਵਾਨਾ

**ਨਾਭਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸ੍ਰੀ ਦੁਰਗਾ ਸੇਵਾ ਮੰਡਲ (ਰਜਿ.) ਨਵੀਂ ਅਨਾਜ ਮੰਡੀ, ਨਾਭਾ ਵੱਲੋਂ ਪ੍ਰਧਾਨ ਕ੍ਰਿਸ਼ਨ ਕੁਮਾਰ ਮੰਗਲਾ ਕੁਕੀ ਜੀ ਅਗਵਾਈ ਹੇਠ ਸੈਂਕੜੇ ਸ਼ਰਧਾਲੂਆਂ ਦਾ ਜੱਥਾ ਨਾਭਾ ਤੋਂ ਮਾਤਾ ਸ੍ਰੀ ਨੈਣਾ ਦੇਵੀ ਜੀ (ਬਿਲਾਸਪੁਰ ਹਿਮਾਚਲ ਪ੍ਰਦੇਸ਼) ਲਈ 46ਵੀਂ ਪੈਦਲ ਯਾਤਰਾ ਚੌਕ ਦੇਵੀ ਮੰਦਿਰ, ਤੋਂ ਰਵਾਨਾ ਹੋਈ। ਇਸ ਮੌਕੇ ਹਲਕਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਝੰਡੀ ਦੇ ਕੇ ਸ਼ਰਧਾਲੂਆਂ ਦੇ ਜੱਥੇ ਨੂੰ ਰਵਾਨਾ ਕੀਤਾ। ਰਵਾਨਾ ਕਰਨ ਉਪਰੰਤ ਉਨਾਂ ਸਾਂਝੇ ਤੌਰ ਤੇ ਕਿਹਾ ਕਿ ਜਿਹੜੇ ਸ਼ਰਧਾਲੂ ਸਾਵਨ ਦੇ ਮਹੀਨੇ ਵਿੱਚ ਮਾਤਾ ਸ੍ਰੀ ਨੈਣਾ ਦੇਵੀ ਜੀ ਲਈ ਪੈਦਲ ਜਾਂਦੇ ਹਨ, ਉਹ ਬੜੇ ਭਾਗਾਂ ਵਾਲੇ ਹੁੰਦੇ ਹਨ। ਉਹਨਾਂ ਤੇ ਮਾਤਾ ਰਾਣੀ ਜੀ ਕਿਰਪਾ ਹਮੇਸ਼ਾ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਹ ਪੈਦਲ ਯਾਤਰਾ ਲੈ ਕੇ ਜਾਂਦੇ ਹਨ ਇਹ ਬਹੁਤ ਹੀ ਵਧੀਆ ਉਪਰਾਲਾ ਹੈ। ਸਮੂਹ ਮੈਂਬਰਾਂ ਵੱਲੋਂ ਆਈਆਂ ਹੋਈਆਂ ਸ਼ਖਸੀਅਤਾਂ ਦਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਸ ਮੌਕੇ ਪ੍ਰਧਾਨ ਕਰਮਜੀਤ ਸਿੰਘ ਭੋਲੀ, ਹਰੀ ਕ੍ਰਿਸ਼ਨ ਸੇਠ, ਸੁਰਿੰਦਰ ਗੁਪਤਾ, ਸੁਰਿੰਦਰ ਸਿੰਗਲਾ, ਵਿਜ, ਰਵਨੀਸ਼ ਜਿੰਦਲ, ਅਸ਼ੋਕ ਬੱਬੀ, ਪ੍ਰਮੋਦ ਜਿੰਦਲ, ਤੇਜਿੰਦਰ ਖਹਿਰਾ, ਜਸਵੀਰ ਸਿੰਘ, ਸੰਦੀਪ ਗਗਗ, ਬੱਬੀ ਮੋਦਗਿਲ, ਸ਼ਸ਼ੀ ਜਿੰਦਲ, ਭੁਵੇਸ਼ ਬਾਂਸਲ, ਭੁਪਿੰਦਰ ਸਿੰਘ ਕਲਰਮਜਰੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਾਤਾ ਰਾਣੀ ਦੇ ਭਗਤ ਹਾਜ਼ਰ ਸਨ।

# ਕਸ਼ਮੀਰ ਵਿੱਚ ਮਨਾਇਆ ਜਾਏਗਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ 350ਵਾਂ ਵਰ੍ਹਾ

**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

2025 ਦਾ ਇਹ ਸਾਲ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ 350ਵਾਂ ਵਰ੍ਹਾ ਹੈ। ਇਸ ਪ੍ਰਥਾਏ ਭਾਸ਼ਾ ਵਿਭਾਗ, ਪੰਜਾਬ ਨੇ ਸ. ਹਰਜੋਤ ਸਿੰਘ ਬੈਂਸ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਦੀ ਅਗਵਾਈ ਵਿੱਚ ਦੋ ਰੋਜ਼ਾ ਸਮਾਗਮ 'ਤੇਗ ਬਹਾਦਰ ਸਿਮਰਿਐ' ਦੇ ਸਿਰਲੇਖ ਅਧੀਨ ਪੰਡਿਤ ਕਿਰਪਾ ਰਾਮ ਜੀ ਦੀ ਜਨਮ ਭੂਮੀ ਮੱਤਨ ਅਤੇ ਸ੍ਰੀਨਗਰ (ਕਸ਼ਮੀਰ) ਵਿਖੇ 23 ਤੇ 24 ਜੁਲਾਈ ਨੂੰ ਆਯੋਜਿਤ ਕਰਨ ਦਾ ਫ਼ੈਸਲਾ ਕੀਤਾ ਹੈ। ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਏਜਿਜ਼ ਸ੍ਰੀਨਗਰ ਦੇ ਸਹਿਯੋਗ ਨਾਲ ਹੋਣ ਵਾਲੇ ਇਨ੍ਹਾਂ ਸਮਾਗਮਾਂ ਦੀ ਆਰੰਭਤਾ 23 ਜੁਲਾਈ ਨੂੰ ਸਵੇਰੇ ਮੱਤਨ ਦੇ ਗੁਰਦੁਆਰਾ ਸਾਹਿਬ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਵੇਗੀ।

ਦੱਸਣਯੋਗ ਹੈ ਕਿ ਸ੍ਰੀਨਗਰ ਨੇੜਲੇ ਸਥਾਨ ਮੱਤਨ ਦਾ ਸਬੰਧ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਅਨੰਦਪੁਰ ਸਾਹਿਬ ਵਿਖੇ ਫਰਿਆਦ ਲੈ ਕੇ ਆਉਣ ਵਾਲੇ ਕਸ਼ਮੀਰੀ ਪੰਡਤਾਂ ਦੇ ਮੁਖੀ ਪੰਡਿਤ ਕਿਰਪਾ ਰਾਮ ਜੀ ਨਾਲ ਸੀ। ਪੰਡਿਤ ਜੀ ਕਈ ਪੀੜ੍ਹੀਆਂ ਤੋਂ ਗੁਰੂ ਘਰ ਦੇ ਸ਼ਰਧਾਲੂ ਸਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਨੰਦਪੁਰ ਸਾਹਿਬ ਵਿਖੇ ਹੀ ਰਹੇ ਅਤੇ ਗੁਰੂ ਪਰਿਵਾਰ ਦੀ ਸੇਵਾ ਸੰਭਾਲ ਕੀਤੀ। ਖਾਲਸਾ ਪੰਥ ਦੀ ਸਾਜਨਾ ਵੇਲੇ ਆਪ ਖੰਡੇ ਦੀ ਪਾਹੁਲ ਛਕ ਕੇ ਭਾਈ ਕਿਰਪਾ ਸਿੰਘ ਬਣੇ ਅਤੇ ਦਸੰਬਰ 1705 ਨੂੰ ਚਮਕੌਰ ਦੀ ਲੜਾਈ ਵਿੱਚ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਸਮੇਤ ਸ਼ਹੀਦ ਹੋਏ।

ਸ. ਜ਼ਫ਼ਰ ਨੇ ਦੱਸਿਆ ਕਿ ਇਸ ਉਪਰੰਤ ਸ੍ਰੀਨਗਰ ਵਿਖੇ ਟੈਗੋਰ ਹਾਲ ਵਿੱਚ ਹੋਣ ਵਾਲਾ ਦੋ ਦਿਨਾ ਸਮਾਗਮ ਤਿੰਨ ਭਾਗਾਂ ਵਿੱਚ ਹੋਏਗਾ। 23 ਜੁਲਾਈ ਨੂੰ ਬਾਅਦ ਦੁਪਹਿਰ 2 ਵਜੇ ਟੈਗੋਰ ਹਾਲ ਵਿਖੇ 'ਗੁਰੂ ਵਿਚਾਰ' ਸਿਰਲੇਖ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਬਾਣੀ, ਸ਼ਹੀਦੀ ਤੇ ਫਲਸਫ਼ੇ ਬਾਰੇ ਵਿਚਾਰ ਗੋਸ਼ਟੀ ਕਰਵਾਈ ਜਾਵੇਗੀ। ਇਸ ਸਮਾਗਮ ਦੇ ਮੁੱਖ ਮਹਿਮਾਨ ਸ. ਹਰਜੋਤ ਸਿੰਘ ਬੈਂਸ ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ, ਪੰਜਾਬ ਹੋਣਗੇ। ਉੱਘੇ ਚਿੰਤਕ ਡਾ. ਅਮਰਜੀਤ ਸਿੰਘ ਗਰੇਵਾਲ ਮੁੱਖ ਭਾਸ਼ਣ ਦੇਣਗੇ। ਸਮਾਗਮ ਦੀ ਪ੍ਰਧਾਨਗੀ ਜੰਮੂ ਅਤੇ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੂਏਜਿਜ ਦੇ ਸਕੱਤਰ ਸ੍ਰੀਮਤੀ ਹਰਵਿੰਦਰ ਕੌਰ ਜੇ.ਕੇ.ਏ.ਐਸ. ਕਰਨਗੇ। ਦੂਜੇ ਭਾਗ ਵਿੱਚ ਸ਼ਾਮ 5 ਵਜੇ ਸ਼ੁਰੂ ਹੋਣ ਵਾਲੇ 'ਕਾਵਿ ਸ਼ਰਧਾਂਜਲੀ' ਸਿਰਲੇਖ ਤਹਿਤ ਪੰਜਾਬੀ, ਡੋਗਰੀ ਅਤੇ ਕਸ਼ਮੀਰੀ ਜ਼ੁਬਾਨਾਂ ਦੇ ਚੋਣਵੇਂ ਕਵੀ ਗੁਰੂ ਸਾਹਿਬ ਨੂੰ ਕਾਵਿ-ਸ਼ਰਧਾਂਜਲੀ ਭੇਂਟ ਕਰਨਗੇ।

ਅਗਲੇ ਦਿਨ 24 ਜੁਲਾਈ ਸ਼ਾਮ ਨੂੰ 5 ਵਜੇ ਟੈਗੋਰ ਹਾਲ ਵਿੱਚ ਰਸ-ਭਿੰਨਾ ਸੰਗੀਤਕ ਸਮਾਗਮ ਹੋਏਗਾ। 'ਗੁਰੂ ਨਾਨਕ ਜਹਾਜ਼' ਫ਼ਿਲਮ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਗਾਇਨ ਕਰਨ ਵਾਲੇ ਬੜੇ ਰਸੀਲੇ ਅਤੇ ਮਨਮੋਹਣੇ ਨੌਜਵਾਨ ਗਾਇਕ ਬੀਰ ਸਿੰਘ ਗੁਰੂ ਸਾਹਿਬ ਦੀ ਬਾਣੀ ਦੇ ਗਾਇਨ ਦੇ ਨਾਲ-ਨਾਲ ਮੁਹੱਬਤੀ ਅਤੇ ਵਿਸਮਾਦੀ ਕਲਾਮ ਪੇਸ਼ ਕਰਨਗੇ। ਭਾਸ਼ਾ ਵਿਭਾਗ, ਪੰਜਾਬ ਵੱਲੋਂ ਕਸ਼ਮੀਰ ਵਿੱਚ ਵਸਦੇ ਸਮੂਹ ਪੰਜਾਬੀਆਂ ਅਤੇ ਗੁਰੂ ਪਿਆਰਿਆਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਹੁੰਮ-ਹੁਮਾ ਕੇ ਹਿੱਸਾ ਲੈਣ ਦਾ ਪ੍ਰੇਮ ਸਹਿਤ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ NALSA ਦੀ "ਸਾਥੀ SAATHI" ਯੋਜਨਾ 2025 ਦੇ ਤਹਿਤ ਆਧਾਰ ਰਜਿਸਟ੍ਰੇਸ਼ਨ ਕੈਂਪ ਦਾ ਆਯੋਜਨ



**ਮੁਹਾਲੀ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਣਯੋਗ ਜਸਟਿਸ ਸ੍ਰੀ ਦੀਪਕ ਸਿੱਬਲ, ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ (ਮੋਹਾਲੀ) ਅਤੇ ਸ੍ਰੀਮਤੀ ਨਵਜੋਤ ਕੌਰ, ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸ੍ਰੀ ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਜੀ ਦੀ ਅਗਵਾਈ ਹੇਠ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਨਿਗਰਾਨੀ ਹੇਠ ਅੱਜ ਮਿਤੀ 19.07.2025 ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਾਜ਼ਿਲਕਾ ਵੱਲੋਂ NALSA ਦੀ "ਸਾਥੀ SAATHI (Survey for Aadhaar and Access to Tracking & Holistic Inclusion) ਯੋਜਨਾ 2025 ਦੇ ਤਹਿਤ ਆਧਾਰ ਰਜਿਸਟ ?ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ।

ਕੈਂਪ ਦੌਰਾਨ ਆਵਾਸਹੀਨ, ਬੇਸਹਾਰਾ ਅਤੇ ਅਪੰਗ ਬੱਚਿਆਂ ਦੇ ਆਧਾਰ ਕਾਰਡ ਅਤੇ ਜਨਮ ਸਰਟੀਫਿਕੇਟ ਬਣਾਏ ਅਤੇ ਰਜਿਸਟਰ ਕੀਤੇ ਗਏ, ਤਾਂ ਜੋ ਉਹ ਭਵਿੱਖ ਵਿੱਚ ਸਰਕਾਰੀ ਭਲਾਈ ਸਕੀਮਾਂ ਦਾ ਪੂਰਾ ਲਾਭ ਲੈ ਸਕਣ। ਇਸ ਪ੍ਰਕਿਰਿਆ ਵਿੱਚ ਸਹਿਯੋਗ ਦੇਣ ਲਈ ਸੇਵਾ ਕੇਂਦਰ ਅਤੇ ਸਿਹਤ ਵਿਭਾਗ ਦੀ ਵਿਸ਼ੇਸ਼ ਟੀਮ ਮੌਕੇ 'ਤੇ ਉਪਲਬਧ ਰਹੀ।

ਇਸ ਮੌਕੇ 'ਤੇ ਸਕੱਤਰ ਜੀ ਨੇ ਅਧਿਕਾਰੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਫ਼ਾਜ਼ਿਲਕਾ ਜ਼ਿਲ੍ਹੇ ਦੇ ਹਰ ਨਿਰਾਸ਼੍ ?ਤ ਬੱਚੇ ਦੀ ਪਛਾਣ ਕਰਕੇ ਉਨ੍ਹਾਂ ਦਾ ਆਧਾਰ ਕਾਰਡ ਜਲਦ ਤੋਂ ਜਲਦ ਬਣਾਇਆ ਜਾਵੇ, ਤਾਂ ਜੋ ਕੋਈ ਵੀ ਬੱਚਾ ਸਰਕਾਰੀ ਸਹਾਇਤਾ ਤੋਂ ਵਾਂਝਾ ਨਾ ਰਹਿ ਜਾਵੇ।

ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਸਲਾਹ ਅਤੇ ਜਾਣਕਾਰੀ ਲਈ 15100 ਟੋਲ ਫਰੀ ਨੰ. ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਡੇ ਖਿਡਾਰੀ ਰੰਗਲਾ ਪੰਜਾਬ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਬ੍ਰਾਂਡ ਅੰਬੈਸਡਰ: ਸਿਹਤ ਮੰਤਰੀ

**➢ ਟਰਬਨਡ ਟੌਰਨੈਡੋ ਫੌਜਾ ਸਿੰਘ ਸਾਡੇ ਖਿਡਾਰੀਆਂ ਦੇ ਰੋਲ ਮਾਡਲ ਬਣੇ ਰਹਿਣਗੇ : ਡਾ ਬਲਬੀਰ ਸਿੰਘ ➢ ਪੰਜਾਬ ਗਰੈਪਲਿੰਗ ਕਮੇਟੀ ਵੱਲੋਂ ਕਰਵਾਏ ਗਰੈਪਲਿੰਗ (ਰੈਸਲਿੰਗ) ਦੇ ਰਾਜ ਪੱਧਰੀ ਟੂਰਨਾਮੈਂਟ ਦੇ ਜੇਤੂ ਸਨਮਾਨਤ ਕੀਤੇ**

**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਮੰਤਰੀ ਡਾ. ਬਲਬੀਰ ਸਿੰਘ ਪੰਜਾਬ ਗਰੈਪਲਿੰਗ ਕਮੇਟੀ ਵੱਲੋਂ ਕਰਵਾਏ ਗਏ ਰਾਜ ਪੱਧਰੀ ਗਰੈਪਲਿੰਗ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਮੌਕੇ ਸ਼ਿਰਕਤ ਕਰਦੇ ਹੋਏ।

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਕਿਹਾ ਹੈ ਕਿ ਸਾਡੇ ਖਿਡਾਰੀ ਪੰਜਾਬ ਸਰਕਾਰ ਵੱਲੋਂ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਅਰੰਭੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਰੰਗਲਾ ਪੰਜਾਬ ਦੇ ਬ੍ਰਾਂਡ ਅੰਬੈਸਡਰ ਹਨ। ਸਿਹਤ ਮੰਤਰੀ ਅੱਜ ਇੱਥੇ ਪੰਜਾਬ ਗਰੈਪਲਿੰਗ ਕਮੇਟੀ ਵੱਲੋਂ ਪੀਐਮ ਸ੍ਰੀ ਸਰਕਾਰੀ ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਕਰਵਾਏ ਗਏ ਗਰੈਪਲਿੰਗ (ਰੈਸਲਿੰਗ) ਦੇ ਰਾਜ ਪੱਧਰੀ ਟੂਰਨਾਮੈਂਟ ਦੇ ਜੇਤੂਆਂ ਨੂੰ ਸਨਮਾਨ ਕਰਨ ਪੁੱਜੇ ਹੋਏ ਸਨ।

ਇਸ ਮੌਕੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ 114 ਸਾਲਾਂ ਦੇ ਮੈਰਾਥਾਨ ਰਨਰ ਫ਼ੌਜਾ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਫ਼ੌਜਾ ਸਿੰਘ ਸਾਡੇ ਖਿਡਾਰੀਆਂ ਅਤੇ ਨੌਜਵਾਨਾਂ ਦੇ ਸਦਾ ਰੋਲ ਮਾਡਲ ਬਣੇ ਰਹਿਣਗੇ, ਇਸ ਲਈ ਸਾਰੇ ਨੌਜਵਾਨ ਦਬਾਅ ਕੇ ਮਿਹਨਤ ਕਰਨ ਅਤੇ ਖੇਡਾਂ ਵਿੱਚ ਨਾਮਣਾ ਖੱਟਣ। ਉਨ੍ਹਾਂ ਦੱਸਿਆ ਕਿ ਹੁਣ ਮੈਡੀਕਲ ਤੇ ਇੰਜੀਨੀਅਰਿੰਗ ਸਮੇਤ ਹੋਰ ਕਿੱਤਿਆਂ ਦੀ ਤਰ੍ਹਾਂ ਪੰਜਾਬ ਸਰਕਾਰ ਦੀ ਸਿੱਖਿਆ ਤੇ ਖੇਡ ਨੀਤੀ ਕਰਕੇ ਖੇਡਾਂ ਵੀ ਹੁਣ ਚੰਗਾ ਕੈਰੀਅਰ ਬਣ ਗਈਆਂ ਹਨ, ਜਿਸ ਲਈ ਨੌਜਵਾਨ ਮੈਡਲ ਜਿੱਤ ਕੇ ਲਿਆਉਣ ਤਾਂ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਨ੍ਹਾਂ ਨੂੰ ਨੌਕਰੀਆਂ ਵੀ ਦੇਵੇਗੀ ਅਤੇ ਨਗਦ ਇਨਾਮ ਵੀ ਦੇਵੇਗੀ।

ਡਾ. ਬਲਬੀਰ ਸਿੰਘ ਨੇ ਰਾਜ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ ?ਆਂ ਤੋਂ ਬਚਾਉਣ ਲਈ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਅਤੇ ਰੰਗਲਾ ਪੰਜਾਬ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹੁਣ ਪੰਜਾਬ ਦੇ ਹਰ ਪਿੰਡ ਚ ਖੇਡ ਦੇ ਮੈਦਾਨ ਬਣਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਆਉਣ ਵਾਲੀਆਂ ਪੀੜ੍ਹੀਆਂ ਲਈ ਲੜਾਈ ਲੜ ਰਹੀ ਹੈ, ਜਿਸ ਲਈ ਸਾਰੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਖੇਡਾਂ ਤੇ ਹੋਰ ਗਤੀਵਿਧੀਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਹਾਕੀ ਤੇ ਕ੍ਰਿਕਟ ਸਮੇਤ ਕਈ ਹੋਰ ਖੇਡਾਂ ਦੇ ਨਾਮਵਰ ਪੰਜਾਬੀ ਖਿਡਾਰੀਆਂ ਦਾ ਜਿਕਰ ਕਰਦਿਆਂ ਕਿਹਾ ਕਿ ਸਾਡੇ ਖਿਡਾਰੀਆਂ ਨੇ ਪੰਜਾਬ ਦਾ ਨਾਮ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਚਮਕਾਇਆ ਹੈ।

ਪੰਜਾਬ ਗਰੈਪਲਿੰਗ ਕਮੇਟੀ ਦੇ ਚੇਅਰਮੈਨ ਸ਼ੁਭਮ ਚੌਧਰੀ ਅਤੇ ਪੰਜਾਬ ਪ੍ਰਧਾਨ ਅਕਸ਼ੇ ਤਿਵਾੜੀ ਨੇ ਦੱ ?ਸਿਆ ਕਿ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ ਦੀ ਰਹਿਨੁਮਾਈ ਹੇਠ ਰਾਜ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਦੀ ਜਥੇਬੰਦੀ ਵੱਲੋਂ ਗਰੈਪਲਿੰਗ ਰੈਸਲਿੰਗ ਦੀ ਤਰ੍ਹਾਂ ਦੀ ਹੀ ਇੱਕ ਜਾਨਦਾਰ ਖੇਡ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਇਸ ਤੋਂ ਪਹਿਲਾਂ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਸਨ ਅਤੇ ਹੁਣ ਦੋ ਰੋਜ਼ਾ ਸੂਬਾ ਪੱਧਰੀ ਮੁਕਾਬਲੇ ਕਰਵਾਏ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਭਾਰ ਵਰਗ ਦੇ ਨੌਜਵਾਨਾਂ ਨੇ ਰਾਜ ਭਰ ਤੋਂ ਇੱਥੇ ਪੁੱਜਕੇ ਬਹੁਤ ਜੋਸ਼ ਨਾਲ ਇਨ੍ਹਾਂ ਖੇਡਾਂ ਵਿੱਚ ਹਿੱਸਾ ਲਿਆ ਹੈ ਅਤੇ ਇੱਥੋਂ ਦੇ ਜੇਤੂ ਹੁਣ ਕੌਮੀ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਨੇ ਵੀ ਸਿਹਤ ਮੰਤਰੀ ਦਾ ਸਵਾਗਤ ਕੀਤਾ।

# ਯੁੱਧ ਨਸ਼ਿਆਂ ਵਿਰੁਧ ਦਾ 140ਵਾਂ ਦਿਨ: 1.5 ਕਿਲੋ ਹੈਰੋਇਨ ਸਮੇਤ 86 ਨਸ਼ਾ ਤਸਕਰ ਕਾਬੂ

**'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਕੀਤਾ ਰਾਜ਼ੀ**

**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁਧ' ਦੇ 140 ਦਿਨ ਪੰਜਾਬ ਪੁਲਿਸ ਨੇ 86 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.5 ਕਿਲੋਗ੍ਰਾਮ ਹੈਰੋਇਨ ਅਤੇ 45,700 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਦੇ ਨਾਲ, ਸਿਰਫ਼ 140 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 22,626 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 81 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1200 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 393 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ, ਜਿਸ ਦੌਰਾਨ ਰਾਜ ਭਰ ਵਿੱਚ 64 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 434 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਗਈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 53 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਵਿਧਾਇਕ ਦੇਵ ਮਾਨ ਨੇ ਪਿੰਡ ਅਲਹੌਰਾਂ ਕਲਾਂ ਵਿਖੇ ਰੱਖਿਆ ਸਟੇਡੀਅਮ ਦੀ ਚਾਰ ਦਿਵਾਰੀ ਦਾ ਨੀਂਹ ਪੱਥਰ



**ਨਾਭਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਨੂੰ ਖੇਡਾਂ ਵਿੱਚ ਅੱਗੇ ਲਿਜਾਣ ਲਈ ਪੰਜਾਬ ਦੇ ਹਰੇਕ ਪਿੰਡ ਵਿੱਚ ਸਟੇਡੀਅਮ ਬਣਾਏ ਜਾ ਰਹੇ ਹਨ ਜਿਸ ਤਹਿਤ ਅੱਜ ਹਲਕਾ ਨਾਭਾ ਦੇ ਪਿੰਡ ਅਲਹੌਰਾਂ ਕਲਾਂ ਵਿਖੇ ਸਟੇਡੀਅਮ ਦੀ ਚਾਰ ਦੀਵਾਰੀ ਦਾ ਨੀਹ ਪੱਥਰ ਗੁਰਦੇਵ ਸਿੰਘ ਦੇ ਮਾਨ ਐਮ ਐਲ ਏ ਨਾਭਾ ਵੱਲੋਂ ਰੱਖਿਆ ਗਿਆ। ਵਿਧਾਇਕ ਦੇ ਮਾਨ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਾਭਾ ਹਲਕੇ ਦੇ ਹਰੇਕ ਪਿੰਡ ਵਿੱਚ ਯੂਥ ਕਲੱਬਾਂ ਨੂੰ ਜਲਦ ਹੀ ਗਰਾਂਟਾਂ ਅਤੇ ਖੇਡਾਂ ਦਾ ਸਮਾਨ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਨਾਭਾ ਹਲਕੇ ਦੇ ਪਿੰਡਾਂ ਵਿੱਚ ਬਨਣ ਜਾ ਰਹੇ ਨੇ ਉਚ ਪੱਧਰੀ ਖੇਡ ਗਰਾਊਂਡ ਜਿਸ ਤਹਿਤ ਅੱਜ ਅਲਹੋਰਾਂ ਕਲਾਂ ਵਿਖੇ 5 ਲੱਖ ਦੀ ਲਾਗਤ ਨਾਲ ਸਟੇਡੀਅਮ ਦੀ ਚਾਰ ਦੀਵਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਡਾਰੈਕਟਰ ਯੂਥ ਡਿਵੈਲਪਮੈਂਟ ਬੋਰਡ , ਕਰਮਜੀਤ ਸਿੰਘ ਅਲਹੌਰਾਂ ਪ੍ਰਧਾਨ ਆੜਤੀਆ ਐਸੋਸੀਏਸ਼ਨ ਨਾਭਾ, ਕਿਰਨਪਾਲ ਕੌਰ ਸਰਪੰਚ, ਬਹਾਦਰ ਸਿੰਘ, ਜੋਗਾ ਸਿੰਘ ਪੰਚ, ਸੁਰਿੰਦਰ ਪਾਲ ਸਿੰਘ ਪੰਚ, ਨਿਰਭੈ ਸਿੰਘ ਪੰਚ, ਗੁਰਜੰਟ ਸਿੰਘ ਪੰਚ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਵਧੀਕ ਡਿਪਟੀ ਕਮਿਸ਼ਨਰ ਨੇ ਤਹਿਸੀਲ ਦਫ਼ਤਰ ਵਿਖੇ ਚੱਲ ਰਹੇ ਕਾਰਜਾਂ ਦਾ ਲਿਆ ਜਾਇਜ਼ਾ



**ਬਠਿੰਡਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਤਹਿਸੀਲ ਦਫਤਰ ਦਾ ਦੌਰਾ ਕਰਦਿਆਂ ਈਜੀ ਰਜਿਸਟਰੀ ਦੇ ਕੰਮਾਂ ਸਬੰਧੀ ਅਤੇ ਦਫਤਰ ਦੀ ਕਰਵਾਈ ਜਾ ਰਹੀ ਰੇਨੋਵੇਸ਼ਨ ਦੇ ਕੰਮਾਂ ਬਾਰੇ ਜਾਇਜ਼ਾ ਲਿਆ ਗਿਆ।

ਵਧੀਕ ਡਿਪਟੀ ਕਮਿਸ਼ਨਰ ਮੈਡਮ ਪੂਰਨ ਸਿੰਘ ਵੱਲੋਂ ਇਸ ਮੌਕੇ ਤਹਿਸੀਲ ਦਫ਼ਤਰ ਦੇ ਅਧਿਕਾਰੀਆਂ ਕਰਮਚਾਰੀਆਂ ਨਾਲ ਈਜੀ ਰਜਿਸਟਰੀ ਨਾਲ ਸਬੰਧਤ ਕੰਮਕਾਜ਼ ਬਾਰੇ ਗੱਲਬਾਤ ਕੀਤੀ ਗਈ ਅਤੇ ਉਹਨਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਜੇਕਰ ਇਸ ਕੰਮ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਸ ਨੂੰ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆ ਕੇ ਤੁਰੰਤ ਹੱਲ ਕੀਤਾ ਜਾਵੇ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਤਹਿਸੀਲ ਦਫਤਰ ਵਿਖੇ ਚੱਲ ਰਹੇ ਰੇਨੋਵੇਸ਼ਨ ਦੇ ਕੰਮਾਂ ਸਬੰਧੀ ਲੋਕ ਨਿਰਮਾਣ ਵਿਭਾਗ ਅਤੇ ਪੀਐਸਪੀਸੀਐਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਕੰਮ ਵਿੱਚ ਹੋਰ ਤੇਜ਼ੀ ਲਿਆਉਂਦਿਆਂ ਇਸ ਕੰਮ ਨੂੰ ਜਲਦ ਨੇਪਰੇ ਚਾੜ੍ਹਿ ਆ ਜਾਵੇ।

ਇਸ ਮੌਕੇ ਉਪ ਮੰਡਲ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਸ਼ ?ਰੀ ਅਮੁਲਿਆ ਗਰਗ ਤੋਂ ਇਲਾਵਾ, ਮਾਲ ਵਿਭਾਗ, ਪੀਐਸਪੀਸੀਐਲ ਆਦਿ ਵਿਭਾਗਾਂ ਦੇ ਅਧਿਕਾਰੀ ਤੇ ਉਹਨਾਂ ਦੇ ਨੁਮਾਇੰਦੇ ਹਾਜ਼ਰ ਸਨ।

# ਐਸਡੀਐਮ ਰਾਜਪੁਰਾ ਵੱਲੋਂ ਸਿਹਤ ਵਿਭਾਗ ਤੇ ਜਲ ਸਪਲਾਈ ਵਿਭਾਗ ਦੀਆਂ ਟੀਮਾਂ ਨਾਲ ਪਿੰਡ ਚੰਗੇਰਾ ਦਾ ਦੌਰਾ

**ਰਾਜਪੁਰਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜਪੁਰਾ ਦੇ ਐਸਡੀਐਮ ਅਵਿਕੇਸ਼ ਗੁਪਤਾ ਨੇ ਸਿਹਤ ਵਿਭਾਗ ਦੇ ਜਲ ਸਪਲਾਈ ਵਿਭਾਗ ਦੀਆਂ ਟੀਮਾਂ ਨਾਲ ਪਿੰਡ ਚੰਗੇਰਾ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਐਸ.ਐਮ.ਓ ਬਨੂੜ ਵੱਲੋਂ ਪ੍ਰਾਪਤ ਹੋਈ ਸੂਚਨਾ ਦੇ ਅਧਾਰ ਉਤੇ ਇਹ ਸਾਹਮਣੇ ਆਇਆ ਹੈ ਕਿ ਚੰਗੇਰਾ ਪਿੰਡ ਵਿੱਚ ਪੀਣ ਵਾਲੇ ਪਾਣੀ ਵਿੱਚ ਦੂਸ਼ਿਤ ਪਾਣੀ ਮਿਲਣ ਕਰਕੇ ਕੁਝ ਲੋਕਾਂ ਨੂੰ ਉਲਟੀਆਂ ਤੇ ਦਸਤਾਂ ਦੀ ਤਕਲੀਫ਼ ਹੋਈ ਹੈ। ਉਨ੍ਹਾਂ ਦੇ ਨਾਲ ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਸੁਮੀਤ ਸਿੰਘ, ਸੀਐਚਸੀ ਕਾਲੋਮਾਜਰਾ ਦੇ ਡਾ. ਪਰਮਦੀਪ ਕੌਰ ਅਤੇ ਜਲ ਸਪਲਾਈ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਜੇ.ਐਸ ਸਿੱਧੂ ਵੀ ਮੌਜੂਦ ਸਨ। ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਮੋਨੀਟਰਿੰਗ ਕੀਤੀ ਜਾ ਰਹੀ ਹੈ ਤੇ ਉਹ ਖ਼ੁਦ ਸਥਿਤੀ ਉਪਰ ਨਜ਼ਰ ਰੱਖਣ ਲਈ ਐਸਡੀਐਮ ਤੇ ਸਿਹਤ ਵਿਭਾਗ ਨਾਲ ਤਾਲਮੇਲ ਕਰ ਰਹੇ ਹਨ।

ਅਵਿਕੇਸ਼ ਗੁਪਤਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਉਹ ਖ਼ੁਦ ਅਤੇ ਸਿਹਤ ਵਿਭਾਗ ਸਮੇਤ ਜਲ ਸਪਲਾਈ ਵਿਭਾਗ ਦੀਆਂ ਟੀਮਾਂ ਨੇ ਘਰ- ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਹੈ, ਜਦਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਡਾਇਰੀਆ ਬਾਬਤ ਸਰਵੇ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਕਲੋਰੀਨ ਦੀਆਂ ਗੋਲੀਆਂ ਅਤੇ ਓਆਰਐਸ ਦੇ ਪੈਕੇਟ ਵੰਡੇ ਜਾ ਰਹੇ ਹਨ। ਘਰਾਂ ਵਿੱਚ ਦਵਾਈ ਦਿੱਤੀ ਗਈ ਹੈ ਅਤੇ ਪਿੰਡ ਵਿੱਚ ਮੈਡੀਕਲ ਟੀਮਾਂ ਵੱਲੋਂ ਲਗਾਤਾਰ ਕੈਂਪ ਲਗਾਇਆ ਜਾਵੇਗਾ

ਉਨ੍ਹਾਂ ਹੋਰ ਦਸਿਆ ਕਿ ਘਰ-ਘਰ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਹੈ ਅਤੇ ਸਰਵੇ ਦੌਰਾਨ 12 ਦੇ ਕਰੀਬ ਨਵੇਂ ਕੇਸ ਲੱਭੇ ਹਨ ਅਤੇ ਇੱਥੇ 50 ਤੋਂ 60 ਘਰ ਪ੍ਰਭਾਵਤ ਹਨ, ਜਿੱਥੇ ਮਰੀਜ ਸਾਹਮਣੇ ਆਏ ਹਨ। ਉਨ੍ਹਾਂ ਦੱਸਿਆ ਕਿ ਮੁਢਲੀ ਪੜਤਾਲ ਤੋਂ ਸਾਹਮਣੇ ਆਇਆ ਹੈ, ਇੱਥੇ ਪੀਣ ਵਾਲੇ ਪਾਣੀ ਦੀ ਲਾਈਨ ਵਿੱਚ ਗੰਦੇ ਪਾਣੀ ਦੀ ਮਿਕਸਿੰਗ ਹੋਈ ਜਾਪਦੀ ਹੈ, ਕਿਉਂਕਿ ਕੁਝ ਥਾਵਾਂ ਵਿਖੇ ਬਰਸਾਤ ਦਾ ਪਾਣੀ ਵੀ ਖੜ੍ਹਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਅੱਜ ਦੋ ਮਰੀਜਾਂ ਨੂੰ ਸਿਵਲ ਹਸਪਤਾਲ ਰਾਜਪੁਰਾ ਵਿਖੇ ਦਾਖਲ ਕਰਵਾਇਆ ਗਿਆ ਅਤੇ ਇੱਕ ਮਰੀਜ ਨਿਜੀ ਹਸਪਤਾਲ ਵਿਖੇ ਦਾਖਲ ਹੈ, ਉਨ੍ਹਾਂ ਨੇ ਹਸਪਤਾਲ ਦਾ ਵੀ ਦੌਰਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਪਾਣੀ ਉਬਾਲ ਕੇ ਅਤੇ ਕਲੋਰੀਨ ਦੀਆਂ ਗੋਲੀਆਂ ਵਾਲਾ ਹੀ ਪੀਣ ਤੇ ਓਆਰਐਸ ਘੋਲ ਦੀ ਵਰਤੋਂ ਕੀਤੀ ਜਾਵੇ। ਐਸਡੀਐਮ ਨੇ ਦੱਸਿਆ ਕਿ ਪੀਣ ਲਈ ਸਾਫ਼ ਪਾਣੀ ਦਾ ਟੈਂਕਰ ਪਿੰਡ ਵਿੱਚ ਪਹੁੰਚਾ ਦਿੱਤਾ ਗਿਆ ਅਤੇ ਲੋਕਾਂ ਨੂੰ ਕਿਹਾ ਗਿਆ ਹੈ ਕਿ ਲੋਕ ਪੀਣ ਲਈ ਪਾਣੀ ਇਸੇ ਟੈਂਕਰ ਵਿੱਚੋਂ ਲੈਣ। ਇਸੇ ਦੌਰਾਨ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਮੀਤ ਸਿੰਘ ਨੇ ਦੱਸਿਆ ਕਿ ਇੱਕ 65 ਸਾਲਾ ਬਜੁਰਗ ਦੀ ਚੰਡੀਗੜ੍ਹ ਦੇ ਸੈਕਟਰ 32 ਦੇ ਸਰਕਾਰੀ ਹਸਪਤਾਲ ਵਿਖੇ ਸ਼ੱਕੀ ਮੌਤ ਹੋਈ ਹੈ, ਜਿਸ ਬਾਰੇ ਹਸਪਤਾਲ ਤੋਂ ਵੇਰਵੇ ਮੰਗੇ ਗਏ ਹਨ ਤੇ ਇਹ ਮੌਤ ਡਾਇਰੀਆ ਕਾਰਨ ਹੋਣ ਦੀ ਪੁਸ਼ਟੀ ਹਸਪਤਾਲ ਵੇਰਵੇ ਮਿਲਣ ਬਾਅਦ ਪੁਸ਼ਟੀ ਕੀਤੀ ਜਾਵੇਗੀ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਰਸਾਤਾਂ ਦੇ ਮੌਸਮ ਵਿੱਚ ਇਹਤਿਆਤ ਵਜੋਂ ਪੀਣ ਵਾਲੇ ਪਾਣੀ ਨੂੰ ਉਬਾਲ ਕੇ ਜਾ ਫੇਰ ਕਲੋਰੀਨ ਦੀਆਂ ਗੋਲੀਆਂ ਵਾਲਾ ਪਾਣੀ ਹੀ ਵਰਤਿਆ ਜਾਵੇ।

**ਸਰਕਾਰ ਜੀਵਨਜੋਤ ਪ੍ਰਾਜੈਕਟ 2.0 ਤਹਿਤ ਸੂਬੇ ਨੂੰ ਬਾਲ ਭੀਖ ਮੁਕਤ ਬਣਾਉਣ ਲਈ ਜੰਗੀ ਪੱਧਰ 'ਤੇ ਕਰ ਰਹੀ ਹੈ ਯਤਨ**

# ਭੀਖ ਮੰਗਵਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ, ਲੋੜ ਪਈ ਤਾਂ ਕਰਵਾਈ ਜਾਵੇਗੀ ਡੀ.ਐਨ.ਏ ਜਾਂਚ: ਡਾ. ਬਲਜੀਤ ਕੌਰ

**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਭੀਖ ਮੁਕਤ ਬਣਾਉਣ ਲਈ ਜੰਗੀ ਪੱਧਰ 'ਤੇ ਅਭਿਆਨ ਚਲਾਇਆ ਜਾ ਰਿਹਾ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਜੀਵਨਜੋਤ ਪ੍ਰਾਜੈਕਟ 2.0 ਦੇ ਤਹਿਤ ਲੁਧਿਆਣਾ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹਿਆਂ ਵਿੱਚੋਂ ਭੀਖ ਮੰਗਦੇ ਕੁੱਲ 21 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਵਿਭਾਗ ਦੀ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਵੱਲੋਂ ਲੁਧਿਆਣਾ ਦੇ ਬੱਸ ਅੱਡਾ, ਰੇਲਵੇ ਸਟੇਸ਼ਨ ਅਤੇ ਹੋਰ ਥਾਵਾਂ 'ਤੇ ਵਿਸ਼ੇਸ਼ ਛਾਪੇ ਮਾਰ ਕੇ 18 ਬੱਚਿਆਂ ਨੂੰ ਬਚਾਇਆ ਗਿਆ, ਜਦਕਿ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਤੋਂ 3 ਹੋਰ ਬੱਚੇ ਰੈਸਕਿਊ ਹੋਏ। ਇਨ੍ਹਾਂ ਸਾਰੇ ਬੱਚਿਆਂ ਨੂੰ ਬਾਲ ਭਲਾਈ ਕਮੇਟੀਆਂ ਅੱਗੇ ਪੇਸ਼ ਕਰਕੇ ਫਿਲਹਾਲ ਸੁਰੱਖਿਅਤ ਤੌਰ 'ਤੇ ਬਾਲ ਘਰਾਂ ਵਿੱਚ ਰੱਖਿਆ ਗਿਆ ਹੈ। ਡਾ. ਬਲਜੀਤ ਕੌਰ ਨੇ ਕਿਹਾ ਕਿ ਜੇ ਜਾਂਚ ਦੌਰਾਨ ਇਹ ਸਾਬਤ ਹੁੰਦਾ ਹੈ ਕਿ ਕਿਸੇ ਵਿਅਕਤੀ ਵੱਲੋਂ ਇਨ੍ਹਾਂ ਬੱਚਿਆਂ ਨੂੰ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ, ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਕਿਸੇ ਬੱਚੇ ਦੇ ਮਾਤਾ-ਪਿਤਾ ਹੋਣ ਬਾਰੇ ਸ਼ੱਕ ਹੋਇਆ ਤਾਂ ਬਾਲ ਭਲਾਈ ਕਮੇਟੀਆਂ ਵੱਲੋਂ ਡਿਪਟੀ ਕਮਿਸ਼ਨਰ ਦੇ ਹੁਕਮਾਂ ਅਧੀਨ ਡੀ.ਐਨ.ਏ ਜਾਂਚ ਵੀ ਕਰਵਾਈ ਜਾ ਸਕਦੀ ਹੈ, ਤਾਂ ਜੋ ਬੱਚਿਆਂ ਦੀ ਹਕੀਕਤੀ ਪਛਾਣ ਦਾ ਪਤਾ ਲੱਗ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਸਿੱਧਾ ਉਦੇਸ਼ ਹੈ ਕਿ ਹਰ ਬੱਚੇ ਨੂੰ ਸੁਰੱਖਿਅਤ ਅਤੇ ਚੰਗੇ ਭਵਿੱਖ ਵਾਲਾ ਜੀਵਨ ਮਿਲੇ। ਜੀਵਨਜੋਤ 2.0 ਦੇ ਤਹਿਤ ਵਿਭਾਗ ਦੀਆਂ ਜ਼ਿਲ੍ਹਾ ਟੀਮਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਨਿਰੰਤਰ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਤੋਂ ਇਲਾਵਾ ਕਿਸੇ ਹੋਰ ਜ਼ਿਲ੍ਹੇ ਵਿੱਚ ਭੀਖ ਮੰਗਦੇ ਬੱਚਿਆਂ ਦੇ ਕੇਸ ਸਾਹਮਣੇ ਨਹੀਂ ਆਏ, ਜੋ ਕਿ ਸੂਬਾ ਸਰਕਾਰ ਦੀ ਜਾਗਰੂਕਤਾ ਮੁਹਿੰਮ ਅਤੇ ਨੀਤੀਗਤ ਇਰਾਦਿਆਂ ਦੀ ਸਫਲਤਾ ਨੂੰ ਦਰਸਾਉਂਦਾ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬੇ ਵਿੱਚੋਂ ਬਾਲ ਭਿਖਿਆ ਦੀ ਭਿਆਨਕ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਮਾਜਿਕ ਸੁਰੱਖਿਆ ਵਿਭਾਗ ਦੀਆਂ ਜ਼ਿਲ੍ਹਾ ਭਲਾਈ ਟੀਮਾਂ ਲਗਾਤਾਰ ਆਪਣੇ-ਆਪਣੇ ਇਲਾਕਿਆਂ ਵਿੱਚ ਇਸ ਤਰ੍ਹਾਂ ਦੀਆਂ ਚੈਕਿੰਗਾਂ ਅਤੇ ਛਾਪੇਮਾਰੀਆਂ ਜਾਰੀ ਰੱਖਣਗੀਆਂ, ਤਾਂ ਜੋ ਇਕ ਵੀ ਬੱਚਾ ਭੀਖ ਮੰਗਣ ਲਈ ਮਜਬੂਰ ਨਾ ਹੋਵੇ।

ਅੰਤ ਵਿੱਚ, ਉਨ੍ਹਾਂ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਬੱਚੇ ਨੂੰ ਭੀਖ ਨਾ ਦਿੱਤੀ ਜਾਵੇ ਅਤੇ ਜੇਕਰ ਕਿਤੇ ਵੀ ਕੋਈ ਬੱਚਾ ਭੀਖ ਮੰਗਦਾ ਨਜ਼ਰ ਆਵੇ, ਤਾਂ ਤੁਰੰਤ 1098 ਚਾਈਲਡ ਹੈਲਪ ਲਾਈਨ 'ਤੇ ਸੂਚਨਾ ਦਿੱਤੀ ਜਾਵੇ, ਤਾਂ ਜੋ ਉਸ ਬੱਚੇ ਨੂੰ ਤੁਰੰਤ ਸੁਰੱਖਿਆ, ਸੰਭਾਲ ਅਤੇ ਸੁਚੱਜਾ ਭਵਿੱਖ ਮੁਹੱਈਆ ਕਰਵਾਇਆ ਜਾ ਸਕੇ।

# ਮੇਅਰ ਤੇ ਕਮਿਸ਼ਨਰ ਦੀ ਅਗਵਾਈ ਹੇਠ ਐਫ ਐਂਡ ਸੀ ਸੀ ਕਮੇਟੀ ਦੀ ਅਹਿਮ ਮੀਟਿੰਗ, ਵਿਕਾਸ ਕਾਰਜਾਂ ਲਈ ਕਰੋੜਾਂ ਰੁਪਏ ਦੀ ਮੰਨਜ਼ੂਰੀ

## ਸ਼ਹਿਰ ਦੇ ਵਿਕਾਸ ਲਈ ਨਵੇਂ ਯਤਨ ਤੇ ਭਵਿੱਖੀ ਯੋਜਨਾਵਾਂ ਉੱਤੇ ਵੀ ਹੋਈ ਚਰਚਾ : ਮੇਅਰ, ਕਮਿਸ਼ਨਰ



**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਅਗਵਾਈ ਹੇਠ ਐਫ ਐਂਡ ਸੀ ਸੀ (ਫਾਇਨੈਂਸ ਐਂਡ ਕਨਟਰੈਕਟ ਕਮੇਟੀ) ਦੀ ਅਹਿਮ ਮੀਟਿੰਗ ਹੋਈ, ਜਿਸ ਦੌਰਾਨ ਸ਼ਹਿਰ ਦੇ ਵਿਕਾਸ ਕਾਰਜਾਂ, ਸਫਾਈ ਅਤੇ ਸੁਵਿਧਾਵਾਂ ਨੂੰ ਮਜ਼ਬੂਤ ਬਣਾਉਣ ਲਈ ਲੋੜੀਂਦੇ ਖਰਚਿਆਂ ਸਬੰਧੀ ਵਿਸ਼ਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿੱਚ ਕਈ ਨਵੇਂ ਕੰਮਾਂ ਦੀ ਮਨਜ਼ੂਰੀ ਦੇਣ ਦੇ ਨਾਲ ਨਾਲ ਸ਼ਹਿਰ ਦੇ ਵਿਕਾਸ ਕਾਰਜ਼ਾ ਲਈ ਕਰੀਬ ਕਈ ਕਰੋੜਾਂ ਰੁਪਏ ਦੇ ਕੰਮ ਕਰਵਾਏ ਜਾਣ ਤੇ ਮੋਹਰ ਲੱਗੀ। ਐਫ ਐਂਡ ਸੀ ਸੀ ਕਮੇਟੀ ਦੀ ਤਾਜ਼ਾ ਮੀਟਿੰਗ ਤੋਂ ਬਾਅਦ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਟਿਆਲਾ ਸ਼ਹਿਰ ਦੀ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਡਿਪਟੀ ਮੇਅਰ ਜਗਦੀਪ ਜੱਗਾ, ਕ੍ਰਿਸ਼ਨ ਕੁਮਾਰ ਪੀਏ ਟੂ ਕਮਿਸ਼ਨਰ ਤੋਂ ਇਲਾਵਾ ਨਿਗਮ ਸਟਾਫ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਿਹਾ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪਟਿਆਲਾ ਇਤਿਹਾਸਕ ਅਤੇ ਸੱਭਿਆਚਾਰਕ ਪੱਖੋਂ ਇੱਕ ਮਹੱਤਵਪੂਰਨ ਸ਼ਹਿਰ ਹੈ, ਅਤੇ ਇਸ ਦੀ ਖੂਬਸੂਰਤੀ ਤੇ ਵਿਧੀਵਤ ਵਿਕਾਸ ਲਈ ਨਗਰ ਨਿਗਮ ਬੜੀ ਸੰਵੇਦਨਸ਼ੀਲਤਾ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਨਗਰ ਨਿਗਮ ਨੇ ਨਵੀਆਂ ਟਿੱਪਰ ਗੱਡੀਆਂ ਖਰੀਦਣ, ਜੈਟਿੰਗ ਮਸ਼ੀਨਾਂ, ਨਿਕਾਸੀ, ਸੜਕਾਂ ਦੀ ਮੁਰੰਮਤ, ਲਾਈਟਿੰਗ, ਪੌਦੇ ਲਗਾਉਣ ਅਤੇ ਡਿਜੀਟਲ ਸਹੂਲਤਾਂ ਨੂੰ ਮਜ਼ਬੂਤ ਕਰਨ ਵੱਲ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ, ਸਾਡਾ ਮੁੱਖ ਉਦੇਸ਼ ਪਟਿਆਲਾ ਨੂੰ ਇੱਕ ਸਾਫ, ਸੁਥਰਾ, ਆਧੁਨਿਕ ਅਤੇ ਵਾਧੂ ਸਹੂਲਤਾਂ ਵਾਲਾ ਸ਼ਹਿਰ ਬਣਾਉਣਾ ਹੈ। ਉਨਾ ਕਿਹਾ ਕਿ ਵਿਕਾਸ ਇਕੱਲਾ ਸਰਕਾਰ ਨਹੀਂ ਕਰਦੀ - ਇਹ ਲੋਕਾਂ ਦੇ ਸਹਿਯੋਗ ਨਾਲ ਸੰਭਵ ਹੁੰਦਾ ਹੈ। ਅਸੀਂ ਹਰ ਨਾਗਰਿਕ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣਾ ਫਰਜ਼ ਨਿਭਾਉਣ, ਸ਼ਹਿਰ ਦੀ ਸਫਾਈ, ਸੰਭਾਲ ਅਤੇ ਟੈਕਸ ਦੀ ਅਦਾਇਗੀ ਵਿੱਚ ਸਹਿਭਾਗੀ ਬਣੇ।

ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ ਨਗਰ ਨਿਗਮ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਅਹਿਮ ਕਦਮ ਚੁੱਕੇ ਹਨ। ਉਨਾਂ ਕਿਹਾ ਕਿ ਅਸੀਂ ਆਨਲਾਈਨ ਪਲੇਟਫਾਰਮ, ਪੇਮੈਂਟ ਗੇਟਵੇ ਵਰਗੀਆਂ ਡਿਜੀਟਲ ਸਹੂਲਤਾਂ ਚ ਨਿਵੇਸ਼ ਕਰਕੇ ਕਾਰਜਸ਼ੈਲੀ ਨੂੰ ਤੇਜ਼, ਪਾਰਦਰਸ਼ੀ ਅਤੇ ਆਮ ਆਦਮੀ ਲਈ ਸੁਗਮ ਬਣਾਇਆ ਹੈ। ਸਾਡੀ ਕੋਸ਼ਿਸ਼ ਹੈ ਕਿ ਲੋਕ ਘਰ ਬੈਠੇ ਆਪਣੇ ਟੈਕਸ ਭਰਨ, ਸਰਟੀਫਿਕੇਟ ਲੈਣ ਜਾਂ ਹੋਰ ਕੰਮ ਆਸਾਨੀ ਨਾਲ ਕਰ ਸਕਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪਟਿਆਲਾ ਵਿੱਚ ਵਾਰਡ ਪੱਧਰ ਤੇ ਵਿਕਾਸ ਲਈ ਵੱਖ ਵੱਖ ਰੋਡ ਪ੍ਰਾਜੈਕਟ, ਪਾਰਕਿੰਗ ਜਗ ?ਹਾਂ, ਬਾਊਂਡਰੀ ਵਾਲਾਂ ਦੀ ਮੁਰੰਮਤ, ਪਾਈਪ ਲਾਈਨ ਕਾਰਜ ਅਤੇ ਨਿਕਾਸੀ ਚੈਂਬਰ ਬਨਾਉਣ ਵਰਗੇ ਕੰਮ ਸ਼ੁਰੂ ਹੋ ਚੁੱਕੇ ਹਨ ਜਾਂ ਹੋਣ ਜਾ ਰਹੇ ਹਨ।

ਇਸ ਨਾਲ ਨਾਂ ਸਿਰਫ਼ ਇਨਫਰਾਸਟਰੱਕਚਰ ਸੁਧਰੇਗਾ, ਸਗੋਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵੀ ਆਸਾਨ ਬਣੇਗੀ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਨਗਰ ਨਿਗਮ ਲੋਕਾਂ ਨਾਲ ਮਿਲਕੇ ਸ਼ਹਿਰ ਦੀ ਤਸਵੀਰ ਬਦਲਣਾ ਚਾਹੁੰਦਾ ਹੈ।

**ਮੀਟਿੰਗ ਵਿੱਚ ਚਰਚਿਤ ਮੁੱਖ ਕੰਮ:**

- ਕੂੜੇ ਦੀ ਪਰੇਸ਼ਾਨ ਲਈ ਜਲਦ 14 ਡਬਲ ਬਿਨ ਵਾਲੇ ਟਿੱਪਰਾਂ ਦੀ ਖਰੀਦ
- ਟਿਊਬਵੈੱਲ ਦੀ ਸੋਡੀਅਮ ਹਾਈਪੋਕਲੋਰਾਈਡ ਰਾਹੀ ਸੈਨੀਟਾਈਜ਼ੇਸ਼ਨ
- ਨੈਸ਼ਨਲ ਕਲੀਨ ਏਅਰ ਪ੍ਰੋਗਰਾਮ ਅਧੀਨ ਸੜਕਾਂ ਦੀ ਰੀ-ਸਰਫੇਸਿੰਗ ਲਈ ਯੋਜਨਾ
- ਜੈਟਿੰਗ ਮਸ਼ੀਨ ਸਪਲਾਈ (ਟਰੱਕ ਮਾਊਂਟਡ) ਸਮਰੱਥਾ: 1500 ਲੀਟਰ
- ਡਰਾਈਵਿੰਗ ਟੈਸਟ ਟਰੈਕ ਤੇ ਪੌਦੇ ਲਗਾਉਣ ਦਾ ਕੰਮ
- ਨਗਰ ਨਿਗਮ ਲਾਇਬ੍ਰੇਰੀ ਇੰਟੀਰੀਅਰ ਡਿਜ਼ਾਈਨ 3ਡੀ ਪਲਾਨ ਅਤੇ ਵਰਕਿੰਗ ਡ ?ਰਾਇੰਗ ਦੀ ਤਿਆਰੀ
- ਕੰਟੀਨ ਠੇਕੇ ਤੇ ਦੇਣ ਦੀ ਯੋਜਨਾ

**= ਵਾਰਡਾਂ ਤੇ ਅਧਾਰਿਤ ਵਿਕਾਸ ਕਾਰਜ**

ਵਾਰਡ 42 - ਵੱਖ ਵੱਖ ਗਲੀਆਂ ਵਿੱਚ ਫਲੋਰਿੰਗ

ਵਾਰਡ 30 - ਵਿਕਾਸ ਕਾਲੋਨੀ ਵਿੱਚ ਰੋਡ ਮੁਰੰਮਤ

ਵਾਰਡ 34 - ਤੇਜ ਬਾਗ ਕਾਲੋਨੀ ਵਿੱਚ ਪਾਰਕਿੰਗ ਨਿਰਮਾਣ

ਵਾਰਡ 60 - ਟਾਈਲਾਂ ਨਾਲ ਰੋਡ ਨਿਰਮਾਣ

ਵਾਰਡ 31 - ਡੋਗਰਾ ਮੋਹੱਲਾ ਵਿੱਚ ਬਾਊਂਡਰੀ ਵਾਲ ਦੀ ਮੁਰੰਮਤ

**= ਹੋਰ ਅਹਿਮ ਕੰਮ**

- ਸੁਨਾਮੀਆ ਗੇਟ, ਰੋਜ਼ ਐਵਨਿਊ, ਮੋਦੀ ਕਾਲਜ ਨੇੜੇ, ਖੇੜੀ ਗੁਜਰਾਂ ਵਿਖੇ ਪਾਈਪ ਲਾਈਨ ਕਾਰਜ ਦੌਰਾਨ ਖੁਦੀਆਂ ਗਈਆਂ ਸੜਕਾਂ ਦੀ ਮੁੜ ਮੁਰੰਮਤ
- ਟਿਊਬਵੈੱਲ ਮੁਰੰਮਤ ਲਈ ਸਮਾਨ ਦੀ ਖਰੀਦ
- ਪਟਿਆਲਾ ਰੂਰਲ ਵਿੱਚ ਸਟੈਗਨੈਂਟ ਵਾਟਰ ਨਿਕਾਸ ਲਈ ਗਲੀ ਚੈਂਬਰ ਬਣਾਉਣ ਦੀ ਯੋਜਨਾ

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਿਸ਼ਵ ਅੰਤਰ ਰਾਸ਼ਟਰੀ ਨਿਆਂ ਦਿਵਸ ਮਨਾਇਆ




**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਕਾਨੂੰਨੀ ਸੇਵਾਂਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਜੀਆਂ ਦੇ ਨਿਰਦੇਸ਼ਾਂ ਦੇ ਅਨੁਸਾਰ ਰੁਪਿੰਦਰਜੀਤ ਚਾਹਲ, ਜਿਲ੍ਹਾ ਅਤੇ ਸੈਸ਼ਨਜ ਜੱਜ-ਕਮ ਚੇਅਰਪਰਸਨ , ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਦੀ ਯੋਗ ਅਗਵਾਈ ਹੇਠ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਸ਼ਵ ਅੰਤਰਰਾਸ਼ਟਰੀ ਨਿਆਂ ਦਿਵਸ ਮਨਾਇਆ ਗਿਆ। ਇਸ ਮੌਕੇ ;ਤੇ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵੱਲੋਂ ਕਾਨੂੰਨੀ ਜਾਗਰੁਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ;ਤੇ, ਮੈਡਮ ਅਮਨਦੀਪ ਕੰਬੋਜ, ਚੀਫ ਜੂਡੀਸੀਅਲ ਮੈਜਿਸਟ ?ਰੈਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਵਿਸ਼ੇਸ਼ ਤੌਰ ;ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਿੱਧੂਵਾਲ, ਪਟਿਆਲਾ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਇਸ ਦੇ ਨਾਲ ਹੀ ਇੱਕ ਕਾਨੂੰਨੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿੱਥੇ ਅਧਿਆਪਕਾਂ, ਸਟਾਫ ਅਤੇ ਵਿਦਿਆਰਥੀਆਂ ਨੂੰ ਮੈਡਮ ਅਮਨਦੀਪ ਕੰਬੋਜ, ਚੀਫ ਜੂਡੀਸੀਅਲ ਮੈਜਿਸਟ ?ਰੈਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਵਲੋਂ ਵਿਸ਼ਵ ਅੰਤਰਰਾਸ਼ਟਰੀ ਨਿਆਂ ਦਿਵਸ ਦੇ ਮਹੱਤਵ ਅਤੇ ਵਿਸ਼ਵ ਭਰ ਵਿੱਚ ਸ਼ਾਂਤੀ, ਨਿਆਂ ਅਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਨਿਆਂਇਕ ਸੰਸਥਾਵਾਂ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਗਿਆ । ਉਨ੍ਹਾਂ ਨੂੰ ਨਾਲਸਾ/ਕੇਂਦਰੀ/ਰਾਜ ਸਰਕਾਰ ਦੀਆਂ ਸਕੀਮਾਂ, ਮੁਫਤ ਕਾਨੂੰਨੀ ਸੇਵਾਵਾਂ, ਲੋਕ ਅਦਾਲਤ ਅਤੇ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਂਵਾਂ ) ਦੇ ਲਾਭਾਂ ਬਾਰੇ , ਮੀਡੀਏਸਨ ਅਤੇ ਟੋਲ ਫ ?ਰੀ ਹੈਲਪਲਾਈਨ ਨੰਬਰ 15100 ਬਾਰੇ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਇੱਕ ਵਾਕਾਥੋਨ/ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਸਿੱਧੂਵਾਲ, ਪਟਿਆਲਾ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਟਾਫ ਨੇ ਮੱਹਤਵਪੂਰਨ ਹਿੱਸਾ ਲਿਆ।

ਇਸ ਰੈਲੀ ਰਾਹੀਂ , ਲੋਕਾਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਗਿਆ ਅਤੇ ਮੁਫ਼ਤ ਕਾਨੂੰਨੀ ਸੇਵਾਵਾਂ ਨਾਲ ਸੰਬੰਧਤ ਪੈਂਫਲੈਟ ਵੀ ਲੋਕਾਂ ਵਿੱਚ ਵੰਡੇ ਗਏ। ਇਸ ਤੋਂ ਇਲਾਵਾ, ਪਟਿਆਲੇ ਜਿਲ੍ਹੇ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਲਈ ਪੋਸਟਰ ਅਤੇ ਡਰਾਇੰਗ ਮੁਕਾਬਲੇ ਵੀ ਕਰਵਾਏ ਗਏ।

ਇਸ ਮੌਕੇ ਸ੍ਰੀ ਪਰਮਜੀਤ ਸਿੰਘ ਪੀ.ਐਲ. ਵੀ ਅਤੇ ਸ੍ਰੀ ਗੁਰਕਿਰਤ ਸਿੰਘ ਪੀ.ਐਲ ਵੀ ਮੌਜੂਦ ਸਨ ਜਿਹਨਾਂ ਨੇ ਵਿਸ਼ਵ ਅੰਤਰਰਾਸ਼ਟਰੀ ਨਿਆਂ ਦਿਵਸ ਦੀ ਮਹੱਤਤਾ ਬਾਰੇ ਆਮ ਲੋਕਾਂ ਨੂੰ ਜਾਗਰੂਕ ਕੀਤਾ।

# ਪੰਜਾਬ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਕਰ ਰਹੀ ਹੈ ਠੋਸ ਉਪਰਾਲੇ: ਮੋਹਿੰਦਰ ਭਗਤ



**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਗਬਾਨੀ ਵਿਭਾਗ ਵੱਲੋਂ ਜਿਲ੍ਹਾ ਅੰਮ੍ਰਿਤਸਰ ਵਿੱਚ ਮਹਾਰਾਜਾ ਫਾਰਮ ਵਿਖੇ ਦੋ ਰੋਜਾ ਰਾਜ ਪੱਧਰੀ ਨਾਸ਼ਪਾਤੀ ਦਾ ਸ਼ੋਅ ਅਤੇ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੰਗਰਾਮੀ ਅਤੇ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ ਅਤੇ ਇਸ ਸ਼ੋਅ ਦਾ ਉਦਘਾਟਨ ਕੀਤਾ।

ਇਸ ਮੌਕੇ ਬਾਗਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਬਾਗਬਾਨੀ ਖੇਤਰ ਦੇ ਵਿਕਾਸ ਕਰਨ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ । ਉਨ੍ਹਾਂ ਕਿਹਾ ਕਿਹਾ ਕਿ ਅੱਜ ਦਾ ਇਹ ਨਾਸ਼ਪਤੀ ਮੁਕਾਬਲਾ ਵੀ ਇਹਨਾਂ ਉਪਰਾਲਿਆਂ ਦਾ ਇੱਕ ਹਿੱਸਾ ਹੈ ।ਉਹਨਾਂ ਕਿਹਾ ਕਿ ਅਜਿਹੇ ਮੁਕਾਬਲੇ, ਪ੍ਰਦਰਸ਼ਨੀਆਂ, ਸੈਮੀਨਾਰ ਜਿੱਥੇ ਕਿਸਾਨ ਦੀ ਜਾਣਕਾਰੀ ਵਧਾਉਂਦੇ ਹਨ, ਉੱਥੇ ਉਹਨਾਂ ਦੇ ਵਪਾਰਕ ਸਬੰਧ ਵੀ ਬਣਦੇ ਹਨ ਜੋ ਕਿ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਇਸ ਵਾਰ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਵਿੱਚ ਕਾਮਯਾਬ ਰਹੀ ਹੈ ਅਤੇ ਇਸ ਨਾਲ ਸੂਬੇ ਦੇ ਬਾਗਬਾਨੀ ਖੇਤਰ ਨੂੰ ਵੱਡਾ ਹੁਲਾਰਾ ਮਿਲਿਆ ਹੈ। ਇਸ ਮੌਕੇ ਬਾਗਬਾਨਾਂ ਵੱਲੋਂ ਉਹਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਬਾਗਬਾਨੀ ਮੰਤਰੀ ਅਤੇ ਡਾਇਰੈਕਟਰ ਬਾਗਬਾਨੀ ਦੇ ਧਿਆਨ ਵਿੱਚ ਲਿਆਂਦਾ ਗਿਆ ਜਿਸ ਦਾ ਉਹਨਾਂ ਵੱਲੋਂ ਜਲਦ ਨਿਪਟਾਰਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਤੋਂ ਇਲਾਵਾ ਡਿਪਟੀ ਡਾਇਰੈਕਟਰ ਬਾਗਬਾਨੀ, ਅੰਮ੍ਰਿਤਸਰ ਸ੍ਰੀ ਤਜਿੰਦਰ ਸਿੰਘ ਸੰਧੂ ਵੱਲੋਂ ਸਮਾਗਮ ਸਬੰਧੀ ਦੱਸਿਆ ਗਿਆ ਕਿ ਰਾਜ ਦੇ ਵੱਖ-ਵੱਖ ਜਿਲ੍ਹਿਆਂ ਤੋਂ ਬਾਗਬਾਨਾਂ ਵੱਲੋਂ ਵਧੀਆ ਮਿਆਰ ਅਤੇ ਉੱਚ ਗੁਣਵੱਤਾ ਦੇ ਨਾਸ਼ਪਾਤੀ ਫਲ ਅਤੇ ਫਲਾਂ ਤੋਂ ਤਿਆਰ ਫਲ ਪਦਾਰਥਾਂ ਦੀਆਂ 714 ਰੱਖੀਆਂ ਐਂਟਰੀਆਂ ਦਾ ਮੁਕਾਬਲਾ ਕਰਵਾਇਆ ਗਿਆ ਅਤੇ ਜੇਤੂਆਂ ਨੂੰ ਪਹਿਲੇ ਅਤੇ ਦੂਸਰੇ ਦਰਜੇ ਦੇ ਇਨਾਮ ਮੁੱਖ ਮਹਿਮਾਨ ਵੱਲੋਂ ਦਿੱਤੇ ਗਏ। ਇਸ ਮੁਕਾਬਲੇ ਵਿੱਚ ਜਿਲ੍ਹਾ ਅੰਮ੍ਰਿਤਸਰ 28 ਇਨਾਮ ਪ੍ਰਾਪਤ ਕਰਕੇ ਪਹਿਲੇ ਨੰਬਰ ਤੇ ਰਿਹਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ ਅਤੇ ਬਾਗਬਾਨਾਂ ਨੂੰ ਨਾਸ਼ਪਾਤੀ ਦੀ ਕਾਸ਼ਤ ਅਤੇ ਮੰਡੀਕਰਨ ਬਾਰੇ ਪੀ.ਏ.ਯੂ. ਲੁਧਿਆਣਾ ਤੋਂ ਆਏ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸਮਾਗਮ ਵਿੱਚ ਐਸ.ਡੀ.ਐਮ ਸ.ਗੁਰਸਿਮਰਨ ਸਿੰਘ ਢਿਲੋਂ, ਸਹਾਇਕ ਡਾਇਰੈਕਟਰ ਬਾਗਬਾਨੀ ਸ੍ਰੀ ਜਤਿੰਦਰ ਸਿੰਘ ਸੰਧੂ, ਸੁਖਪਾਲ ਸਿੰਘ, ਹਰਵਿੰਦਰ ਸਿੰਘ, ਤੇਜਬੀਰ ਸਿੰਘ, ਕਿਰਨਬੀਰ ਕੌਰ, ਹਰਪ੍ਰੀਤ ਕੌਰ (ਸਾਰੇ ਬਾਗਬਾਨੀ ਵਿਕਾਸ ਅਫਸਰ) ਅਤੇ ਮਨੀਸਟੀਰੀਅਲ ਅਤੇ ਫੀਲਡ ਸਟਾਫ ਵੱਲੋਂ ਸਮਾਗਮ ਨੂੰ ਕਾਮਯਾਬ ਕਰਨ ਵਿੱਚ ਅਹਿਮ ਯੋਗਦਾਨ ਪਾਇਆ।

# ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਤੇ ਸਰਕਾਰੀ ਦਫ਼ਤਰਾਂ ਦਵਾਰੇ ਕੰਮ ਹੋਣਗੇ ਪਹਿਲ ਦੇ ਅਧਾਰ ਤੇ : ਡਿਪਟੀ ਕਮਿਸ਼ਨਰ



**ਅੰਮ੍ਰਿਤਸਰ 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਪ੍ਰਸ਼ਾਸ਼ਨ ਅੰਮ੍ਰਿਤਸਰ ਨੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਦੀ ਅਗਵਾਈ ਵਿੱਚ ਇਕ ਹੋਰ ਨਿਵੇਕਲੀ ਪਹਿਲਕਦਮੀ ਕਰਦੇ ਹੋਏ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ ਕਿਸਾਨਾਂ ਨੂੰ ਕਿਸਾਨ ਤਰਜੀਹ ਕਾਰਡ ਦਿੱਤੇ ਜਾਣਗੇ। ਇਸ ਸਬੰਧੀ ਡਿਪਟੀ ਕਮਿਸ਼ਨਰ ਨੇ ਜਿਲ੍ਹੇ ਦੇ ਛੋਟੇ ਤੇ ਸੀਮਾਂਤ ਕਿਸਾਨਾਂ ਜਿੰਨਾਂ ਨੇ ਪਿਛਲੇ ਸਾਲ ਪਰਾਲੀ ਨੂੰ ਅੱਗ ਨਹੀਂ ਸੀ ਲਗਾਈ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਤੁਸੀ ਸਾਡੇ ਹੀਰੋਜ਼ ਹੋ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਇਕ ਮਿਸਾਲ ਕਾਇਮ ਕਰ ਰਹੇ ਹੋ।

ਡਿਪਟੀ ਕਮਿਸ਼ਨਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਤੁਹਾਨੂੰ ਕਿਸਾਨ ਤਰਜੀਹ ਕਾਰਡ ਦੇਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਕਿਸਾਨ ਤਰਜੀਹ ਕਾਰਡ ਸੇਵਾ ਕੇਂਦਰਾਂ, ਫਰਦ ਕੇਂਦਰ ਅਤੇ ਹੋਰ ਸਰਕਾਰੀ ਕੰਮਾਂ ਲਈ ਤੁਹਾਡੇ ਵੱਲੋਂ ਵਰਤੇ ਜਾ ਸਕਣਗੇ ਜਿਥੇ ਤੁਹਾਡੇ ਕੰਮ ਪਹਿਲ ਦੇ ਅਧਾਰ ਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਦਫਤਰਾਂ ਵਿੱਚ ਤੁਹਾਡੀ ਪਾਰਕਿੰਗ ਮੁਫ਼ਤ ਹੋਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲ੍ਹੇ ਵਿੱਚ ਜੀਰੋ ਬਰਨਿੰਗ ਪਿੰਡਾਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦਿੱਤੀ ਜਾਵੇਗੀ ਅਤੇ ਉਨ੍ਹਾਂ ਦਾ ਸਨਮਾਨ ਵੀ ਕੀਤਾ ਜਾਵੇਗਾ।

ਸ੍ਰੀਮਤੀ ਸਾਹਨੀ ਨੇ ਦੱਸਿਆ ਕਿ ਪ੍ਰਸ਼ਾਸ਼ਨ ਵੱਲੋਂ ਖੇਤੀ ਸੰਦ ਵੇਚਣ ਵਾਲੀਆਂ ਪ੍ਰਾਈਵੇਟ ਕੰਪਨੀਆਂ ਨਾਲ ਵੀ ਤਾਲਮੇਲ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਕੰਪਨੀਆਂ ਨੂੰ ਕਿਹਾ ਜਾਵੇਗਾ ਕਿ ਜਿਹੜੇ ਕਿਸਾਨਾਂ ਨੇ ਪਰਾਲੀ ਨੂੰ ਅੱਗ ਨਹੀਂ ਲਗਾਈ ਉਨ੍ਹਾਂ ਨੂੰ ਖੇਤੀ ਸੰਦਾਂ ਤੇ ਛੋਟ ਦਿੱਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤੋਂ ਇਲਾਵਾ ਹੋਰ ਵੀ ਨਿੱਜੀ ਖੇਤਰ ਦੀਆਂ ਕੰਪਨੀਆਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਜੋ ਅਗਾਂਹਵਧੂ ਕਿਸਾਨਾਂ ਨੂੰ ਆਪਣੇ ਸਮਾਨ ਤੇ ਛੋਟ ਮੁਹੱਈਆ ਕਰਵਾਉਣ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿਸਾਨਾਂ ਨੂੰ ਸਰਕਾਰ ਵੱਲੋਂ ਕਰਵਾਏ ਜਾਂਦੇ ਸਮਾਗਮਾਂ ਵਿੱਚ ਵੀ ਵਿਸ਼ੇਸ਼ ਸੱਦਾ ਪੱਤਰ ਦਿੱਤੇ ਭੇਜੇ ਜਾਣਗੇ ਤਾਂ ਜੋ ਇਨ੍ਹਾਂ ਸਮਾਗਮਾਂ ਵਿੱਚ ਸ਼ਿਰਕਤ ਕਰ ਸਕਣ।

ਮੀਟਿੰਗ ਦੌਰਾਨ ਮੁੱਖ ਖੇਤੀਬਾੜੀ ਅਧਿਕਾਰੀ ਸ੍ ਬਲਜਿੰਦਰ ਸਿੰਘ ਭੁੱਲਰ ਨੇ ਕਿਸਾਨਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਉਹ ਸ਼ੋਸ਼ਲ ਮੀਡੀਆ ਤੇ ਚੱਲ ਰਹੀਆਂ ਅਫਵਾਹਾਂ ਤੇ ਧਿਆਨ ਨਾ ਦੇਣ ਅਤੇ ਕੇਵਲ ਖੇਤੀਬਾੜੀ ਯੂਨੀਵਰਸਿਟੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨ।

# ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਦੇ ਸੱਦੇ 'ਤੇ ਪੰਜਾਬ ਦੇ ਸਮੂਹ ਮੁਲਾਜ਼ਮਾਂ ਵੱਲੋਂ ਮਨਾਇਆ ਗਿਆ ਕਾਲਾ ਦਿਵਸ



**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜ਼ਾਬ ਭਰ ਦੇ ਸਮੂਹ ਮੁਲਾਜ਼ਮ ਜਥੇਬੰਦੀਆਂ ਦੇ ਸਹਿਯੋਗ ਨਾਲ ਪੰਜ਼ਾਬ ਪੇਅ ਸਕੇਲ ? ਬਹਾਲੀ ਸਾਂਝਾ ਫਰੰਟ ਦੇ ਸੱਦੇ ਤੂੰ ਕਾਲੇ ਦਿਵਸ ਵੱਜੋਂ ਪੰਜ਼ਾਬ ਭਰ ਦੇ ਸਾਰੇ ਜਿਲ੍ਹਿਆਂ ਤੇ ਬਲਾਕਾਂ, ਦਫ਼ਤਰਾਂ,ਸਕੂਲਾਂ, ਡਿਊਟੀ ਵਾਲੇ ਸਥਾਨਾਂ ਤੇ ਡਿਊਟੀ ਕਰਦਿਆਂ ਹੋਇਆ ਕਾਲੇ ਬਿੱਲੇ,ਕਾਲੇ ਰਿਬਨ ਬੰਨ ਕੇ ਮਨਾਇਆ ਗਿਆ ਅਤੇ ਅਧੂਰੇ ਪੇਅ ਸਕੇਲ ? ਦੀਆਂ ਕਾਪੀਆਂ ਵੀ ਸਾੜੀਆ ਗਈਆਂ। ਕਾਲ ? ਦਿਵਸ ਵੱਜੋਂ ਮਨਾਉਣ ਤੇ ਫਰੰਟ ਆਗੂਆਂ ਨੇ ਕਿਹਾ ਕਿ ਪਿਛਲੀ ਸਰਕਾਰ ਵੱਲੋਂ ਇਹ ਮਾਰੂ ਨੋਟੀਫੀਕੇਸ਼ਨ 17 ਜੁਲਾਈ 2020 ਨੂੰ ਲਾਗੂ ਕੀਤਾ ਗਿਆ ਤੇ ਉਸ ਸਮੇਂ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਸ ਮਾਰੂ ਨੋਟੀਫੀਕੇਸ਼ਨ ਦਾ ਵਿਰੌਧ ਕੀਤਾ ਗਿਆ ਸੀ ਤੇ ਸੱਤਾ ਵਿੱਚ ਆਉਣ ਤੇ ਸਭ ਤੋਂ ਪਹਿਲਾਂ ਪੰਜਾਬ ਪੇਅ ਸਕੇਲ ? ਬਹਾਲ ਕਰਨ ਤੇ ਪਰਖ ਕਾਲ ਦਾ ਸਮਾਂ ਘੱਟ ਕਰਨ ਦੀ ਗਰੰਟੀ ਵੀ ਦਿੱਤੀ ਗਈ ਸੀ ਜੌਂ ਕਿ 3 ਸਾਲ ਪੂਰੇ ਹੋਣ ਤੱਕ ਵੀ ਪੂਰੀ ਨਹੀਂ ਕੀਤੀ ਗਈ ।ਇਸ ਤੋਂ ਇਲਾਵਾ ਸੂਬਾ ਕਮੇਟੀ ਨੇ ਸਰਕਾਰ ਤੇ ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਹੁਣ ਤੱਕ ਵੱਖ ਵੱਖ ਵਿਭਾਗਾਂ ਵਿੱਚ ਮੁਲਾਜਮਾਂ ਦੇ ਹੱਕ ਵਿੱਚ ਆਏ ਫੈਸਲਿਆਂ ਨੂੰ ਵੀ (generalise) ਸਭ ਤੇ ਲਾਗੂ ਕਰਨ ਦੀ ਮੰਗ ਕੀਤੀ ।ਅੱਜ ਦੇ ਪ੍ਰੋਗਰਾਮ ਸੰਬੰਧੀ ਆਗੂਆਂ ਨੇ ਕਿਹਾ ਕਿ ਡਿਊਟੀ ਕਰਦਿਆਂ ਹੁਣ ਤੱਕ ਦਾ ਮੁਲਾਜਮਾਂ ਦਾ ਇਹ ਸਭ ਤੋਂ ਵੱਡਾ ਤੇ ਸਫ਼ਲ ਪ੍ਰੋਗਰਾਮ ਸਰਕਾਰ ਵਿਰੁੱਧ ਹੈ ਜਿਸ ਤੋਂ ਸਰਕਾਰ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਜੇਕਰ ਵੱਖ ਵੱਖ ਵਿਭਾਗਾਂ ਦੇ ਸਮੂਹ ਮੁਲਾਜਮਾਂ ਤੇ ਜੇਕਰ ਪੰਜਾਬ ਪੇਅ ਸਕੇਲ ? ਬਹਾਲ ਨਹੀਂ ਹੁੰਦੇ ਤਾਂ ਇਸ ਦਾ ਆਉਣ ਵਾਲ ?ਿਆਂ 2027 ਦੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਕਿੰਨਾ ਵੱਡਾ ਨੁਕਸਾਨ ਹੋਣਾ , ਉਹਨਾਂ ਤੋਂ ਵੱਧ ਕੇ ਕੋਈ ਨਹੀਂ ਜਾਣ ਸਕਦਾ ਕਿ ਮੁਲਾਜ਼ਮ ਏਕਤਾ ਕਿ ਹੁੰਦੀ ਹੈ। ਆਗੂਆਂ ਨੇ ਸਰਕਾਰ ਨੂੰ ਏਨੀਆਂ ਘੱਟ ਤਨਖਾਹਾਂ ਤੇ ਕੰਮ ਕਰਨ ਲਈ ਮਜ਼ਬੂਰ ਕੀਤਾ ਹੋਇਆ ਆ,ਜਿਸ ਕਰਕੇ ਮਾਨਸਿਕ ਪ੍ਰੇਸ਼ਾਨੀ ਤੇ ਹੋਰ ਪਰਿਵਾਰਕ ਜਰੂਰਤਾਂ ਪੂਰੀਆਂ ਕਰਨੀਆਂ ਮੁਸ਼ਕਿਲ ਹੋਈਆਂ ਹਨ ।ਘਰਾਂ ਤੋਂ 150 ਤੋਂ 250 ਕਿਲੋਮੀਟਰ ਦੂਰ ਡਿਊਟੀਆਂ ਕਰਨਾ ਤੇ ਹਰ ਮਹੀਨੇ 15000 ਤੋਂ 20000 ਘੱਟ ਤਨਖਾਹ ਮਿਲਣਾ ਉਹਨਾਂ ਨਾਲ ਕਿੱਥੋਂ ਦਾ ਇਨਸਾਫ਼ ਹੈ।ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਐਕਸ਼ਨ ਤੋਂ ਬਾਅਦ ਅਗਸਤ ਵਿੱਚ ਸੂਬਾ ਪੱਧਰੀ ਰੈਲੀ ਵੀ ਆਉਣ ਸਮੇਂ ਵਿੱਚ ਕੀਤੀ ਜਾਵੇਗੀ ਜਿਸ ਵਿਚ ਹਜਾਰਾਂ ਦੀ ਗਿਣਤੀ ਵਿੱਚ ਮੁਲਾਜ਼ਮ ਸਿਰਕਤ ਕਰਨਗੇ।

ਇਸ ਸਮੇਂ ਆਰਤੀ ਬਾਲੀ, ਹਨੀਫ ਖਾਨ, ਕਰਮਦੀਪ ਸਿੰਘ ਚਹਿਲ, ਚਰਨਜੀਤ ਕੌਰ ਖਹਿਰਾ, ਕਿਰਨਦੀਪ ਕੌਰ ਅਤੇ ਸੁਨਿਲ ਕੁਮਾਵਤੀ, ਵਿਜੇ ਨਿਭੀਵਾਲ, ਵਿਜੇ ਸਿੰਘ, ਨਵਨੀਤ ਕੌਰ, ਸੰਦੀਪ ਕੌਰ ਸਿੱਧੂ, ਸੁਖਵਿੰਦਰ ਕੌਰ, ਰੋਹਿਤ ਆਦਿ ਇਹ ਸਭ ਸਾਥੀ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁਧ ਦਾ 139ਵਾਂ ਦਿਨ: 8.6 ਕਿਲੋ ਹੈਰੋਇਨ ਸਮੇਤ 125 ਨਸ਼ਾ ਤਸਕਰ ਕਾਬੂ

**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ 139 ਦਿਨ ਪੰਜਾਬ ਪੁਲਿਸ ਨੇ 125 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 8.6 ਕਿਲੋਗ੍ਰਾਮ ਹੈਰੋਇਨ, 500 ਗ੍ਰਾਮ ਅਫੀਮ, 151 ਕਿਲੋ ਭੁੱਕੀ ਅਤੇ 11,980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਸਿਰਫ਼ 139 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 22,533 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲਿ ?ਹਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 81 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਮੁਲਾਜ਼ਮਾਂ ਵਾਲੀਆਂ 180 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 423 ਥਾਵਾਂ 'ਤੇ ਛਾਪੇਮਾਰੀ ਕੀਤੀ , ਜਿਸ ਦੌਰਾਨ ਰਾਜ ਭਰ ਵਿੱਚ 81 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 493 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕਰਨ ਦੇ ਨਾਲ, ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 83 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਸ਼ਰੂਤੀ ਚੌਧਰੀ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨਾਲ ਕੀਤੀ ਮੁਲਾਕਾਤ



**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਮਹਿਲਾ ਅਤੇ ਬਾਲ ਵਿਕਾਸ ਅਤੇ ਸਿੰਚਾਈ ਅਤੇ ਜਲ੍ਹ ਸੰਸਾਧਨ ਮੰਤਰੀ ਸ਼ਰੂਤੀ ਚੌਧਰੀ ਨੇ ਅੱਜ ਕੇਂਦਰੀ ਖਜਾਨਾ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਣ ਨਾਲ ਉਨ੍ਹਾਂ ਦੇ ਦਿੱਲੀ ਸਥਿਤ ਨਿਵਾਸ 'ਤੇ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਇਸ ਦੌਰਾਨ ਸ਼ਰੂਤੀ ਚੌਧਰੀ ਨੇ ਕੇਂਦਰੀ ਖਜਾਨਾ ਮੰਤਰੀ ਨਾਲ ਸੂਬੇ ਦੀ ਪ੍ਰਗਤੀ, ਵਿਕਾਸ ਤੇ ਜਨਭਲਾਈ ਨਾਲ ?ੜੇ ਵੱਖ-ਵੱਖ ਵਿਸ਼ਿਆਂ 'ਤੇ ਸਕਾਰਾਤਮਕ ਚਰਚਾ ਕੀਤੀ। ਸ਼ਰੂਤੀ ਚੌਧਰੀ ਨੇ ਕੇਂਦਰੀ ਖਜਾਨਾ ਮੰਤਰੀ ਸ੍ਰੀਮਤੀ ਨਿਰਮਾਲ ਸੀਤਾਰਮਣ ਨੂੰ ਹਰਿਆਣਾ ਦੇ ਵਿਕਾਸ ਨੂੰ ਲੈ ਕੇ ਚੱਲ ਰਹੇ ਅਨੈਕ ਪਰਿਯੋਜਨਾਵਾਂ ਦੇ ਬਾਰੇ ਵਿੱਚ ਵੀ ਜਾਣਕਾਰੀ ਦਿੱਤੀ।

# ਜੇਕਰ ਸਰਕਾਰ ਬਿੱਲ ਵਿੱਚ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਭਾਵਨਾਵਾਂ ਅਨੁਸਾਰ ਪ੍ਰਬੰਧ ਨਹੀਂ ਕਰਦੀ ਹੈ, ਤਾਂ ਸੜਕਾਂ 'ਤੇ ਅੰਦੋਲਨ ਹੋਵੇਗਾ : ਕੈਂਥ



**ਬਠਿੰਡਾ / ਚੰਡੀਗੜ੍ਹ, 22 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ 14 ਜੁਲਾਈ ਨੂੰ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ, 2025 ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸਦਾ ਉਦੇਸ਼ ਸਾਰੇ ਧਰਮਾਂ ਦੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਰੱਖਿਆ ਕਰਨਾ ਅਤੇ ਭਾਈਚਾਰਕ ਸਦਭਾਵਨਾ ਬਣਾਈ ਰੱਖਣਾ ਹੈ। ਆਮ ਆਦਮੀ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਗਏ ਬਿੱਲ ਵਿੱਚ ਰਵਿਦਾਸੀਆ, ਵਾਲਮੀਕਿ ਅਤੇ ਕਬੀਰਪੰਥੀ ਭਾਈਚਾਰਿਆਂ ਦੇ ਗੁਰੂਆਂ ਅਤੇ ਹੋਰ ਮਹਾਂਪੁਰਖਾਂ ਦੀਆਂ ਮੂਰਤੀਆਂ ਅਤੇ ਧਾਰਮਿਕ ਗ੍ਰੰਥਾਂ ਦਾ ਕੋਈ ਜ਼ਿਕਰ ਨਾ ਹੋਣਾ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਮੰਤਰੀਆਂ ਅਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਨੁਸੂਚਿਤ ਜਾਤੀ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾ ਹੈ।ਅੱਜ ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਇਹ ਬਿੱਲ ਗੁਰੂ ਰਵਿਦਾਸ ਜੀ ਦੀ ਮੂਰਤੀ ਅਤੇ ਪਵਿੱਤਰ ਗ੍ਰੰਥ ਅੰਮ੍ਰਿਤਵਾਣੀ, ਭਗਵਾਨ ਵਾਲਮੀਕਿ ਜੀ ਦੀ ਮੂਰਤੀ, ਸਤਿਗੁਰੂ ਕਬੀਰ ਜੀ ਦੀ ਮੂਰਤੀ ਅਤੇ ਸੰਤ ਨਾਭਾ ਦਾਸ ਦੀ ਮੂਰਤੀ ਦੀ ਬੇਅਦਬੀ ਕਰਨ ਵਾਲਿਆਂ ਲਈ ਸਜ਼ਾ ਦੀ ਵਿਵਸਥਾ ਨਾ ਕਰਕੇ ਦਲਿਤ ਭਾਈਚਾਰੇ ਪ੍ਰਤੀ ਨਫ਼ਰਤ ਭਰੀ ਮਾਨਸਿਕਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ।

ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜਾਣਬੁੱਝ ਕੇ ਇਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਹੈ।ਭਾਜਪਾ ਆਗੂ ਕੈਂਥ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਸਰਕਾਰ ਵਿੱਚ ਵਾਲਮੀਕਿ ਸਮਾਜ, ਰਵਿਦਾਸ ਸਮਾਜ, ਕਬੀਰ ਸਮਾਜ ਅਤੇ ਮਹਾਸ਼ਾ ਸਮਾਜ ਨਾਲ ਸਬੰਧਤ 30 ਵਿਧਾਇਕ ਅਤੇ ਕੈਬਨਿਟ ਮੰਤਰੀ ਹਨ, ਪਰ ਉਹ ਵੀ ਇਸ ਮਹੱਤਵਪੂਰਨ ਬਿੱਲ 'ਤੇ ਕੁਝ ਵੀ ਕਹਿਣ ਤੋਂ ਬਚ ਰਹੇ ਹਨ ਅਤੇ ਆਪਣੇ ਮਨ ਦੀ ਗੱਲ ਕਹਿਣ ਤੋਂ ਭੱਜ ਰਹੇ ਹਨ। ਉਨ੍ਹਾਂ ਨੇ ਇਸ ਗੰਭੀਰ ਮੁੱਦੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਅਤੇ ਇਹ ਚੁੱਪੀ ਨਿਰਾਸ਼ਾਜਨਕ ਹੈ। ਇਹ ਬਹੁਤ ਨਿੰਦਣਯੋਗ ਹੈ ਅਤੇ ਮਹਾਂਪੁਰਖਾਂ ਦੀ ਰੱਖਿਆ ਲਈ ਆਪਣਾ ਮੂੰਹ ਨਾ ਖੋਲ੍ਹਣਾ ਅਨੁਸੂਚਿਤ ਜਾਤੀ ਸਮਾਜ ਨਾਲ ਵਿਸ਼ਵਾਸਘਾਤ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਅਗਵਾਈ ਅਨੁਸੂਚਿਤ ਜਾਤੀ ਸਮਾਜ ਦੀ ਆਵਾਜ਼ ਨੂੰ ਦਬਾਉਣ ਦੀ ਇੱਛਾ ਰੱਖਦੀ ਹੈ। ਸਰਦਾਰ ਕੈਂਥ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਦਲਿਤ ਵਿਰੋਧੀ ਚਿਹਰਾ ਸਾਹਮਣੇ ਆ ਰਿਹਾ ਹੈ। ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਮਹਾਂਪੁਰਖਾਂ ਅਤੇ ਗੁਰੂਆਂ ਨੂੰ ਇੱਕ ਸਾਜ਼ਿਸ਼ ਤਹਿਤ ਦੂਰ ਰੱਖਿਆ ਜਾ ਰਿਹਾ ਹੈ, ਜਿਸਨੂੰ ਅਸੀਂ ਬਰਦਾਸ਼ਤ ਨਹੀਂ ਕਰਾਂਗੇ ਅਤੇ ਇਸਦੇ ਦੂਰਗਾਮੀ ਨਤੀਜੇ ਗੰਭੀਰ ਹੋ ਸਕਦੇ ਹਨ। ਪੰਜਾਬ ਵਿੱਚ ਅਨੁਸੂਚਿਤ ਜਾਤੀ ਦੀ ਆਬਾਦੀ ਲਗਭਗ 35 ਪ੍ਰਤੀਸ਼ਤ ਹੈ, ਜਿਸਨੂੰ ਕਿਸੇ ਵੀ ਤਰ੍ਹਾਂ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ । ਸਰਦਾਰ ਕੈਂਥ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਗੁਰੂਆਂ ਅਤੇ ਮਹਾਂਪੁਰਖਾਂ ਦਾ ਸਤਿਕਾਰ ਕਰਦੀ ਹੈ ਅਤੇ ਉਨ੍ਹਾਂ ਦੀਆਂ ਮੂਰਤੀਆਂ ਅਤੇ ਧਾਰਮਿਕ ਗ੍ਰੰਥਾਂ ਦੀ ਸੁਰੱਖਿਆ ਨੂੰ ਇਸ ਬਿੱਲ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਧਾਰਮਿਕ ਆਗੂਆਂ ਨਾਲ ਵੀ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ। ਭਾਜਪਾ ਆਗੂ ਸਰਦਾਰ ਪਰਮਜੀਤ ਸਿੰਘ ਕੈਂਥ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਇਸ ਬਿੱਲ ਵਿੱਚ ਦਲਿਤਾਂ ਦੀਆਂ ਭਾਵਨਾਵਾਂ ਅਨੁਸਾਰ ਪ੍ਰਬੰਧ ਨਹੀਂ ਕਰਦੀ ਹੈ ਤਾਂ ਉਹ ਸੜਕਾਂ 'ਤੇ ਉਤਰ ਕੇ ਵੱਡਾ ਅੰਦੋਲਨ ਸ਼ੁਰੂ ਕਰਨਗੇ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ, ਅਨੁਸੂਚਿਤ ਜਾਤੀ ਮੋਰਚਾ ਬਠਿੰਡਾ ਦੇ ਪ੍ਰਧਾਨ ਬਲਦੇਵ ਸਿੰਘ ਅਕਲੀਆ, ਅਸ਼ੋਕ ਬਾਲਿਆਂਵਾਲੀ , ਉਮੇਸ਼ ਸ਼ਰਮਾ , ਸ਼ਾਮ ਅੱਗਰਵਾਲ , ਗੌਰਵ ਨਿਧਾਨੀਆਂ , ਵਿਕਰਮ ਗਰਗ , ਸ਼ਾਂਤਨੂ ਮੇਹਰਿਸ਼ੀ, ਗੁਰਮੇਲ ਸਿੰਘ ਸਰਪੰਚ, ਵਿੱਕੀ ਰਾਏ, ਚਿਰਾਗ ਸਿੰਗਲਾ, ਜਗਦੀਪ ਸਿੰਘ ਅਤੇ ਹੋਰ ਮੌਜੂਦ ਸਨ।

# ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਵਿਖੇ ਤਿੰਨ ਦਿਨਾਂ ਸਾਵਨ ਉਤਸਵ ਧੂਮਧਾਮ ਨਾਲ ਸ਼ੁਰੂ

**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸੱਭਿਆਚਾਰਕ ਕੇਂਦਰ, ਪਟਿਆਲਾ (ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ) ਵੱਲੋਂ ਕਾਲੀਦਾਸ ਆਡੀਟੋਰੀਅਮ, ਵਿਰਸਾ ਵਿਹਾਰ ਕੇਂਦਰ ਵਿਖੇ ਆਯੋਜਿਤ ਤਿੰਨ ਦਿਨਾਂ ਸਾਵਣ ਉਤਸਵ ਸਮਾਰੋਹ ਅੱਜ ਸ਼ਾਨਦਾਰ ਢੰਗ ਨਾਲ ਸ਼ੁਰੂ ਹੋਇਆ। ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਹਰਵਿੰਦਰ ਸ਼ਰਮਾ ਅਤੇ ਅੰਤਰਰਾਸ਼ਟਰੀ ਪੱਧਰ ਦੇ ਕੱਥਕ ਨ੍ਰਿਤਕੀ ਮਾਨਸੀ ਸਕਸੈਨਾ ਨੇ ਆਪਣੀ ਕਲਾ ਦਾ ਅਜਿਹਾ ਜਾਦੂ ਦਿਖਾਇਆ ਕਿ ਦਰਸ਼ਕਾਂ ਅਤੇ ਸਰੋਤਿਆਂ ਨੇ ਖੜ੍ਹੇ ਹੋ ਕੇ ਕਲਾਕਾਰਾਂ ਦੀ ਤਾਰੀਫ਼ ਕੀਤੀ। ਸਮਾਰੋਹ ਦੇ ਪਹਿਲੇ ਹਿੱਸੇ ਵਿੱਚ, ਸਿਤਾਰ ਵਾਦਕ ਪੰਡਿਤ ਹਰਵਿੰਦਰ ਸ਼ਰਮਾ ਨੇ ਮਾਨਸੂਨ ਰੁੱਤ 'ਤੇ ਆਧਾਰਿਤ ਆਪਣੇ ਸਿਤਾਰ 'ਤੇ ਰਾਗ ਮਲਹਾਰ ਪੇਸ਼ ਕੀਤਾ ਅਤੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਜਦੋਂ ਉਨ੍ਹਾਂ ਨੇ ਆਪਣੀ ਸਿਤਾਰ ਗਾਇਕੀ ਸ਼ੈਲੀ ਵਿੱਚ ਪੇਸ਼ ਕੀਤੀ, ਤਾਂ ਅਜਿਹਾ ਮਹਿਸੂਸ ਹੋਇਆ ਜਿਵੇਂ ਸਿਤਾਰ ਗਾ ਰਿਹਾ ਹੋਵੇ।

ਇਸ ਪੇਸ਼ਕਾਰੀ ਵਿੱਚ, ਉਨ੍ਹਾਂ ਦੇ ਨਾਲ ਪਟਿਆਲਾ ਦੇ ਮਸ਼ਹੂਰ ਕਲਾਕਾਰ ਜੈ ਦੇਵ ਨੇ ਤਬਲੇ 'ਤੇ ਸਾਥ ਦਿੱਤਾ।

ਸਮਾਰੋਹ ਦੇ ਅਗਲੇ ਪੜਾਅ ਵਿੱਚ, ਕਥਕ ਨ੍ਰਿਤਕੀ ਮਾਨਸੀ ਸਕਸੈਨਾ ਨੇ ਆਪਣੇ ਸਹਿ-ਕਲਾਕਾਰਾਂ ਨਾਲ ਮਿਲ ਕੇ ਇੱਕ ਬਹੁਤ ਹੀ ਸ਼ਾਨਦਾਰ ਨਾਚ ਪੇਸ਼ ਕੀਤਾ। ਕੁਝ ਗੀਤਾਂ ਖਾਸ ਕਰਕੇ ਨਾਰਾਇਣ ਸਤੂਤੀ, ਗੋਬਿੰਦ ਤੱਤਵਾ, ਤਰਾਨਾ, ਮਾਨਸੀ ਸਕਸੈਨਾ ਨੇ ਜੈਪੁਰ ਘਰਾਣੇ ਦੇ ਬੰਦਿਸ਼ ÷ਚਤੁਰੰਗਾ÷ ਨੂੰ ਵੀ ਪੇਸ਼ ਕੀਤਾ ਅਤੇ ਆਪਣੀ ਨਾਚ ਅਦਾਕਾਰੀ ਰਾਹੀਂ ਭਗਵਾਨ ਕ੍ਰਿਸ਼ਨ ਦੇ ਜੀਵਨ ਦੇ ਵੱਖ-ਵੱਖ ਸੁੰਦਰ ਪਲਾਂ ਨੂੰ ਪੇਸ਼ ਕੀਤਾ। ਇਸ ਦੌਰਾਨ, ਕਲਾਕਾਰਾਂ ਦੇ ਪੈਰਾਂ ਦੀ ਥਪਥਪਾਨ ਅਤੇ ਘੁੰਗਰੂਆਂ ਦੀ ਆਵਾਜ਼ ਨੇ ਨ੍ਰਿਤਕੀ ਮਾਨਸੀ ਸਕਸੈਨਾ ਦੇ ਪ੍ਰਦਰਸ਼ਨ ਦੀ ਸੁੰਦਰਤਾ ਨੂੰ ਹੋਰ ਵਧਾ ਦਿੱਤਾ।

# ਨਗਰ ਨਿਗਮ ਵੱਲੋਂ ਬਾਹਰ ਸਮਾਨ ਰੱਖਣ ਵਾਲੇ ਦੁਕਾਨਦਾਰਾਂ ਖਿਲਾ.ਫ ਮੁੜ ਵੱਡੀ ਕਾਰਵਾਈ

**ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਨਿਗਮ ਵੱਲੋਂ ਮੇਅਰ ਕੁੰਦਨ ਗੋਗੀਆਂ ਅਤੇ ਕਮਿਸ਼ਨਰ ਪਰਮਵੀਰ ਸਿੰਘ ਅਤੇ ਲੈਂਡ ਬ੍ਰਾਂਚ ਦੇ ਸਕੱਤਰ ਸੁਰਜੀਤ ਸਿੰਘ ਦੀ ਰਹਿਨੁਮਾਈ ਵਿੱਚ ਨਜ਼ਾਇਜ ਕਬਜਾ ਧਾਰਕਾਂ ਖਿਲਾਫ ਵੱਡੀ ਮੁਹਿੰਮ ਵਿੱਢੀ ਗਈ ਹੈ। ਜਿਸ ਤਹਿਤ ਨਿਗਮ ਇੰਸਪੈਕਟਰ ਵਿਸ਼ਾਲ ਵਰਮਾ ਵੱਲੋਂ ਸ਼ੇਰਾ ਵਾਲਾ ਗੇਟ ਵਿਖੇ ਕਈ ਦੁਕਾਨਦਾਰਾਂ ਦੇ ਕਾਰਵਾਈ ਕਰਦਿਆ ਸੜਕਾਂ ਤੱਕ ਰੱਖਿਆ ਸਾਮਾਨ ਅੰਦਰ ਕਰਵਾਇਆ ਗਿਆ। ਦੱਸ ਦੇਈਏ ਕਿ ਪਟਿਆਲਾ ਨਗਰ ਨਿਗਮ ਵੱਲੋਂ ਸ਼ਹਿਰ ਦੀਆਂ ਸੜਕਾਂ, ਫੁੱਟਪਾਥਾਂ ਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਇੱਕ ਵੱਡੀ ਮੁਹਿੰਮ ਚਲਾਈ ਗਈ, ਜਿਸ ਤਹਿਤ ਨਗਰ ਨਿਗਮ ਦੇ ਇੰਸਪੈਕਟਰ ਵਿਸ਼ਾਲ ਵਰਮਾ ਅਤੇ ਨਿਗਮ ਟੀਮ ਅਤੇ ਪੁਲਿਸ ਦੇ ਸਹਿਯੋਗ ਨਾਲ ਸੜਕਾਂ ਤੇ ਬਾਹਰ ਸਮਾਨ ਰੱਖਣ ਵਾਲੇ ਦੁਕਾਨਦਾਰਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਗਈ।

ਇੰਸਪੈਕਟਰ ਵਿਸ਼ਾਲ ਵਰਮਾ ਦਾ ਕਹਿਣਾ ਹੈ ਕਿ ਇਸ ਦੌਰਾਨ, ਜਿੱਥੇ ਕਈ ਦੁਕਾਨਦਾਰਾਂ ਨੇ ਨਿਗਮ ਦੀ ਕਾਰਵਾਈ ਦਾ ਸਹਿਯੋਗ ਕੀਤਾ, ਉੱਥੇ ਸ਼ੇਰਾ ਵਾਲਾ ਗੇਟ ਵਿਖੇ ਮਦਰਾਸੀ ਡੋਸੇ ਵੱਲੋਂ ਹਾਈਪੋ ?ਰਫਾਈਲ ਡਰਾਮਾ ਕੀਤਾ ਗਿਆ। ਮਦਰਾਸੀ ਡੋਸੇ ਵਾਲੇ ਵਰਕਰਾਂ ਵੱਲੋਂ ਨਿਗਮ ਮੁਲਾਜ਼ਮਾਂ ਨੂੰ ਡਰਾਉਣ ਲਈ ਸਮਾਨ ਚੁੱਕਣ ਵਾਲੀ ਗੱਡੀ ਅੱਗੇ ਲੇਟ ਕੇ ਸਮਾਨ ਵਾਪਸ ਕਰਨ ਲਈ ਵੀ ਕਿਹਾ ਗਿਆ। ਪਰ ਨਿਗਮ ਮੁਲਾਜ਼ਮਾ ਨੇ ਸੂਝ ਬੂਝ ਅਤੇ ਪੁਲਸ ਦੀ ਮਦਦ ਨਾਲ ਕਾਰਵਾਈ ਕਰਦਿਆ ਸਮਾਨ ਜਬਤ ਕਰ ਲਿਆ। ਨਗਰ ਨਿਗਮ ਦੇ ਇੰਸਪੈਕਟਰ ਵਿਸ਼ਾਲ ਵਰਮਾ ਨੇ ਸਪਸ਼ਟ ਕੀਤਾ ਕਿ ਇਹ ਕਾਰਵਾਈ ਤੰਗ ਕਰਨ ਜਾਂ ਭੇਦਭਾਵ ਨਾਲ ਨਹੀਂ, ਸਗੋਂ ਸਾਰੇ ਸ਼ਹਿਰ ਵਿੱਚ ਇੱਕੋ ਨੀਤੀ ਦੇ ਤਹਿਤ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਸੜਕਾਂ ਤੇ ਸਮਾਨ ਰੱਖਣ ਨਾਲ ਨਾ ਸਿਰਫ਼ ਆਵਾਜਾਈ ਵਿੱਚ ਰੁਕਾਵਟ ਪੈਂਦੀ ਹੈ, ਸਗੋਂ ਐਮਰਜੈਂਸੀ ਵਾਹਨਾਂ ਨੂੰ ਵੀ ਕਈ ਵਾਰ ਸਮੱਸਿਆ ਆਉਂਦੀ ਹੈ। ਇਸ ਤਰ੍ਹਾਂ ਦੀ ਕਾਰਵਾਈ ਅੱਗੇ ਵੀ ਨਿਰੰਤਰ ਜਾਰੀ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਦੁਕਾਨਦਾਰ ਆਪਣਾ ਕਾਰੋਬਾਰ ਜ਼ਰੂਰ ਚਲਾਉਣ, ਪਰ ਕਾਨੂੰਨੀ ਹੱਦਾਂ ਵਿੱਚ ਰਹਿ ਕੇ ਆਪਣਾ ਕਾਰੋਬਾਰ ਕਰਨ। ਉਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਪਹਿਲਾਂ ਹੀ ਵਾਰ ਵਾਰ ਐਲਾਨ ਕੀਤਾ ਗਿਆ ਸੀ ਕਿ ਜੇਕਰ ਕੋਈ ਵਪਾਰੀ ਬਾਹਰ ਤਕ ਸਮਾਨ ਰੱਖੇਗਾ, ਤਾਂ ਉਸ ਉੱਤੇ ਜੁਰਮਾਨਾ ਲੱਗੇਗਾ ਜਾਂ ਸਮਾਨ ਜ਼ਬਤ ਕੀਤਾ ਜਾਵੇਗਾ।

ਅਖੀਰ ਵਿੱਚ, ਨਗਰ ਨਿਗਮ ਨੇ ਸਾਰਿਆਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰ ਦੀ ਸੁਚੱਜੀ ਤਸਵੀਰ ਬਣਾਏ ਰੱਖਣ ਵਿੱਚ ਸਹਿਯੋਗ ਦੇਣ। ਜੇਕਰ ਕੋਈ ਸਮੱਸਿਆ ਹੈ ਤਾਂ ਨਿਗਮ ਦੇ ਕੋਲ ਆਪਣੇ ਅਰਜ਼ੀ ਜਮਾਂ ਕਰਵਾ ਸਕਦੇ ਹਨ।

# ਆਓ, ਚੰਗੇ ਕਰਮ ਕਮਾਈਏ

ਬੇਵਕੂਫੀ ਮੰਨਦਾ ਹੈ। ਇਸ ਨਾਲ ਹਰ ਪਾਸੇ ਆਪਾਧਾਪੀ ਵਿੱਚ ਵਾਧਾ ਹੁੰਦਾ ਹੈ। ਸਮਾਜਿਕ ਬੁਰਾਈਆਂ ਸਿਰ ਚੁੱਕਣ ਲੱਗਦੀਆਂ ਹਨ ਅਤੇ ਰਿਸ਼ਤਿਆਂ ਵਿੱਚ ਕਮਜ਼ੋਰੀ ਆਉਂਦੀ ਹੈ। ਨਿੱਤ ਆਪਣਿਆਂ ਹੱਥੋਂ ਆਪਣਿਆਂ ਦੇ ਕਤਲ ਦੀਆਂ ਵਾਰਦਾਤਾਂ ਸੁਣਨ ਨੂੰ ਮਿਲਣ ਲੱਗ ਪਈਆਂ ਹਨ। ਲੋਕਾਈ ਨੂੰ ਸਿੱਧੇ ਰਾਹ ਪਾਉਣ ਵਾਲਾ ਕੋਈ ਨਹੀਂ ਹੈ। ਸਾਡੇ ਆਗੂ ਕੇਵਲ ਆਪਣੇ ਬਾਰੇ ਹੀ ਸੋਚਦੇ ਹਨ। ਆਪਣੀ ਭਲਾਈ ਲਈ ਉਹ ਲੋਕਾਈ ਨੂੰ ਕੁਰਾਹੇ ਪਾ ਰਹੇ ਹਨ। ਇਸ ਵਿੱਚ ਕੇਵਲ ਰਾਜਨੀਤਕ ਆਗੂ ਹੀ ਨਹੀਂ ਸਗੋਂ ਧਾਰਮਿਕ ਆਗੂ ਅਤੇ ਸਮਾਜ ਸੁਧਾਰਕ ਵੀ ਸ਼ਾਮਲ ਹਨ।

ਜਿਹੜਾ ਸਮਾਜ ਅਤੇ ਮਾਹੌਲ ਢਾਈ ਸਦੀਆਂ ਦੇ ਪ੍ਰਚਾਰ, ਬੇਅੰਤ ਕੁਰਬਾਨੀਆਂ ਦੇ ਕੇ ਸਿਰਜਿਆ ਸੀ ਉਸ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। ਸਾਡੇ ਆਗੂਆਂ ਨੂੰ ਮਾਇਆ ਜਾਲ ਵਿੱਚੋਂ ਨਿਕਲ ਕੇ ਵਿਗੜ ਰਹੇ ਸਮਾਜ ਨੂੰ ਸੰਭਾਲਣ ਦੀ ਲੋੜ ਹੈ। ਸੁੱਖ ਸਹੂਲਤਾਂ ਅਤੇ ਮਾਇਆ ਨਾਲ ਨਹੀਂ ਜਾਣੀ ਸਗੋਂ ਖਾਲੀ ਹੱਥ ਹੀ ਜਾਣਾ ਪੈਂਦਾ ਹੈ। ਪਿੱਛੇ ਕੇਵਲ ਗੁਣਾਂ ਦੀ ਹੀ ਚਰਚਾ ਹੁੰਦੀ ਹੈ, ਜੇਕਰ ਅੱਗੇ ਕੋਈ ਕਚਹਿਰੀ ਹੈ, ਉੱਥੇ ਵੀ ਇਨ੍ਹਾਂ ਗੁਣਾਂ ਦੀ ਹੀ ਕਦਰ ਪੈਂਦੀ ਹੈ। ਰੰਗਲਾ ਪੰਜਾਬ ਬਣਾਉਣ ਲਈ ਗੁਰੂ ਨਾਨਕ ਸਾਹਬਿ ਦੇ ਉਪਦੇਸ਼ ਨੂੰ ਅਪਣਾਉਣ ਦੀ ਲੋੜ ਹੈ। ਹਮਦਰਦੀ ਅਤੇ ਅਹਿਸਾਸਤਾ ਨੂੰ ਆਪਣੇ ਜੀਵਨ ਦਾ ਅੰਗ ਬਣਾਈਏ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜੇਕਰ ਕਿਰਤ ਕੀਤੀ ਜਾਵੇ, ਲੋੜਵੰਦਾਂ ਦੀ ਸਹਾਇਤਾ ਕੀਤੀ ਜਾਵੇ ਅਤੇ ਕਾਦਰ ਅਤੇ ਕੁਦਰਤ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਸਮਝਿਆ ਜਾਵੇ।

ਦੂਜੇ ਦੇ ਦੁੱਖ ਦਰਦ ਨੂੰ ਸਮਝਣਾ ਹੀ ਇਨਸਾਨੀਅਤ ਹੈ। ਇਸੇ ਗੁਣ ਨਾਲ ਹੀ ਭਾਈਚਾਰਾ ਮਜ਼ਬੂਤ ਅਤੇ ਮਿਸਾਲੀ ਬਣਦਾ ਹੈ। ਜੇਕਰ ਵਿਕਸਤ ਦੇਸ਼ਾਂ ਵੱਲ ਝਾਤੀ ਮਾਰੀਏ ਉੱਥੋਂ ਦੇ ਰਹਿਣ ਵਾਲੇ ਰੋਜ਼ਾਨਾ ਜੀਵਨ ਵਿੱਚ ਦੋ ਸ਼ਬਦ sorry ਅਤੇ Thanks ਦੀ ਸਭ ਤੋਂ ਵਧ ਵਰਤੋਂ ਕਰਦੇ ਹਨ। ਵੈਸੇ ਤਾਂ ਉਹ ਕਿਸੇ ਦਾ ਨੁਕਸਾਨ ਕਰਨ ਜਾਂ ਤਕਲੀਫ਼ ਪਹੁੰਚਾਉਣ ਤੋਂ ਗੁਰੇਜ਼ ਕਰਦੇ ਹਨ, ਪਰ ਜੇਕਰ ਗ਼ਲਤੀ ਨਾਲ ਅਜਿਹਾ ਹੋ ਜਾਵੇ ਤਾਂ ਝੱਟ ਮੁਆਫ਼ੀ ਮੰਗ ਲੈਂਦੇ ਹਨ। ਦੂਜੇ ਵੱਲੋਂ ਕੀਤੀ ਮਾਮੂਲੀ ਸਹਾਇਤਾ ਲਈ ਵੀ ਝੱਟ ਧੰਨਵਾਦ ਕਰਦੇ ਹਨ। ਹਮੇਸ਼ਾਂ ਮੁਸਕਰਾ ਕੇ ਗੱਲ ਕਰਦੇ ਹਨ ਅਤੇ ਚਿਹਰੇ ਉਤੇ ਮੁਸਕੁਰਾਹਟ ਰਹਿੰਦੀ ਹੈ। ਮੁਸਕੁਰਾਹਟ ਅਤੇ ਬਾਣੀ ਦੇ ਗੁਣ ਕੇਵਲ ਇਨਸਾਨ ਨੂੰ ਵੀ ਬਖ਼ਸ਼ਿਸ਼ ਹੋਏ ਹਨ। ਇਨ੍ਹਾਂ ਦੀ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਵਰਤੋਂ ਕਰਨੀ ਚਾਹੀਦੀ ਹੈ। ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਦੂਜਿਆਂ ਬਾਰੇ ਸੋਚਣਾ ਚਾਹੀਦਾ ਹੈ। ਜੇਕਰ ਕੋਈ ਮਿਲਾਵਟ ਕਰਦਾ ਹੈ ਤਾਂ ਉਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੇਕਰ ਉਸ ਨੂੰ ਇਹ ਵਸਤ ਖਾਣੀ ਪਵੇ ਤਾਂ ਕੀ ਉਹ ਖਾ ਲਵੇਗਾ। ਜਦੋਂ ਅਸੀਂ ਅਜਿਹਾ ਸੋਚਾਂਗੇ ਤਾਂ ਸਾਡੀ ਜ਼ਮੀਰ ਸਾਨੂੰ ਕਦੇ ਵੀ ਕੋਈ ਗ਼ਲਤ ਕਾਰਜ ਕਰਨ ਦੀ ਆਗਿਆ ਨਹੀਂ ਦੇਵੇਗੀ।

ਮਨੁੱਖ ਇੱਕ ਸਮਾਜਿਕ ਜੀਵ ਹੈ। ਸਮਾਜ ਵਿੱਚ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣਾ ਹੀ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਕਿਸੇ ਦੇ ਸੁੱਖ ਜਾਂ ਤਰੱਕੀ ਨੂੰ ਵੇਖ ਈਰਖਾ ਕਰਨ ਦੀ ਥਾਂ ਖੁਸ਼ ਹੋਵੋ ਅਤੇ ਸਾਰਿਆਂ ਦਾ ਭਲਾ ਮੰਗੋ। ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਕੇਵਲ ਅਰਦਾਸ ਵੇਲੇ ਹੀ ਨਾ ਮੰਗਿਆ ਜਾਵੇ ਸਗੋਂ ਇਸ ਨੂੰ ਜੀਵਨ ਦਾ ਅੰਗ ਬਣਾਇਆ ਜਾਵੇ। ਦੂਜਿਆਂ ਨੂੰ ਸਮਝਣ ਲਈ ਸੁਣਨ ਦੀ ਆਦਤ ਪਾਈਏ। ਹੁਣ ਸੁਣਨ ਦੀ ਆਦਤ ਖ਼ਤਮ ਹੋ ਰਹੀ ਹੈ। ਕੁਝ ਸਾਲ ਪਹਿਲਾਂ ਤੱਕ ਬਚਪਨ ਵਿੱਚ ਹੀ ਸੁਣਨ ਦੀ ਆਦਤ ਪੈ ਜਾਂਦੀ ਸੀ ਜਦੋਂ ਰੋਜ਼ ਰਾਤ ਨੂੰ ਸੌਣ ਤੋਂ ਪਹਿਲਾਂ ਦਾਦੀ ਤੋਂ ਬਾਤਾਂ ਜਾਂ ਕਹਾਣੀਆਂ ਸੁਣਦੇ ਸਾਂ। ਹਮਦਰਦੀ ਕੇਵਲ ਵਿਖਾਵੇ ਲਈ ਨਹੀਂ ਹੋਣੀ ਚਾਹੀਦੀ। ਇਹ ਤੁਹਾਡੀਆਂ ਅੱਖਾਂ ਅਤੇ ਸਰੀਰ ਵਿੱਚੋਂ ਝਲਕਣੀ ਚਾਹੀਦੀ ਹੈ। ਇਸੇ ਤਰ੍ਹਾਂ ਮੁਆਫ਼ੀ ਜਾਂ ਧੰਨਵਾਦ ਦੀ ਝਲਕ ਵੀ ਚਿਹਰੇ ਅਤੇ ਸਰੀਰਕ ਹਾਵ ਭਾਵ ਵਿੱਚੋਂ ਮਿਲਣੀ ਚਾਹੀਦੀ ਹੈ। ਬੋਲਬਾਣੀ ਮਿੱਠੀ ਚਾਹੀਦੀ ਹੈ, ਪਰ ਇਹ ਵਿਖਾਵੇ ਲਈ ਮਿੱਠੀ ਨਹੀਂ ਸਗੋਂ ਸੱਚਮੁੱਚ ਮਿੱਠੀ ਹੋਣੀ ਚਾਹੀਦੀ ਹੈ। ਮਿੱਠੀ ਬਾਣੀ ਰਿਸ਼ਤੇ ਜੋੜਦੀ ਹੈ ਜਦੋਂ ਕਿ ਬੁਰੀ ਬਾਣੀ ਰਿਸ਼ਤੇ ਤੋੜਦੀ ਹੈ। ਹਮੇਸ਼ਾਂ ਦੂਜਿਆਂ ਦੇ ਕੰਮ ਆਉਣਾ ਚਾਹੀਦਾ ਹੈ। ਕਿਸੇ ਸੰਗੀ ਸਾਥੀ ਨੂੰ ਮੁਸੀਬਤ ਵਿੱਚ ਫਸੇ ਨੂੰ ਵੇਖ ਕੇ ਖੁਸ਼ ਹੋਣ ਦੀ ਥਾਂ ਉਸ ਦੀ ਸਹਾਇਤਾ ਕਰੀਏ। ਨਿਮਰਤਾ ਅਤੇ ਸੰਤੋਖ ਮਨੁੱਖ ਦੇ ਗਹਿਣੇ ਹੁੰਦੇ ਹਨ, ਉਹ ਦੂਜਿਆਂ ਦੇ ਦੁੱਖ ਦਰਦ ਨੂੰ ਵੀ ਸਮਝ ਸਕਦਾ ਹੈ ਅਤੇ ਕਦੇ ਵੀ ਕੋਈ ਅਜਿਹਾ ਕਾਰਜ ਨਹੀਂ ਕਰਦਾ ਜਿਸ ਨਾਲ ਕਿਸੇ ਦੇ ਮਨ ਨੂੰ ਠੇਸ ਪੁੱਜੇ ਜਾਂ ਉਸ ਦਾ ਕੋਈ ਨੁਕਸਾਨ ਹੋਵੇ। ਗੁਰੂ ਨਾਨਕ ਸਾਹਬਿ ਦੇ ਉਪਦੇਸ਼ਾਂ ਵੱਲ ਮੁੜ ਮੋੜਾ ਪਾਉਣ ਦੀ ਲੋੜ ਹੈ ਤਾਂ ਜੋ ਆਪਣੇ ਪੰਜਾਬ ਨੂੰ ਮੁੜ ਸਹੀ ਅਰਥਾਂ ਵਿੱਚ ਪੰਜਾਬ ਬਣਾਇਆ ਜਾ ਸਕੇ।

# ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਰਿਹਾ ਹੈ ਸਿੰਥੈਟਿਕ ਨਸ਼ਾ



-ਪ੍ਰਵੀਨ ਬਾਂਸਲ

ਖ਼ਜੈ ਹਿੰਦ ਦੋਸਤੋ, ਪਿਛਲੇ ਸਮੇਂ ਅਸੀਂ ਕੌਮਾਂਤਰੀ ਨਸ਼ਾ ਖਾਤਮਾ ਦਿਵਸ ਮਨਾਇਆ ਹੈ। ਹਰ ਸਾਲ 20 ਲੱਖ ਤੋਂ ਵੱਧ ਜ਼ਿੰਦਗੀਆਂ ਨਿਗਲ ਲੈਣ ਵਾਲੇ ਇਸ ਕਾਲੇ ਸੱਚ ਨੇ ਪੂਰੇ ਵਿਸ਼ਵ ਨੂੰ ਆਪਣੀ ਗ੍ਰਿਫ਼ਤ 'ਚ ਲੈ ਲਿਆ। ਤਾਂ ਹੀ ਅੱਜ ਪੂਰਾ ਵਿਸ਼ਵ ਇਸ ਵਿਸ਼ੇ 'ਤੇ ਇੰਨਾ ਸੰਵੇਦਨਸ਼ੀਲ ਹੈ। ਨਸ਼ੇ ਕਾਰਨ ਹੋਰ ਸਮੱਸਿਆਵਾਂ ਦੇ ਨਾਲ-ਨਾਲ ਕਈ ਦੇਸ਼ਾਂ ਦੀ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਅੱਜ ਖ਼ਤਰੇ 'ਚ ਹੈ। ਪੂਰੀ ਦੁਨੀਆ ਦੇ ਦੇਸ਼ਾਂ ਨੇ ਇਸ ਦੇ ਖਾਤਮੇ ਲਈ ਮੁਹਿੰਮ ਚਲਾ ਰੱਖੀ ਹੈ। ਭਾਰਤ 'ਚ ਇਸ ਦੀ ਸਥਿਤੀ 'ਤੇ ਅੱਜ ਚਰਚਾ ਕਰਾਂਗੇ। ਦੇਸ਼ 'ਚ ਸਦੀਆਂ ਤੋਂ ਨਸ਼ੇ ਦਾ ਕਿਸੇ ਨਾ ਕਿਸੇ ਰੂਪ 'ਚ ਰਿਵਾਜ ਰਿਹਾ ਹੈ। ਉਹ ਪਦਾਰਥ ਕੁਦਰਤੀ ਤੌਰ 'ਤੇ ਕੁਦਰਤ ਵੱਲੋਂ ਬਣਾਏ ਹੁੰਦੇ ਸਨ। ਅੱਜ ਉਨ੍ਹਾਂ ਕੁਦਰਤੀ ਪਦਾਰਥਾਂ ਦੀ ਥਾਂ ਸਿੰਥੈਟਿਕ ਅਤੇ ਰਸਾਇਣਕ ਪਦਾਰਥਾਂ ਨੇ ਲੈ ਲਈ ਜੋ ਕਿ ਖਤਰਨਾਕ, ਜਾਨਲੇਵਾ ਰਸਾਇਣਾਂ ਤੋਂ ਬਣਾਵਟੀ ਤੌਰ 'ਤੇ ਪ੍ਰਯੋਗਸ਼ਾਲਾਵਾਂ 'ਚ ਬਣਾਏ ਜਾਂਦੇ ਹਨ। ਮੇਰੇ ਵਿਚਾਰ ਨਾਲ ਭਾਰਤ ਨੂੰ ਕੁਦਰਤੀ ਪਦਾਰਥਾਂ ਤੋਂ ਸਿੰਥੈਟਿਕ ਅਤੇ ਰਸਾਇਣਕ ਪਦਾਰਥਾਂ ਵੱਲ ਮੋੜਨਾ, ਇਕ ਸੋਚੀ-ਸਮਝੀ ਕੌਮਾਂਤਰੀ ਸਾਜ਼ਿਸ਼ ਦਾ ਹਿੱਸਾ ਹੈ, ਜਿਸ ਦਾ ਮਕਸਦ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਮਾਨਸਿਕ ਅਤੇ ਸਰੀਰਕ, ਸਮਾਜ ਨੂੰ ਵੰਡਣ ਅਤੇ ਦੇਸ਼ ਨੂੰ ਆਰਥਿਕ ਅਤੇ ਅੰਦਰੂਨੀ ਸੁਰੱਖਿਆ ਦੇ ਤੌਰ 'ਤੇ ਕਮਜ਼ੋਰ ਕਰਨਾ ਹੈ।

ਇਨ੍ਹਾਂ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਦੀ ਜ਼ਿੰਦਗੀ ਦਾ ਸਫਰ, ਜ਼ਿਆਦਾਤਰ ਸਿਰਫ਼ ਤੇ ਸਿਰਫ਼ ਮੌਤ ਤੱਕ ਜਾ ਕੇ ਹੀ ਖਤਮ ਹੁੰਦਾ ਹੈ। ਅਜਿਹਾ ਨਸ਼ਾ ਕਰਨ ਵਾਲੇ ਵਿਅਕਤੀ ਲਈ ਕਤਲ, ਜਬਰ-ਜ਼ਿਨਾਹ, ਲੁੱਟ-ਮਾਰ, ਚੋਰੀ, ਡਕੈਤੀ ਵਰਗੇ ਅਪਰਾਧ ਕਰਨਾ ਆਮ ਗੱਲ ਹੈ। ਅਜਿਹੀਆਂ ਵੀ ਉਦਾਹਰਣਾਂ ਹਨ ਕਿ ਨਸ਼ੇ 'ਚ ਜਾਂ

ਮੈਂ ਕਿਸੇ ਵੀ ਪਦਾਰਥ ਦਾ ਨਸ਼ਾ ਕਰਨ ਦੇ 100 ਫ਼ੀਸਦੀ ਵਿਰੁੱਧ ਹਾਂ ਅਤੇ ਹਰ ਤਰ੍ਹਾਂ ਦੇ ਨਸ਼ੇ ਦਾ ਵਿਰੋਧੀ ਹਾਂ। ਇਸ ਦੇ ਖਾਤਮੇ ਲਈ ਦੇਸ਼ ਦੇ ਸੂਬਿਆਂ 'ਚ, ਨਸ਼ਾ ਮੁਕਤੀ ਲਈ ਚਲਾਈਆਂ ਗਈਆਂ ਯੋਜਨਾਵਾਂ, ਨਸ਼ਾ ਮੁਕਤੀ ਕੇਂਦਰ ਅਤੇ ਸਮਾਜਿਕ ਸੰਸਥਾਵਾਂ ਦਾ ਸਹਿਯੋਗੀ ਹਾਂ ਜੋ ਸਮਾਜ ਨੂੰ ਜਾਗਰੂਕ ਕਰਨ ਦਾ ਪਵਿੱਤਰ ਕੰਮ ਵੀ ਕਰਦੀਆਂ ਹਨ। ਕਿਸੇ ਦਾਰਸ਼ਨਿਕ ਨੇ ਕਿਹਾ ਹੈ ਕਿ ਜ਼ਹਿਰ ਨੂੰ ਜ਼ਹਿਰ ਮਾਰਦਾ ਹੈ ਜਾਂ ਕਦੀ-ਕਦੀ ਵੱਡੇ ਬਦਮਾਸ਼ ਨੂੰ ਮਾਰਨ ਲਈ ਛੋਟੇ ਦਾ ਸਹਾਰਾ ਲੈਣਾ ਪੈਂਦਾ ਹੈ। ਗੰਭੀਰ ਬਿਮਾਰੀਆਂ ਨੂੰ ਠੀਕ ਕਰਨ ਲਈ ਕਦੀ-ਕਦੀ Reverse Policy ਵਾਲੀ ਥੈਰੇਪੀ ਤੋਂ ਕੰਮ ਲੈਣਾ ਵਧੀਆ ਸਾਬਤ ਹੋ ਸਕਦਾ ਹੈ। ਇਸ ਲਈ ਮੇਰਾ ਜਾਤੀ ਵਿਚਾਰ ਹੈ ਕਿ ਦੇਸ਼ ਲਈ, ਸਮਾਜ ਲਈ ਅਤੇ ਲੋਕਾਂ ਲਈ ਸਖ਼ਤ ਫ਼ੈਸਲੇ ਲੈਣ ਦੀ ਅੱਜ ਲੋੜ ਹੈ।

ਉਸ ਦੀ ਪੂਰਤੀ ਲਈ, ਵਿਅਕਤੀ ਨੇ ਆਪਣੀ ਮਾਂ, ਭੈਣ, ਪਿਤਾ, ਭਰਾ ਆਦਿ ਦੇ ਨਾਲ ਘਿਨੌਣੇ ਤੋਂ ਘਿਨੌਣਾ ਅਪਰਾਧ ਕੀਤਾ ਹੈ। ਰਿਸ਼ਤਿਆਂ ਦੀ ਮਰਿਆਦਾ ਨੂੰ ਭੰਗ ਕੀਤਾ ਹੈ, ਜਿਸ ਦਾ ਜ਼ਿਕਰ ਵੀ ਕਸ਼ਟਦਾਇਕ ਹੈ। ਨਸ਼ਾ ਕਰਨ ਵਾਲਾ ਸ਼ਖ਼ਸ ਜਿੱਥੇ ਨਪੁੰਸਕਤਾ, ਅੰਗਹੀਣਤਾ ਵਰਗੀਆਂ ਸਰੀਰਕ ਮੁਸ਼ਕਿਲਾਂ ਤੋਂ ਪੀੜਤ ਹੁੰਦਾ ਹੈ ਉੱਥੇ ਉਸ ਦਾ ਪਰਿਵਾਰ ਮਾਨਸਿਕ, ਸਮਾਜਿਕ, ਆਰਥਿਕ ਆਦਿ ਸਮੱਸਿਆਵਾਂ ਨਾਲ ਜੂਝਦਾ ਹੈ। ਇਸ ਦੇ ਭੈੜੇ ਨਤੀਜੇ ਦੇਸ਼ ਦੇ ਹਰ ਕੋਨੇ 'ਚ ਦੇਖਣ ਨੂੰ ਮਿਲ ਰਹੇ ਹਨ। ਪੁਰਾਣੇ ਭਾਰਤ 'ਚ ਨਸ਼ੇ ਦੇ ਇਤਿਹਾਸ ਦੀ ਗੱਲ ਕਰੀਏ ਤਾਂ ਅਸੀਂ ਦੇਖਾਂਗੇ ਕਿ ਸਮਾਜ 'ਚ ਨਸ਼ੇ ਦਾ ਰਿਵਾਜ ਹਮੇਸ਼ਾ ਰਿਹਾ ਹੈ ਪਰ ਰਸਾਇਣਕ ਪਦਾਰਥਾਂ ਦੇ ਆਗਮਨ ਤੋਂ ਬਾਅਦ ਜੋ ਭਿਆਨਕ ਤੇ ਗੰਭੀਰ ਸਥਿਤੀ ਬਣੀ ਹੈ, ਉਹ ਇਕ ਪੀੜ੍ਹੀ ਹੀ ਨਹੀਂ ਦੇਸ਼ ਦੀ ਆਰਥਿਕ, ਸਮਾਜਿਕ ਅਤੇ ਸੁਰੱਖਿਆ ਲਈ ਵੀ ਗੰਭੀਰ ਖ਼ਤਰਾ ਹੈ।

ਪੁਰਾਣੇ ਸਮੇਂ 'ਚ ਨਸ਼ੇ 'ਚ ਵਰਤਣ ਵਾਲੇ ਪਦਾਰਥ ਕੁਦਰਤੀ ਅਤੇ ਰੁੱਖ-ਬੂਟਿਆਂ ਤੋਂ ਬਣਾਏ ਜਾਂਦੇ ਸਨ। ਸਾਡੇ ਦੇਸ਼ 'ਤੇ ਕੁਦਰਤ ਦੀ ਅਜਿਹੀ ਕਿਰਪਾ ਹੈ ਕਿ ਲਗਭਗ ਹਰ ਸੂਬੇ 'ਚ ਚੰਗੀ ਜਲਵਾਯੂ ਹੋਣ ਕਾਰਨ ਇੱਥੇ ਹਜ਼ਾਰਾਂ ਤਰ੍ਹਾਂ ਦੇ ਫਲ-ਫੁੱਲ, ਸਬਜ਼ੀਆਂ ਅਤੇ ਲੱਖਾਂ ਕਿਸਮਾਂ ਦੀਆਂ ਜੜ੍ਹੀ-ਬੂਟੀਆਂ ਪੈਦਾ ਹੁੰਦੀਆਂ ਹਨ, ਜਿਹੜੀਆਂ ਔਸ਼ਧੀ (ਮੈਡੀਸਿਨਲ) ਗੁਣਾਂ ਨਾਲ ਭਰਪੂਰ ਹੁੰਦੀਆਂ ਹਨ, ਜੋ ਸਾਡੀ ਜ਼ਿੰਦਗੀ ਲਈ ਬੇਹੱਦ ਉਪਯੋਗੀ ਰਹੀਆਂ ਹਨ। ਇਨ੍ਹਾਂ ਜੜ੍ਹੀ-ਬੂਟੀਆਂ ਨਾਲ ਸਾਡੇ ਵਿਦਵਾਨ ਅਤੇ ਡਾਕਟਰ ਸਦੀਆਂ ਤੋਂ ਦਵਾਈਆਂ ਬਣਾ ਕੇ ਗੰਭੀਰ ਤੋਂ ਗੰਭੀਰ ਬਿਮਾਰੀਆਂ ਦਾ ਇਲਾਜ ਕਰਦੇ ਰਹੇ ਹਨ। ਇਨ੍ਹਾਂ 'ਚ ਅਫੀਮ, ਤੰਬਾਕੂ, ਡੋਡੇ, ਭੁੱਕੀ ਆਦਿ ਅਜਿਹੇ ਪਦਾਰਥ ਹਨ, ਜਿਨ੍ਹਾਂ ਨੂੰ ਭਾਰਤੀ ਮੈਡੀਕਲ ਔਸ਼ਧੀ ਵਜੋਂ ਪਰ ਸਮਾਜ ਦਾ ਇਕ ਵਰਗ ਇਸ ਨੂੰ ਨਸ਼ੇ ਦੇ ਤੌਰ 'ਤੇ ਵੀ ਵਰਤਦਾ ਹੈ। ਕੁਦਰਤੀ ਚੀਜ਼ਾਂ ਜਿਵੇਂ ਅੰਗੂਰ, ਗੁੜ ਆਦਿ ਨਾਲ ਸ਼ਰਾਬ, ਤੰਬਾਕੂ ਦੀ ਬੀੜੀ ਅਤੇ ਹੁੱਕੇ 'ਚ ਵਰਤੋਂ, ਮਿਹਨਤ-ਮਜ਼ਦੂਰੀ ਕਰਨ ਵਾਲੇ ਲੋਕ ਜ਼ਿਆਦਾ ਕੰਮ ਕਰ ਸਕਣ, ਇਸ ਲਈ ਅਫੀਮ, ਭੁੱਕੀ, ਡੋਡਿਆਂ ਆਦਿ ਦਾ ਸੇਵਨ ਕਰਨਾ, ਸਾਡੇ ਸਮਾਜ 'ਚ ਆਮ ਗੱਲ ਸੀ। ਇਹ ਸਭ ਵਸਤਾਂ ਕੁਦਰਤੀ ਤੌਰ 'ਤੇ ਕੁਦਰਤ ਦੀ ਦੇਣ ਸਨ ਜਿਨ੍ਹਾਂ ਦੇ ਜ਼ਿਆਦਾ ਸੇਵਨ ਨਾਲ ਯਕੀਨੀ ਨੁਕਸਾਨ ਸਨ, ਕਦੀ-ਕਦਾਈਂ ਬਹੁਤ ਵੱਧ ਅਤੇ ਲੰਬੇ ਸਮੇਂ ਤੱਕ ਖਾਣ ਨਾਲ ਗੰਭੀਰ ਬੀਮਾਰੀ ਦੀਆਂ ਖ਼ਬਰਾਂ ਵੀ ਆਉਂਦੀਆਂ ਸਨ ਪਰ ਇੰਨੇ ਭਿਆਨਕ ਅਤੇ ਡਰਾਉਣੇ ਨਤੀਜੇ ਕਦੀ ਨਹੀਂ ਰਹੇ ਜਿੰਨੇ ਇਸ ਸਿੰਥੈਟਿਕ ਨਸ਼ੇ ਦੇ ਕਾਰਨ ਆ ਰਹੇ ਹਨ।

ਮੈਂ ਕਿਸੇ ਵੀ ਪਦਾਰਥ ਦਾ ਨਸ਼ਾ ਕਰਨ ਦੇ 100 ਫ਼ੀਸਦੀ ਵਿਰੁੱਧ ਹਾਂ ਅਤੇ ਹਰ ਤਰ੍ਹਾਂ ਦੇ ਨਸ਼ੇ ਦਾ ਵਿਰੋਧੀ ਹਾਂ। ਇਸ ਦੇ ਖਾਤਮੇ ਲਈ ਦੇਸ਼ ਦੇ ਸੂਬਿਆਂ 'ਚ, ਨਸ਼ਾ ਮੁਕਤੀ ਲਈ ਚਲਾਈਆਂ ਗਈਆਂ ਯੋਜਨਾਵਾਂ, ਨਸ਼ਾ ਮੁਕਤੀ ਕੇਂਦਰ ਅਤੇ ਸਮਾਜਿਕ ਸੰਸਥਾਵਾਂ ਦਾ ਸਹਿਯੋਗੀ ਹਾਂ ਜੋ ਸਮਾਜ ਨੂੰ ਜਾਗਰੂਕ ਕਰਨ ਦਾ ਪਵਿੱਤਰ ਕੰਮ ਵੀ ਕਰਦੀਆਂ ਹਨ। ਕਿਸੇ ਦਾਰਸ਼ਨਿਕ ਨੇ ਕਿਹਾ ਹੈ ਕਿ ਜ਼ਹਿਰ ਨੂੰ ਜ਼ਹਿਰ ਮਾਰਦਾ ਹੈ ਜਾਂ ਕਦੀ-ਕਦੀ ਵੱਡੇ ਬਦਮਾਸ਼ ਨੂੰ ਮਾਰਨ ਲਈ ਛੋਟੇ ਦਾ ਸਹਾਰਾ ਲੈਣਾ ਪੈਂਦਾ ਹੈ। ਗੰਭੀਰ ਬਿਮਾਰੀਆਂ ਨੂੰ ਠੀਕ ਕਰਨ ਲਈ ਕਦੀ-ਕਦੀ Reverse Policy ਵਾਲੀ ਥੈਰੇਪੀ ਤੋਂ ਕੰਮ ਲੈਣਾ ਵਧੀਆ ਸਾਬਤ ਹੋ ਸਕਦਾ ਹੈ। ਇਸ ਲਈ ਮੇਰਾ ਜਾਤੀ ਵਿਚਾਰ ਹੈ ਕਿ ਦੇਸ਼ ਲਈ, ਸਮਾਜ ਲਈ ਅਤੇ ਲੋਕਾਂ ਲਈ ਸਖ਼ਤ ਫ਼ੈਸਲੇ ਲੈਣ ਦੀ ਅੱਜ ਲੋੜ ਹੈ।

# ਵਰਤੀਂ ਸ਼ਬਦ ਸੰਭਾਲ ਕੇ

ਖੱਫਣ ਹੀ ਪਾੜੂ...। ਉਂਜ ਤਾਂ ਜੀਵਨ ਵਿੱਚ ਵਿਚਰਦਿਆਂ ਹਰ ਸਮੇਂ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਮਨੁੱਖ ਬੋਲਣ ਤੋਂ ਪਹਿਲਾਂ ਇਹ ਸੋਚੇ ਕਿ ਮੈਂ ਕੀ ਬੋਲਣ ਲੱਗਾ ਹਾਂ, ਪਰ ਹੁੰਦਾ ਇਸ ਦੇ ਉਲਟ ਹੀ ਹੈ। ਇੱਕ ਵਾਰ ਜ਼ੁਬਾਨ ਵਿੱਚੋਂ ਕੋਈ ਸ਼ਬਦ ਨਿਕਲ ਜਾਵੇ ਤਾਂ ਫਿਰ ਕੁਝ ਵੀ ਬੋਲਣ ਵਾਲੇ ਦੇ ਵੱਸ ਵਿੱਚ ਨਹੀਂ ਰਹਿੰਦਾ। ਜਿਵੇਂ ਕਮਾਨ ਵਿੱਚੋਂ ਨਿਕਲਿਆ ਤੀਰ ਵਾਪਸ ਨਹੀਂ ਮੁੜਦਾ ਤੇ ਨਿਸ਼ਾਨੇ 'ਤੇ ਵੱਜ ਕੇ ਕਿਸੇ ਨੂੰ ਜ਼ਖ਼ਮੀ ਕਰ ਦਿੰਦਾ ਹੈ, ਬਿਲਕੁਲ ਇਸੇ ਤਰ੍ਹਾਂ ਹੀ ਜ਼ੁਬਾਨ ਵਿੱਚੋਂ ਨਿਕਲੇ ਬੋਲਾਂ ਦੇ ਤੀਰ ਵੀ ਕਿਸੇ ਦੇ ਮਨ ਉੱਤੇ ਅਜਿਹਾ ਫੱਟ ਲਾਉਂਦੇ ਹਨ ਕਿ ਬੰਦਾ ਹੋਰ ਤਾਂ ਸਭ ਕੁਝ ਭੁੱਲ ਜਾਂਦਾ ਹੈ, ਪਰ ਬੋਲਾਂ ਦੀ ਪੀੜ ਉਸ ਨੂੰ ਕਦੇ ਨਹੀਂ ਭੁੱਲਦੀ। ਇਸੇ ਕਰਕੇ ਲੋਕ ਸਿਆਣਪਾਂ ਵਿੱਚ ਕਿਹਾ ਜਾਂਦਾ ਹੈ ਕਿ 'ਪਹਿਲਾਂ ਤੋਲੋ, ਫਿਰ ਬੋਲੋ।'

ਜਿਸ ਤਰ੍ਹਾਂ ਦੀ ਨਫ਼ਰਤ-ਭਰੀ ਹਉਮੈ ਦੀ ਚਾਸ਼ਨੀ ਵਿੱਚ ਲਪੇਟੀ ਜ਼ੁਬਾਨ ਦੀ ਵਰਤੋਂ ਸਿਆਸੀ ਬੰਦੇ ਕਰਦੇ ਹਨ, ਉਸ ਨੇ ਨੈਤਿਕਤਾ ਤੇ ਲੋਕਤੰਤਰੀ ਰਵਾਇਤਾਂ ਦੀ ਮਿੱਟੀ ਪਲੀਤ ਕਰ ਦਿੱਤੀ ਹੈ। ਜਮਹੂਰੀਅਤ ਦਾ ਮੰਦਰ ਕਹੇ ਜਾਣ ਵਾਲੇ ਸੰਸਦ ਦੇ ਦੋਵੇਂ ਸਦਨ ਹੋਣ ਜਾਂ ਵਿਧਾਨ ਸਭਾਵਾਂ ਦੇ ਮੰਚ, ਹਰ ਸਿਆਸੀ ਪਾਰਟੀ ਆਪਣੇ ਸਿਆਸੀ ਵਿਰੋਧੀਆਂ ਲਈ ਅਜਿਹੀ ਜ਼ੁਬਾਨ ਦਾ ਪ੍ਰਯੋਗ ਕਰਦੀ ਹੈ ਕਿ ਹਰ ਸੁਣਨ ਵਾਲਾ ਸ਼ਰਮਸਾਰ ਹੋ ਜਾਂਦਾ ਹੈ, ਪਰ ਬੋਲਣ ਵਾਲਿਆਂ ਨੂੰ ਭੈੜੀ ਜ਼ੁਬਾਨ ਬੋਲਦਿਆਂ ਸ਼ਾਇਦ ਕੋਈ ਸੰਗ-ਸ਼ਰਮ ਨਹੀਂ ਆਉਂਦੀ। ਟੀ.ਵੀ. ਚੈਨਲਾਂ ਉੱਤੇ ਜਿਸ ਤਰ੍ਹਾਂ ਦੀ ਮਿਆਰਾਂ ਤੋਂ ਗਿਰੀ ਹੋਈ ਬਹਿਸ ਦਾ ਸ਼ੋਰ-ਸ਼ਰਾਬਾ ਸੁਣਾਈ ਦਿੰਦਾ ਹੈ, ਉਸ ਦਾ ਕੋਈ ਸਿਰ-ਪੈਰ ਨਹੀਂ ਹੁੰਦਾ। ਕੇਵਲ ਇੱਕ ਦੂਜੇ 'ਤੇ ਚਿੱਕੜ-ਉਛਾਲੀ ਕਰਕੇ ਵਿਰੋਧੀ ਨੂੰ ਨੀਵਾਂ ਦਿਖਾਉਣਾ ਹੀ ਹੁੰਦਾ ਹੈ। ਨੇਤਾਵਾਂ ਦੀ ਅਜਿਹੀ 'ਕਾਰਗੁਜ਼ਾਰੀ' ਕਾਰਨ ਹੀ ਇਹ ਲੋਕ-ਮਨਾਂ ਤੋਂ ਲੱਥ ਗਏ ਹਨ।

ਸਮੇਂ ਸਥਿਤੀ ਅਨੁਸਾਰ ਢੁੱਕਵੀਂ ਗੱਲ ਕਰਨ ਦਾ ਕਮਾਲ ਵਿਰਲਿਆ ਕੋਲ ਹੀ ਹੁੰਦਾ ਹੈ। ਗਿਣਵੇਂ-ਮਿਣਵੇਂ ਸ਼ਬਦਾਂ ਵਿੱਚ ਸੰਜਮ ਭਰਪੂਰ ਗੱਲ ਦਾ ਬਹੁਤ ਹੀ ਤਿੱਖਾ ਪ੍ਰਭਾਵ ਪੈਂਦਾ ਹੈ। ਇੱਧਰਲੀਆਂ-ਉੱਧਰਲੀਆਂ ਮਾਰਨ ਵਾਲੇ ਗੱਲ ਦਾ ਅਸਲੀ ਸਿਰਾ ਹੱਥੋਂ ਛੱਡ ਬਹਿੰਦੇ ਹਨ ਤੇ ਉਂਜ ਹੀ ਆਪਣਾ ਘੋੜਾ ਦੁੜਾਈ ਜਾਂਦੇ ਹਨ। ਜੇ ਮਿੱਠੇ ਤੇ ਮਿਆਰੀ ਬੋਲ ਕਿਸੇ ਦਾ ਮਨ ਜਿਤਣ ਦੀ ਸਮਰੱਥਾ ਰੱਖਦੇ ਹਨ ਤਾਂ ਉੱਘੜ-ਦੁੱਘੜੇ, ਤਿੱਖੀ ਤੇਜ਼-ਜ਼ੁਬਾਨ ਵਿੱਚੋਂ ਨਿਕਲੇ ਬੋਲਾਂ ਤੋਂ ਹਰ ਕੋਈ ਛੇਤੀ ਹੀ ਉਕਤਾ ਜਾਂਦਾ ਹੈ। ਕੌੜੇ, ਖਰ੍ਹਬੇ ਤੇ ਅਸ਼ਲੀਲ ਬੋਲਾਂ ਨਾਲ ਸੁਣਨ ਵਾਲੇ ਦੇ ਮਨ ਵਿੱਚ ਜਿਹੜਾ ਦਰਦ ਪੈਦਾ ਹੁੰਦਾ ਹੈ, ਉਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਆਸ਼ਾਵਾਦੀ ਤੇ ਹੌਸਲੇ ਭਰੇ ਬੋਲ ਤਾਂ ਕਿਸੇ ਹਿੰਮਤ ਹਾਰ ਚੁੱਕੇ ਮਨੁੱਖ ਨੂੰ ਦੁਬਾਰਾ ਪੈਰਾਂ 'ਤੇ ਖੜ੍ਹੇ ਕਰ ਦਿੰਦੇ ਹਨ। ਸਿਆਣੇ ਕਹਿੰਦੇ ਹਨ ਕਿ ਕਿਸੇ ਦੀ ਬੋਲ-ਚਾਲ ਵਿੱਚ ਸ਼ਬਦਾਂ ਦੀ ਵਰਤੋਂ, ਚਿਹਰੇ ਦੇ ਹਾਵ-ਭਾਵ, ਦਲੀਲ ਨਾਲ ਕੀਤੀ ਗੱਲਬਾਤ ਉਸ ਬੰਦੇ ਦੇ ਅੰਦਰਲੇ ਸੁਹਜ ਤੇ ਸ਼ਖ਼ਸੀਅਤ ਨੂੰ ਬਹੁਤ ਹੱਦ ਤੱਕ ਪ੍ਰਗਟ ਕਰ ਦਿੰਦੀ ਹੈ। ਦੂਜੇ ਪਾਸੇ ਬਾਹਾਂ ਉਲਾਰ ਉਲਾਰ ਕੇ ਗੱਲ ਗੱਲ 'ਤੇ ਹੱਥਾਂ ਦੀਆਂ ਉਂਗਲੀਆਂ ਖੜ੍ਹੀਆਂ ਕਰਕੇ ਆਪਣੀ ਮੈਂ ਦਾ ਵਾਰ ਵਾਰ ਪ੍ਰਗਟਾਵਾ ਕਰਕੇ, ਨਾਟਕੀ ਅੰਦਾਜ਼ ਵਿੱਚ ਤੋੜਾ ਝਾੜ ਕੇ ਭਾਸ਼ਣ ਕਰਨ ਵਾਲੇ ਬੁਲਾਰੇ ਵੀ ਸਰੋਤਿਆਂ 'ਤੇ ਕੋਈ ਬੱਝਵਾਂ ਪ੍ਰਭਾਵ ਪਾਉਣ ਵਿੱਚ ਕਾਮਯਾਬ ਨਹੀਂ ਹੁੰਦੇ।

ਕਈ ਵਾਰ ਜ਼ੁਬਾਨੋਂ ਅਜਿਹੇ ਸ਼ਬਦ ਬੋਲ ਦਿੱਤੇ ਜਾਂਦੇ ਹਨ ਕਿ ਸੁਣਨ ਵਾਲਿਆਂ ਦੇ ਮਨਾਂ ਨੂੰ ਡੂੰਘੀ ਠੇਸ ਵੱਜਦੀ ਹੈ। ਬੋਲਾਂ ਦੇ ਫੱਟ ਤਾਂ ਚਿਰਾਂ ਤੱਕ ਤੜਫਾਈ ਰੱਖਦੇ ਹਨ। ਜਿਹੜਾ ਜ਼ੁਬਾਨ ਦੀ ਵਰਤੋਂ ਸੁਚੇਤ ਹੋ ਕੇ ਤੇ ਸੰਭਾਲ ਕੇ ਕਰਦਾ ਹੈ, ਉਹ ਜੱਸ ਖੱਟ ਜਾਂਦਾ ਹੈ। ਪੰਜਾਬੀ ਦੇ ਕਿਸੇ ਸ਼ਾਇਰ ਦਾ ਇੱਕ ਦੋਹਾ ਵੀ ਜ਼ੁਬਾਨੋਂ ਸ਼ਬਦ ਕੱਢਣ ਵਾਲੇ ਨੂੰ ਵੱਖਰੇ ਅੰਦਾਜ਼ ਵਿੱਚ ਸੁਚੇਤ ਕਰਦਾ ਹੈ:

ਵਰਤੀਂ ਸ਼ਬਦ ਸੰਭਾਲ ਕੇ, ਇਹ ਨੇ ਤੀਰ ਕਮਾਨ
ਰਿਸ਼ਤੇ ਨਾਤੇ ਚੀਰਦੀ, ਤਿੱਖੀ ਤੇਜ਼ ਜ਼ੁਬਾਨ।

ਸੰਪਰਕ: 98153-56086

## ਮਾਂ ਦੀ ਮਮਤਾ

ਮੱਘਰ ਸਿੰਘ ਦੀ 90 ਸਾਲ ਦੀ ਮਾਂ ਸਵੇਰੇ ਹਰ ਰੋਜ਼ ਗੁਰਦਵਾਰੇ ਵਿਚ ਮੱਥਾ ਟੇਕਣ ਜਾਂਦੀ ਸੀ। ਮੱਘਰ ਸਿੰਘ ਆਪ ਵੀ ਸੱਠ ਸਾਲ ਦਾ ਅਤੇ ਪੁੱਤਰ-ਪੋਤਰਿਆਂ ਵਾਲਾ ਹੋ ਚੁੱਕਾ ਸੀ। ਜਦੋਂ ਵੀ ਮੱਘਰ ਸਿੰਘ ਦੀ ਮਾਂ ਨੂੰ ਗੁਰਦਵਾਰੇ ਵਿਚ



ਦੇਗ ਜਾਂ ਪਤਾਸੇ ਮਿਲਦੇ ਤਾਂ ਉਹ ਆ ਕੇ ਸਾਰੇ ਪ੍ਰਵਾਰ ਨੂੰ ਵੰਡ ਦਿੰਦੀ ਸੀ। ਇਕ ਦਿਨ ਮੱਘਰ ਸਿੰਘ ਅਪਣੇ ਕਮਰੇ ਵਿਚ ਬੈਠਾ ਟੀ.ਵੀ. ਵੇਖ ਰਿਹਾ ਸੀ, ਅਚਾਨਕ ਬੂਹਾ ਖੁਲ੍ਹਿਆ। ਵੇਖਿਆ ਕਿ ਮਾਂ ਗੁਰਦਵਾਰੇ 'ਚ ਮੱਥਾ ਟੇਕ ਕੇ ਆਈ ਸੀ। ਇਸ ਲਈ ਮੱਘਰ ਸਿੰਘ ਨੇ ਦੇਗ ਲੈਣ ਲਈ ਮਾਂ ਅੱਗੇ ਅਪਣੇ ਹੱਥ ਬੁੱਕ ਬਣਾ ਕੇ ਫੈਲਾਅ ਦਿਤੇ।

ਮਾਂ ਨੇ ਮੱਘਰ ਸਿੰਘ ਦੇ ਹੱਥਾਂ ਤੇ ਦੇਗ ਧਰਦਿਆਂ ਕਿਹਾ, ''ਅੱਜ ਤਾਂ ਬਾਬੇ ਨੇ ਪਤਾਸਿਆਂ ਤੋਂ ਬਿਨਾਂ ਇਕ ਲੱਡੂ ਵੀ ਦੇ ਦਿਤਾ। ਲੈ ਫੜ ਇਸ ਨੂੰ ਚੁਪ ਕਰ ਕੇ ਇਥੇ ਹੀ ਖਾ ਲੈ। ਐਵੇਂ ਨਾ ਜੁਆਕਾਂ ਵਿਚ ਵੰਡ ਦਈਂ। ਉਨ੍ਹਾਂ ਨੂੰ ਮੈਂ ਪਤਾਸੇ ਵੰਡ ਦਿਆਂਗੀ।'' ਹੁਣ ਮੱਘਰ ਸਿੰਘ ਅਪਣੀ ਪਿੱਛੇ ਮੁੜੀ ਮਾਂ ਵਲ ਤੇ ਕਿਤੇ ਹੱਥ ਵਿਚਲੇ ਲੱਡੂ ਵਲ ਵੇਖੀ ਜਾਂਦਾ ਸੀ ਤੇ ਸੋਚਦਾ ਸੀ ਕਿ ਅੱਜ ਵੀ ਨੱਬੇ ਸਾਲ ਦੀ ਮਾਂ ਅੰਦਰ ਉਸ ਲਈ ਕਿੰਨੀ ਮਮਤਾ ਹੈ।

**ਪ੍ਰਗਟ ਸਿੰਘ ਢਿੱਲੋਂ, ਸੰਪਰਕ : 98553-63234**

# ਜ਼ਿੰਦਗੀ ਦੇ ਰਾਹ 'ਤੇ ਦੁੱਖਾਂ ਦੇ ਅੰਗਿਆਰ



- ਨਰੇਸ਼ ਕੁਮਾਰੀ ਸ਼ਰਮਾ

ਬਚਪਨ ਵਿਚ ਜਦੋਂ ਕਿਸੇ ਮੁੰਡੇ ਦਾ ਵਿਆਹ ਹੁੰਦਾ ਤਾਂ ਸਾਨੂੰ ਚਾਅ ਚੜ੍ਹ ਜਾਂਦਾ। ਹੱਸਦਾ ਖੇਡਦਾ ਜੋੜਾ, ਖੁਸ਼ੀਆਂ ਮਨਾਉਂਦੀ ਮੁੰਡੇ ਦੀ ਭੈਣ, ਮਾਂ ਬਾਪ ਤੇ ਬਾਕੀ ਸਾਰਾ ਪਰਿਵਾਰ, ਐਦਾਂ ਲਗਦਾ ਜਿਵੇਂ ਇਹ ਸਾਰਾ ਕੁੱਝ ਸਾਡੇ ਘਰ ਹੋ ਰਿਹਾ ਹੋਵੇ ਤੇ ਪੂਰੀ ਤਰ੍ਹਾਂ ਸਥਾਈ ਹੋਵੇ। ਪਰ ਅਜੇ ਕੁੱਝ ਕੁ ਮਹੀਨੇ ਹੀ ਲੰਘਦੇ ਕਿ, ਇਸੇ ਘਰ ਵਿਚੋਂ ਕੁੱਟ ਮਾਰ ਤੇ ਉੱਚੀ ਉੱਚੀ ਰੋਣ ਦੀ ਆਵਾਜ਼ ਸੁਣਦੀ। ਹੌਲੀ-ਹੌਲੀ ਪਤਾ ਲਗਦਾ ਨਵੀਂ ਵਿਆਹੀ ਨਾਲ ਸਹੁਰਾ ਪਰਿਵਾਰ ਤਸ਼ਦਦ ਕਰ ਰਿਹਾ ਹੁੰਦਾ ਤੇ ਕੁੱਝ ਕੁ ਸਾਲਾਂ ਬਾਅਦ ਇਸੇ ਘਰ ਵਿਚ ਦੁਰਘਟਨਾ ਨਾਲ਼ ਨੂੰਹ ਮਰ ਜਾਂਦੀ ਤੇ ਇਸ ਘਟਨਾ ਵਿਚ ਲੜਕੇ ਤੇ ਉਸ ਦੀ ਮਾਂ ਦਾ ਸਭ ਤੋਂ ਵੱਧ ਹੱਥ ਹੁੰਦਾ। ਮਾਪੇ ਰੋ ਵਿਲਕ ਕੇ ਚੁੱਪ ਕਰਕੇ ਬੈਠ ਜਾਂਦੇ।

ਦੂਸਰੇ ਪਾਸੇ ਵਧੀਆ ਪਰਿਵਾਰ ਹੁੰਦਾ। ਸਾਰੇ ਜੀਅ ਰਲ ਮਿਲ ਕਿ ਖੁਸ਼ੀ ਨਾਲ਼ ਸਵਰਗ ਬਣਾਕੇ ਰਹਿੰਦੇ। ਵੱਡੇ ਮੈਂਬਰ ਛੋਟਿਆਂ ਨੂੰ ਪਿਆਰ ਕਰਦੇ, ਉਨ੍ਹਾਂ ਦੀਆਂ ਗ਼ਲਤੀਆਂ 'ਤੇ ਮੁਸਕਰਾ ਪੈਂਦੇ ਤੇ ਛੋਟੇ ਵੱਡਿਆਂ ਦਾ ਸਤਿਕਾਰ ਕਰਦੇ। ਇੱਥੇ ਹਰ ਮੈਂਬਰ ਦੀ ਆਪਣੀ ਇਕ ਥਾਂ ਹੁੰਦੀ, ਜਿਵੇਂ ਸੱਸ ਦੀ ਹਰ ਗੱਲ ਨੂੰਹ ਮੰਨਦੀ ਤੇ ਸੱਸ ਉਸ ਨੂੰ ਧੀਏ ਕਹਿ ਕਿ ਸੀਨੇ ਲਾਉਂਦੀ। ਸੱਸ ਜਦੋਂ ਬਣ ਠਣ ਕਿ ਜੀਪ 'ਤੇ ਡਰਾਈਵਰ ਨੂੰ ਨਾਲ਼ ਲੈ ਕਿ ਖੇਤਾਂ ਵੱਲ ਜਾਂ ਕਿਸੇ ਸਾਕ ਸਬੰਧੀਆਂ ਨੂੰ ਮਿਲਣ ਜਾਂਦੀ ਤਾਂ ਦੇਖ ਕੇ ਅਜਿਹਾ ਹੀ ਸੁਪਨਾ, ਆਉਣ ਵਾਲੇ ਸਮੇਂ ਨੂੰ ਲੈ ਕੇ, ਮੇਰਾ ਰੋਮ ਰੋਮ ਝੂਮ ਉੱਠਦਾ ਤੇ ਜਿੱਥੇ ਪਤੀ, ਬੱਚਿਆਂ ਤੇ ਉਨ੍ਹਾਂ ਦੇ ਵਧਦੇ ਪਰਿਵਾਰਾਂ ਦੇ ਨਿੱਘ ਭਰੇ ਸੁਪਨਿਆਂ ਵਿਚ ਖੋ ਜਾਂਦੀ, ਉਥੇ ਹੀ ਇਕ ਆਦਰਸ਼ ਨੂੰਹ, ਪਤਨੀ, ਮਾਂ ਤੇ ਫ਼ਿਰ ਆਦਰਸ਼ ਸੱਸ ਦੇ ਵੀ ਖ਼ੂਬਸੂਰਤ ਸੁਪਨੇ ਵਿਚ ਆਪ ਮੁਹਾਰੇ ਖੋ ਜਾਂਦੀ ਤੇ ਇਹ ਖ਼ੁਆਬ ਕਿਸੇ ਜੰਨਤ ਦੇ ਖ਼ੁਆਬ ਨਾਲੋਂ ਘੱਟ ਨਾ ਲੱਗਦਾ।

ਅਜਿਹੇ ਖ਼ੁਆਬ ਆਪਣੀ ਪਸੰਦ ਦੇ ਮੁਤਾਬਕ ਹਰ ਕੋਈ ਲੈਂਦਾ ਹੈ। ਸਮੇਂ ਤੇ ਤਕਦੀਰ ਨੇ ਆਪਣੇ ਅਨੁਸਾਰ ਚਲਣਾ ਹੁੰਦਾ ਹੈ, ਉਸ ਦਾ ਤੁਹਾਡੇ ਕੁੱਝ ਖ਼ੁਆਬਾਂ ਨਾਲ਼ ਕੋਈ ਸਰੋਕਾਰ ਨਹੀਂ ਹੁੰਦਾ। ਤਕਦੀਰ ਦੀਆਂ ਬਹੁਤ ਸਾਰੀਆਂ ਲਕੀਰਾਂ ਆਪਣੀ ਮਿਹਨਤ ਤੇ ਲਗਨ ਨਾਲ਼ ਬਦਲਣ ਦੀ ਸਮਰੱਥਾ ਦੇ ਬਾਵਜੂਦ, ਬਹੁਤ ਕੁੱਝ ਸਾਡੇ ਹੱਥ ਨਹੀਂ ਹੁੰਦਾ। ਉਸ ਨੇ ਅਟੱਲ ਹੀ ਰਹਿਣਾ ਹੁੰਦਾ ਹੈ, ਫ਼ਿਰ ਚਾਹੇ ਤੁਸੀਂ ਮੋਮ ਦੇ ਬਣ ਕਿ ਵਿਚਰੋ ਤੇ ਭਾਂਵੇਂ ਹੀਰੇ ਦੇ। ਮੇਰੀ ਸੋਚਣੀ ਵੀ ਕੁੱਝ ਅਜਿਹੀ ਸੀ ਕਿ ਮੈਂ ਘਟੀਆ ਤੋਂ ਘਟੀਆ ਸੋਚ ਰੱਖਣ ਵਾਲੇ ਨੂੰ ਵੀ ਆਪਣੀ ਨੇਕ ਨੀਤੀ ਤੇ ਪਿਆਰ ਨਾਲ਼ ਨੇਕ ਆਚਰਨ ਵਿਚ ਢਾਲ ਲਵਾਂਗੀ, ਪਰ ਇਹ ਹੋ ਨਾ ਸਕਿਆ ਤੇ ਮੈਨੂੰ ਤੇ ਮੇਰੇ ਜਿਹੇ ਮੇਰੇ ਪੁੱਤਰ ਨੂੰ ਦੋ ਵਾਰ ਬੇਹੱਦ ਵੱਡੇ ਵੱਡੇ ਧੋਖੇ ਖਾਣੇ ਪਏ।

ਇੱਥੇ ਮੈਂ ਆਪਣੇ ਜੀਵਨ ਦੀਆਂ ਚੁਣੌਤੀਆਂ 'ਤੇ ਸੰਖੇਪ ਜਿਹਾ ਚਾਨਣਾ ਪਾਉਣਾ ਚਾਹਾਂਗੀ। ਬਚਪਨ ਵੱਡੇ ਪਰਿਵਾਰ ਤੇ ਗੁਰਬਤ ਕਾਰਨ, ਪੜ੍ਹਾਈ ਵਿਚ ਮਾਇਕ ਔਕੜਾਂ, ਸ਼ਾਦੀ ਤੋਂ ਬਾਅਦ ਪਤੀ ਦੇ ਨਸ਼ੇ ਦੀ ਲਤ ਕਾਰਨ, ਤਿੰਨ ਬੱਚਿਆਂ ਦੀ ਸਾਰੀ ਜਿੰਮੇਵਾਰੀ ਜਿਸ ਵਿਚ ਵੱਡੀਆਂ ਪੜ੍ਹਾਈਆਂ, ਵਿਦੇਸ਼ ਵਿਚ ਦੋ-ਦੋ ਵਾਰ ਭੇਜਣਾ ਤੇ ਉਨ੍ਹਾਂ ਨਾਲ਼ ਸ਼ਾਦੀਆਂ ਸਬੰਧੀ ਦੋ-ਦੋ ਵਾਰ ਧੋਖਾ ਸਹਿਣਾ ਕੁੱਝ ਵੱਡੀਆਂ ਚੁਣੌਤੀਆਂ ਦੇ ਨਾਲ਼-ਨਾਲ਼ ਰੋਜ਼ਾਨਾ ਦੇ ਝਮੇਲਿਆਂ ਨਾਲ ਦੋ ਚਾਰ ਹੋਣਾ ਮੇਰੇ ਜੀਵਨ ਦੇ ਪਹਿਲੂ ਸਨ।

ਅਸਲੀ ਗੱਲ 'ਤੇ ਆਉਣ ਤੋਂ ਪਹਿਲਾਂ ਕਹਿਣਾ ਚਾਹੁੰਦੀ ਹਾਂ, ਨਾ ਤਾਂ ਸਾਰੀਆਂ ਸੱਸਾਂ ਇਕ ਤਰ੍ਹਾਂ ਦਾ ਸੁਭਾਅ ਰੱਖਦੀਆਂ ਹਨ ਤੇ ਨਾ ਹੀ ਨੂੰਹਾਂ। ਭਾਵ, ਨਾ ਸਾਰੀਆਂ ਸੱਸਾਂ ਸਹੀ ਜਾਂ ਗ਼ਲਤ ਹੁੰਦੀਆਂ ਹਨ, ਤੇ ਨਾ ਨੂੰਹਾਂ। ਬਹੁਤ ਸਾਰੀਆਂ ਨੂੰਹਾਂ ਪਰਿਵਾਰਿਕ ਕਦਰਾਂ ਕੀਮਤਾਂ ਨੂੰ ਚੰਗੀ ਤਰ੍ਹਾਂ ਜਾਣਦੀਆਂ ਤੇ ਨਿਭਾਉਂਦੀਆ ਹਨ। ਮੈਂ ਉਨ੍ਹਾਂ ਤੋਂ ਸਦਕੇ ਜਾਂਦੀ ਹਾਂ।

ਹੁਣ ਹੱਡ ਬੀਤੀ ਸ਼ੁਰੂ ਕਰਦੀ ਹਾਂ।

7 ਸਾਲ ਪਹਿਲਾਂ ਬੇਟੇ ਦੀ ਸ਼ਾਦੀ ਕੀਤੀ, ਨੂੰਹ PR ਲੈ ਕੇ ਚਲੀ ਗਈ। ਦੋ ਸਾਲ ਮਾਂ ਬੇਟੇ ਦੇ ਸੰਤਾਪ ਹੰਡਾਉਣ ਮਗਰੋਂ ਤਲਾਕ ਮਿਲਿਆ ਪਰ ਦਿਲ ਵਿਚ ਅਜੇ ਵੀ ਟੀਸ ਸੀ ਕਿ ਅਸੀਂ ਕੀ ਮਾੜਾ ਕੀਤਾ। ਦੋਨਾਂ ਨੇ ਪੂਰਾ ਪਿਆਰ, ਸਤਿਕਾਰ ਤੇ ਹਰ ਸੁਖ ਸਹੂਲਤ ਦਿੱਤੀ, ਪਰ ਬਾਅਦ ਵਿਚ ਜੋ ਪਤਾ ਲਗਾ ਉਸ ਨਾਲ਼ ਸਾਡੇ ਲੂੰ ਕੰਡੇ ਖੜ੍ਹੇ ਹੋ ਗਏ। ਉਹ ਇਹ ਸੀ ਕਿ ਪਹਿਲਾਂ ਵੀ ਨਿਊਜ਼ੀਲੈਂਡ ਦੇ ਹੀ ਇਕ ਲੜਕੇ ਨਾਲ਼ ਵਿਆਹੀ ਸੀ, ਜਿਸ ਕੋਲੋਂ ਵੱਡੀ ਰਕਮ ਲੈ ਕੇ ਤਲਾਕ ਲਿਆ ਸੀ ਤੇ ਸਾਡੇ ਕੋਲੋਂ ਵੀ ਇਹੀ ਚਾਹੁੰਦੀ ਸੀ ਪਰ ਅਸੀਂ ਕੋਰਟ ਵਿਚ ਤੱਥ ਪੇਸ਼ ਕਰਕੇ ਆਪਣੇ ਆਪ ਨੂੰ ਬਚਾ ਲਿਆ।

ਕੁੱਝ ਕੁ ਸਮੇਂ ਵਿਚ ਹੀ ਬੇਟੇ ਦੀ ਇਕ ਵਰਕਮੇਟ ਨੇ ਰਿਸ਼ਤਾ ਲੱਭਕੇ ਕਰਵਾ ਦਿੱਤਾ। ਪਿਛੇ ਪੰਜਾਬ ਵਿਚ ਰਹਿ ਰਹੇ ਮਾਪਿਆਂ ਨਾਲ਼ ਵੀ ਪੂਰੀ ਖੁੱਲ੍ਹ ਕੇ ਗੱਲ ਹੋਈ, ਪਰ ਵਿਆਹ ਤੋਂ ਪਹਿਲਾਂ ਬੇਟੇ ਨੂੰ ਲੜਕੀ ਬਾਰੇ ਕੁੱਝ ਇਤਰਾਜ਼ਯੋਗ ਗੱਲਾਂ ਦਾ ਪਤਾ ਲੱਗਿਆ, ਤਾਂ ਉਸ ਨੇ ਸ਼ਾਦੀ ਤੋਂ ਇਨਕਾਰ ਕਰ ਦਿੱਤਾ, ਪਰ ਇਹ ਲੜਕੀ ਸਾਡੇ ਪੈਰਾਂ ਵਿਚ ਪੈ ਗਈ ਤੇ ਰੋ ਰੋ ਕਿ ਤਰਲੇ ਮਾਰਨ ਲੱਗੀ ਕਿ ਮੈਂ ਪਹਿਲਾਂ ਹੀ ਦੋ ਵਾਰੀ ਸ਼ਾਦੀਸ਼ੁਦਾ ਹਾਂ, ਮੇਰੇ ਨਾਲ਼ ਕੌਣ ਵਿਆਹ ਕਰੇਗਾ ? ਇਸ ਦੇ ਤਰਲਿਆਂ ਵਿਚ ਇਸ ਦੇ ਮਾਪੇ ਵੀ ਸ਼ਾਮਲ ਸਨ। ਉਸ ਵੇਲੇ ਦੀ ਇਸ ਦੀ ਸ਼ਬਦਾਵਲੀ ਸੀ ਕੇ ਤੁਸੀਂ ਦੋਵੇਂ ਮੇਰੇ ਲਈ ਦੇਵੀ ਤੇ ਦੇਵਤਾ ਸਮਾਨ ਹੋ। ਹੱਥ ਜੋੜਨੇ, ਪੈਰੀ ਪੈਣਾ, ਸੇਵਾ ਕਰਨੀ ਆਮ ਗੱਲ ਸੀ। ਮਿੱਠੀਆਂ ਮਿੱਠੀਆਂ ਗੱਲਾਂ, ਪਰਿਵਾਰਿਕ ਆਪਣੇਪਨ ਨਾਲ਼ ਭਰੀਆਂ, ਘਰ ਦੀ ਤਰੱਕੀ ਦੀਆਂ ਗੱਲਾਂ ਕਰਨੀਆਂ ਇਸ ਦਾ ਆਮ ਸੁਭਾਅ ਸੀ। ਅਸੀਂ ਇਸ ਦੇ ਉਪਰੋਕਤ ਝਾਂਸੇ ਵਿਚ ਫੱਸ ਗਏ ਤੇ ਸਭ ਕੁੱਝ ਭੁੱਲ ਕੇ ਅਸੀਂ ਇਸ ਨੂੰ ਅਪਨਾ ਲਿਆ। ਕੋਰੋਨਾ ਦੇ ਲੈਵਲ ਦੋ ਵਿਚ ਹੀ ਮੈਂ ਆਪ ਹੀ ਇੰਨਾ ਦੀ ਸ਼ਾਦੀ ਕੀਤੀ, ਪਰ ਇਹ ਖੁਸ਼ੀ ਬਹੁਤ ਥੋੜ੍ਹਾ ਚਿਰ ਸੀ।

ਕੁੱਝ ਕੁ ਸਮੇਂ ਵਿਚ ਹੀ ਬੇਟੇ ਦੀ ਇਕ ਵਰਕਮੇਟ ਨੇ ਰਿਸ਼ਤਾ ਲੱਭਕੇ ਕਰਵਾ ਦਿੱਤਾ। ਪਿਛੇ ਪੰਜਾਬ ਵਿਚ ਰਹਿ ਰਹੇ ਮਾਪਿਆਂ ਨਾਲ਼ ਵੀ ਪੂਰੀ ਖੁੱਲ੍ਹ ਕੇ ਗੱਲ ਹੋਈ, ਪਰ ਵਿਆਹ ਤੋਂ ਪਹਿਲਾਂ ਬੇਟੇ ਨੂੰ ਲੜਕੀ ਬਾਰੇ ਕੁੱਝ ਇਤਰਾਜ਼ਯੋਗ ਗੱਲਾਂ ਦਾ ਪਤਾ ਲੱਗਿਆ, ਤਾਂ ਉਸ ਨੇ ਸ਼ਾਦੀ ਤੋਂ ਇਨਕਾਰ ਕਰ ਦਿੱਤਾ, ਪਰ ਇਹ ਲੜਕੀ ਸਾਡੇ ਪੈਰਾਂ ਵਿਚ ਪੈ ਗਈ ਤੇ ਰੋ ਰੋ ਕਿ ਤਰਲੇ ਮਾਰਨ ਲੱਗੀ ਕਿ ਮੈਂ ਪਹਿਲਾਂ ਹੀ ਦੋ ਵਾਰੀ ਸ਼ਾਦੀਸ਼ੁਦਾ ਹਾਂ, ਮੇਰੇ ਨਾਲ਼ ਕੌਣ ਵਿਆਹ ਕਰੇਗਾ ? ਇਸ ਦੇ ਤਰਲਿਆਂ ਵਿਚ ਇਸ ਦੇ ਮਾਪੇ ਵੀ ਸ਼ਾਮਲ ਸਨ। ਉਸ ਵੇਲੇ ਦੀ ਇਸ ਦੀ ਸ਼ਬਦਾਵਲੀ ਸੀ ਕੇ ਤੁਸੀਂ ਦੋਵੇਂ ਮੇਰੇ ਲਈ ਦੇਵੀ ਤੇ ਦੇਵਤਾ ਸਮਾਨ ਹੋ। ਹੱਥ ਜੋੜਨੇ, ਪੈਰੀ ਪੈਣਾ, ਸੇਵਾ ਕਰਨੀ ਆਮ ਗੱਲ ਸੀ। ਮਿੱਠੀਆਂ ਮਿੱਠੀਆਂ ਗੱਲਾਂ, ਪਰਿਵਾਰਿਕ ਆਪਣੇਪਨ ਨਾਲ਼ ਭਰੀਆਂ, ਘਰ ਦੀ ਤਰੱਕੀ ਦੀਆਂ ਗੱਲਾਂ ਕਰਨੀਆਂ ਇਸ ਦਾ ਆਮ ਸੁਭਾਅ ਸੀ। ਅਸੀਂ ਇਸ ਦੇ ਉਪਰੋਕਤ ਝਾਂਸੇ ਵਿਚ ਫੱਸ ਗਏ ਤੇ ਸਭ ਕੁੱਝ ਭੁੱਲ ਕੇ ਅਸੀਂ ਇਸ ਨੂੰ ਅਪਨਾ ਲਿਆ। ਕੋਰੋਨਾ ਦੇ ਲੈਵਲ ਦੋ ਵਿਚ ਹੀ ਮੈਂ ਆਪ ਹੀ ਇੰਨਾ ਦੀ ਸ਼ਾਦੀ ਕੀਤੀ, ਪਰ ਇਹ ਖੁਸ਼ੀ ਬਹੁਤ ਥੋੜ੍ਹਾ ਚਿਰ ਸੀ। ਕਿਉਂਕਿ ਥੋੜ੍ਹੀ ਹੀ ਦੇਰ ਬਾਅਦ ਇਸ ਦੇ ਘਰ ਵਾਲੇ ਇਸ ਨਾਲ ਕਲੇਸ਼ ਪਾਉਣ ਲੱਗ ਪਏ ਜਿਸ ਦਾ ਅਸਰ ਸਾਡੇ, ਖਾਸ ਕਰਕੇ ਇਸ ਦੇ ਇਮੀਗ੍ਰੇਸ਼ਨ ਤੇ ਜੌਬ ਆਦਿ ਦੇ ਕੰਮਾਂ ਤੇ ਪੈਣ ਲੱਗਿਆ। ਸਾਡੇ ਤਿੰਨਾਂ ਦੇ ਮਸ਼ਵਾਰੇ ਅਨੁਸਾਰ ਉਨ੍ਹਾਂ ਨੂੰ ਕੁੱਝ ਦੇਰ ਲਈ ਪਾਸੇ ਕੀਤਾ। ਇਸ ਦੌਰਾਨ ਇਸ ਨੇ ਸਾਨੂੰ ਆਪਣੇ ਤੇ ਆਪਣੇ ਘਰਦਿਆਂ ਬਾਰੇ ਬਹੁਤ ਕੁੱਝ ਦੱਸਿਆ, ਜਿਸ ਵਿਚ ਇਸਦੀ ਪਰਸਨਲ ਤੇ ਪ੍ਰਾਈਵੇਟ ਲਾਈਫ, ਪਿਤਾ ਦੀ ਤੇ ਇਸ ਦੀ ਆਪਣੀ ਦਿਮਾਗੀ ਬਿਮਾਰੀ ਤੇ ਹੋਰ ਬਹੁਤ ਕੁੱਝ। ਇਸ ਸਭ ਕੁੱਝ ਨੂੰ ਅਸੀਂ ਆਪਣੇ ਅੰਦਰ ਸਮੋ ਲਿਆ ਤੇ ਇਸ ਦਾ ਇਲਾਜ ਕਰਵਾਉਣ ਬਾਰੇ ਇਸ ਦੀ ਸਹਿਮਤੀ ਲੈ ਕੇ ਇਲਾਜ ਸ਼ੁਰੂ ਕਰਵਾਇਆ। ਪਰ ਕੁੱਝ ਦੇਰ ਠੀਕ ਜਿਹੀ ਰਹਿਣ ਤੋਂ ਬਾਅਦ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਤਕ ਇਸ ਨੂੰ ਇਮੀਗ੍ਰੇਸ਼ਨ ਸਪੋਰਟ ਮਿਲ ਚੁੱਕੀ ਸੀ।

ਇਕ ਦਿਨ ਮੇਰੇ ਵੱਲੋਂ ਸਾਰਿਆਂ ਦੀ ਚਾਹ ਬਣਾਉਣ ਲਈ ਕਹਿਣ 'ਤੇ ਸਿਰਫ ਇਕ ਜਣੇ ਦੀ ਬਣਾਈ ਤੇ ਸਾਰਿਆਂ ਸਾਹਮਣੇ ਠੀਕ ਢੰਗ ਨਾਲ ਨਾ ਸੁਣਣ ਦਾ ਬਹਾਨਾ ਲਾ ਕੇ ਸੌਰੀ ਕਹਿ ਦਿਤੀ। ਅਸੀਂ ਵੀ ਗੱਲ ਆਈ ਗਈ ਕਰ ਦਿਤੀ। ਪਰ ਰਾਤ ਨੂੰ ਬੇਟੇ ਅੱਗੇ ਸਾਰੀ ਗੱਲ ਮੇਰੇ ਉਤੇ ਮੜ੍ਹ ਦਿੱਤੀ ਕਿ ਮੰਮੀ ਨੇ ਇਕ ਜਣੇ ਦੀ ਚਾਹ ਲਈ ਹੀ ਕਿਹਾ ਸੀ। ਦੂਸਰੀ ਵਾਰੀ ਇਸ ਨੇ ਫ਼ਿਰ ਸਾਡੇ ਮਾਂ ਪੁੱਤ ਵਿਚ ਉਸ ਵੇਲੇ ਫਰਕ ਪਾਉਣ ਦੀ ਕੋਸ਼ਿਸ਼ ਕੀਤੀ, ਜਦ ਆਪ ਹੀ ਆਪਣੇ $40000 ਸਾਨੂੰ ਦੇਣ ਦੀ ਉਸ ਵੇਲੇ ਗੱਲ ਕੀਤੀ ਜਦੋਂ ਇਸ ਦੇ ਘਰ ਦਿਆਂ ਨਾਲ ਝਗੜਾ ਹੋਇਆ ਸੀ। ਇੱਥੇ ਮੈਂ ਇਸ ਦੇ ਪੈਸੇ ਇਸ ਨੂੰ ਆਪਣੇ ਹੀ ਕੋਲ ਰੱਖਣ ਨੂੰ ਕਿਹਾ ਪਰ ਇਹ ਨਹੀਂ ਮੰਨੀ, ਤੇ ਪੈਸੇ ਬੇਟੇ ਤੇ ਇਸ ਦੇ ਜੁਆਇੰਟ ਅਕਾਊਂਟ ਵਿਚ ਟਰਾਂਸਫਰ ਕਰ ਦਿੱਤੇ, ਪਰ ਸ਼ਾਮ ਨੂੰ ਬੇਟੇ ਦੇ ਘਰ ਪਰਤਨ ਤੇ ਉਸ ਨੂੰ ਕਹਿ ਦਿੱਤਾ ਮੰਮੀ ਨੇ ਮੇਰੇ ਕੋਲੋਂ ਜ਼ਬਰਦਸਤੀ ਪੈਸੇ ਜੁਆਇੰਟ ਅਕਾਊਂਟ ਵਿਚ ਪਵਾ ਲਏ ਹਨ। ਇਸ ਗੱਲ 'ਤੇ ਬੇਟਾ ਮੇਰੇ ਨਾਲ਼ ਨਾਰਾਜ਼ ਹੋ ਗਿਆ। ਪਰ ਮੈਨੂੰ ਥੋੜ੍ਹਾ-ਥੋੜ੍ਹਾ ਅੰਦਾਜ਼ਾ ਹੋ ਗਿਆ ਤੇ ਮੈਂ ਦੋਹਾਂ ਨੂੰ ਕੋਲ ਬਿਠਾ ਕੇ ਅਸਲੀਅਤ ਪਤਾ ਕੀਤੀ। ਅੰਤ ਨੂੰ ਇਸਨੇ ਮੰਨ ਕੇ ਮਾਫੀ ਮੰਗੀ। ਪਰ ਇਸ ਦੇ ਅਜਿਹੇ ਚੱਲਿਤਰ ਬੰਦ ਨਾ ਹੋਏ, ਸਗੋਂ ਦਿਨ ਪ੍ਰਤੀਦਿਨ ਵਧਦੇ ਗਏ। ਹੁਣ ਹਰ ਰੋਜ਼ ਘਰ ਵਿਚ ਕਲੇਸ਼ ਰਹਿਣ ਲੱਗ ਪਿਆ। ਕਦੇ ਕੱਪੜਿਆਂ ਨੂੰ ਲੈ ਕਿ, ਕਦੇ ਕੰਮ ਨੂੰ ਲੈ ਕਿ, ਕਦੇ ਪੇਕਿਆਂ ਨੂੰ ਇੱਥੇ ਬੁਲਾਉਣ ਲਈ। ਪਰ ਅਸੀਂ ਬੈਠ ਕੇ ਹਰ ਚੀਜ਼ ਦਾ ਹੱਲ ਕੱਢ ਲੈਂਦੇ। ਪਰ ਅਸੀਂ ਮਾਂ ਪੁੱਤ ਨੇ ਹਾਰ ਨਾ ਮੰਨਕੇ, ਰੋਜ਼ ਦੇ ਨਰਕ ਜਿਹੇ ਹਾਲਾਤਾਂ ਨਾਲ਼ ਸਮਝੌਤਾ ਕਰ ਲਿਆ।

ਇਹ ਪ੍ਰੈਗਨੈਂਟ ਹੋ ਗਈ, ਸਾਰੇ ਖੁਸ਼ ਸਾਂ, ਇਸ ਦੀ ਹਰ ਮੰਗ ਪਹਿਲਾਂ ਤੋਂ ਵੀ ਜ਼ਿਆਦਾ ਸ਼ਿੱਦਤ ਨਾਲ਼ ਪੂਰੀ ਕਰਦੇ। ਇੱਥੋਂ ਤੱਕ ਕਿ ਇਨ੍ਹਾਂ ਦੋਨਾਂ ਵਿਚੋਂ ਕਿਸੇ ਦੀ ਵੀ ਜੌਬ ਨਾ ਹੋਣ 'ਤੇ ਆਪਣੇ ਪੈਸਿਆਂ ਵਿਚੋਂ ਸਾਰਾ ਖਰਚਾ ਤੇ ਛੇ ਮਹੀਨੇ ਬਾਅਦ ਆਉਣ ਵਾਲੇ ਬੱਚੇ ਲਈ ਮਹਿੰਗਾ ਮਹਿੰਗਾ ਸਾਮਾਨ, ਫੋਟੋਸ਼ੂਟ ਤੇ ਹੋਰ ਬਹੁਤ ਸਾਰੇ ਬੇਲੋੜੇ ਖਰਚਿਆਂ ਤੋਂ ਵੀ ਨਾਂਹ ਨਾ ਕੀਤੀ। ਇਸ ਦੇ ਨਾਲ਼-ਨਾਲ਼ ਦੱਸਣਾ ਜ਼ਰੂਰੀ ਹੈ ਕੇ ਜਿਥੇ ਅਸੀਂ ਦੋਨੋਂ ਇਸ ਤੋਂ ਜਾਨ ਵਾਰਦੇ ਫਿਰਦੇ ਸਾਂ, ਉੱਥੇ ਹੀ ਇਹ ਸਾਡੇ ਦੋਸਤਾਂ ਮਿੱਤਰਾਂ ਵਿਚ ਸਾਡੇ ਖ਼ਿਲਾਫ਼ ਅੱਗ ਲਗਾ ਰਹੀ ਸੀ, ਜਿਸ ਦਾ ਸਾਨੂੰ ਜ਼ਰਾ ਵੀ ਅਹਿਸਾਸ ਨਹੀਂ ਸੀ। ਇਹ ਉਨ੍ਹਾਂ ਕੋਲ ਮੇਰੇ ਵੱਲੋਂ ਕਿਤੇ ਨਿਹਾਇਤ ਹੀ ਘਟੀਆ ਤੇ ਭੈੜੇ ਵਤੀਰੇ ਦਾ ਅਜਿਹਾ ਮੁੱਢ ਬੰਨ੍ਹਦੀ ਕਿ ਉਹ ਮੰਨਦੇ ਹੀ ਨਾ ਸਗੋਂ ਮੇਰੇ ਨਾਲ਼ ਉਨ੍ਹਾਂ ਦਾ ਵਿਹਾਰ ਵੀ ਬੇਹੱਦ ਬੇਇੱਜਤ ਕਰਨ ਵਾਲਾ ਹੋ ਜਾਂਦਾ। ਇਸ ਸਭ ਵਿਚਾਲੇ ਬੱਚਾ ਪੈਦਾ ਹੋ ਗਿਆ। ਅਸੀਂ ਸਾਰਿਆਂ ਨੇ ਰਲਕੇ ਖੂਬ ਖੁਸ਼ੀਆਂ ਮਨਾਈਆਂ। ਮੈਨੂੰ ਤੇ ਬੇਟੇ ਨੂੰ ਥੋੜ੍ਹੀ ਦੇਰ ਬਾਅਦ ਹੱਥ ਲਾਉਣ ਤੋਂ ਮਨਾ ਕਰ ਦਿੱਤਾ। ਅਸੀਂ ਮਨ ਮਸੋਸ ਕੇ ਰਹਿ ਗਏ। ਘਰ ਵਿਚ ਗਾਹ ਵੱਧ ਗਿਆ। ਅਸੀਂ ਦੋਨੋਂ ਜਿਨ੍ਹਾਂ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰਦੇ ਉਨ੍ਹਾਂ ਹੀ ਜ਼ਿਆਦਾ ਸਾਨੂੰ ਗਾਲਾਂ ਕੱਢ-ਕੱਢ ਕੇ ਬੋਲਣ ਲਈ ਮਜਬੂਰ ਕਰਦੀ ਜਦੋਂ ਮੈਂ ਮਾੜਾ ਜਿਹਾ ਬੋਲਕੇ ਕਹਿੰਦੀ ਧੀਏ ਸਾਡਾ ਇਹ ਮਤਲਬ ਤਾਂ ਨਹੀਂ ਸੀ। ਇਹ ਰਾਸ਼ਨਪਾਨੀ ਲੈ ਕੇ ਚੜ੍ਹ ਜਾਂਦੀ ਤੇ ਗਾਲਾਂ ਕੱਢਦੀ। ਇਸ ਦੌਰਾਨ ਘਰੋਂ ਭੱਜਣ ਲੱਗ ਪਈ। ਮਾੜੀ ਮਾੜੀ ਗੱਲ ਤੇ ਪੁਲਸ ਬੁਲਾਉਣ ਲੱਗ ਪਈ। ਸਾਡੀ ਦੋਨਾਂ ਦੀ ਸਾਰੀ ਬਣੀ ਬਣਾਈ ਇੱਜ਼ਤ ਮਿੱਟੀ ਵਿਚ ਰੋਲ ਦਿੱਤੀ। ਇਸੇ ਦੌਰਾਨ ਬੇਟੇ ਦੀ ਅੱਡੀ ਤੇ ਫਰੈਕਚਰ ਹੋ ਗਿਆ, ਉਹ ਵੀ ਇਸ ਦੇ ਪੌੜੀਆਂ ਤੋਂ ਧੱਕਾ ਮਾਰਨ ਕਾਰਨ ਹੋਇਆ। ਮੈਂ ਉਸ ਨੂੰ ਰਾਤ ਹੀ ਹਸਪਤਾਲ ਲੈ ਕੇ ਭੱਜੀ, ਪਿੱਛੋਂ ਇਸ ਨੇ ਸਾਡੇ ਫੋਨ, ਟੈਬਲੇਟਸ, ਟੀ ਵੀ, ਲੈਪਟੋਪ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦਾ ਨੁਕਸਾਨ ਕਰ ਦਿੱਤਾ। ਲੱਗ ਰਿਹਾ ਸੀ ਕਿ ਇਸ ਨੂੰ ਕੋਈ ਦੌਰਾ ਪੈ ਗਿਆ ਹੋਵੇ। ਅਸੀਂ ਮਾਂ ਪੁੱਤ ਡੌਰ ਭੌਰ ਹੋ ਗਏ ਸਾਂ, ਹਸਪਤਾਲ ਤੋਂ ਆਉਂਦੇ, ਘਰ ਪੁਲਸ ਇੰਟੈਰੋਗੇਟ ਕਰਨ ਲੱਗ ਜਾਂਦੀ। ਕਈ-ਕਈ ਘੰਟਿਆਂਬਧੀ ਨਾ ਚਾਹ ਨਾ ਪਾਣੀ। ਮੈਨੂੰ ਸ਼ੂਗਰ ਘਟਣ ਕਾਰਨ ਚੱਕਰ ਆਉਣ ਲੱਗ ਪਾਏ ਤੇ ਮੈਂ ਜਮੀਨ ਤੇ ਡਿੱਗ ਪਈ।

ਜਿਵੇਂ ਕੇ ਇਹ ਪਹਿਲਾਂ ਕਈ ਵਾਰ ਮੈਨੂੰ ਘਰ ਛੱਡਣ ਲਈ ਕਹਿ ਚੁੱਕੀ ਸੀ। ਹੁਣ ਵੀ ਮੈਨੂੰ ਨਿਊਜ਼ੀਲੈਂਡ ਛੱਡ ਕੇ ਇੰਡੀਆ ਜਾਨ ਲਈ ਜ਼ੋਰ ਪਾਉਣ ਲੱਗ ਪਈ, ਬਦਲੇ ਵਿਚ ਆਪਣੇ ਮਾਪਿਆਂ ਨੂੰ ਇਥੇ ਬੁਲਾਉਣ ਵਾਸਤੇ ਦਬਾਅ ਪਾਉਣ ਲੱਗ ਪਈ। ਹੁਣ ਗੱਲ-ਗੱਲ 'ਤੇ ਝਗੜਾ ਕਰਕੇ ਸਾਡੇ ਬਾਕੀ ਦੇ ਰਹਿੰਦੇ ਰਿਸ਼ਤੇਦਾਰਾਂ ਵਿਚ ਵੀ ਸਾਡੇ ਖ਼ਿਲਾਫ਼ ਗੰਦ ਉਗਲਣ ਲੱਗ ਪਈ। ਉਦਾਹਰਣ ਦੇ ਤੌਰ 'ਤੇ ਰੋ-ਰੋ ਕੇ, ਮੇਰੀ ਲੜਕੀ ਨੂੰ ਜੋ ਕੇ ਆਸਟ੍ਰੇਲੀਆ ਰਹਿੰਦੀ ਹੈ, ਕਹਿੰਦੀ ਮੰਮੀ ਤੇ ਹਸਬੈਂਡ ਨੇ ਮੈਨੂੰ ਤੇ ਬੇਬੀ ਨੂੰ ਮਾਰਿਆ, ਗਾਲਾਂ ਕੱਢੀਆਂ ਤੇ ਧੱਕੇ ਮਾਰ ਕੇ ਘਰੋਂ ਕੱਢ ਦਿੱਤਾ ਨਾਲ਼ੇ ਤੁਹਾਡੇ ਦੋਹਾਂ ਜੀਆਂ ਖ਼ਿਲਾਫ਼ ਇੱਮੀਗ੍ਰੇਸ਼ਨ ਵਿਚ ਲਿਖਕੇ ਦਿੱਤਾ ਹੈ ਕੇ ਇਹ ਫਰਾਡ ਹਨ ਤੇ ਇਨ੍ਹਾਂ ਨੂੰ ਰੈਜ਼ੀਡੈਂਸੀ ਨਾ ਦਿੱਤੀ ਜਾਵੇ। ਇਸ ਤਰ੍ਹਾਂ ਇਸ ਨੇ ਸਾਡੇ ਸਾਰੇ ਹੀ ਰਿਸ਼ਤੇ ਤੁੜਵਾ ਦਿੱਤੇ। ਹਰ ਜਗਾ ਮੈਨੂੰ ਡੈਣ ਦਿਖਾਇਆ। ਲੱਗਭਗ ਸਭ ਨੇ ਸਾਡੇ ਨਾਲੋਂ ਨਾਤਾ ਤੋੜ ਲਿਆ ਤੇ ਬੋਲਚਾਲ ਬੰਦ ਕਰ ਦਿੱਤੀ।

ਆਖਿਰਕਾਰ ਬੱਚਾ ਲੈ ਕੇ ਪੁਲਸ ਕਸਟਡੀ ਵਿਚ ਸੇਫ ਹੋਮ ਵਿਚ ਇਹ ਕਹਿ ਕੇ ਚਲੀ ਗਈ ਕੇ ਮੈਨੂੰ ਤੇ ਮੇਰੇ ਬੱਚੇ ਨੂੰ ਇਨ੍ਹਾਂ ਦੋਨਾਂ ਮਾਂ ਪੁੱਤ ਤੋਂ ਜਾਨੀ ਖ਼ਤਰਾ ਹੈ। ਅਸੀਂ ਕੁਰਲਾਉਂਦੇ ਦੇ ਕੁਰਲਾਉਂਦੇ ਰਹਿ ਗਏ। ਘਰ ਸੁੰਨਾ ਖਾਣ ਨੂੰ ਪਵੇ, ਉਹ ਮਾਸੂਮ ਜਾ ਚੁੱਕਾ ਸੀ, ਜਿਸ ਲਈ ਅਸੀਂ ਹਜ਼ਾਰਾਂ ਖ਼ੁਆਬ ਬੁਣੇ ਸਨ।

ਉੱਪਰੋਂ ਇਸ ਵੱਲੋਂ ਕੋਰਟ ਦਾ ਨੋਟਸ ਤੇ ਵਕੀਲਾਂ ਦੀ ਭਾਲ 'ਤੇ ਮੱਥਾ ਪੱਚੀ, ਪੈਸੇ ਦਾ ਪਾਣੀ ਵਾਂਗ ਰੁੜਣਾ, ਘਰ ਦਾ ਉਜਾੜਾ। ਕਈ ਵਾਰ ਬੇਜ਼ਾਰ ਹੋ ਕੇ ਆਤਮਹੱਤਿਆ ਦਾ ਵੀ ਖ਼ਿਆਲ ਆਇਆ ਪਰ ਬੇਟੇ ਦੇ ਮੂੰਹ ਵੱਲ ਵੇਖਕੇ ਰੋ ਕੇ ਚੁੱਪ ਕਰ ਜਾਂਦੀ। ਬੇਟੇ ਨੇ ਰੋਣਾ ਹੁੰਦਾ ਬਾਥਰੂਮ ਵਿਚ ਵੜਕੇ ਅੱਥਰੂ ਬਹਾ ਆਉਂਦਾ। ਹੁਣ ਮੈਨੂੰ ਅਪਨਾ ਆਪ ਬੇਮਤਲਬ ਜਿਹਾ ਲੱਗਦਾ ਹੈ ਤੇ ਜੀਵਨ ਸੁੰਨਾ।



•ਡਾ. ਰਣਜੀਤ ਸਿੰਘ

# ਆਓ, ਚੰਗੇ ਕਰਮ ਕਮਾਈਏ

**ਵਿੱਚ ਖੜ੍ਹੇ ਹੋ ਕੇ ਆਪਣੀ ਵਾਰੀ ਦੀ ਉਡੀਕ ਨਾ ਕਰਨੀ, ਅੱਗੇ ਲੰਘਣ ਲਈ ਧੱਕੇ ਮਾਰਨੇ, ਪੈਸੇ ਕਮਾਉਣ ਲਈ ਰਿਸ਼ਵਤ ਮੰਗਣੀ, ਮਿਲਾਵਟ ਕਰਨੀ, ਦੂਜਿਆਂ ਦਾ ਹੱਕ ਮਾਰਨਾ ਆਮ ਜਿਹਾ ਬਣਦਾ ਜਾ ਰਿਹਾ ਹੈ। ਅਜਿਹਾ ਕਰਦੇ ਸਮੇਂ ਅਸੀਂ ਗੁਰੂ ਨਾਨਕ ਸਾਹਬਿ ਦੇ ਤਿੰਨਾਂ ਹੀ ਉਪਦੇਸ਼ਾਂ ਨੂੰ ਭੁੱਲ ਜਾਂਦੇ ਹਨ। ਕਿਰਤ ਉਹ ਹੁੰਦੀ ਹੈ ਜੋ ਇਮਾਨਦਾਰੀ ਨਾਲ ਕੀਤੀ ਜਾਵੇ। ਵੰਡ ਛਕਣ ਵਾਲਾ, ਹੇਰਾ-ਫੇਰੀ, ਮਿਲਾਵਟ, ਬੇਈਮਾਨੀ ਆਦਿ ਨਹੀਂ ਕਰਦਾ। ਜਿਹੜਾ ਅਜਿਹੇ ਕਰਮ ਕਰਦਾ ਹੈ ਉਹ ਨਾਮ ਨਹੀਂ ਜਪ ਸਕਦਾ। ਜੇਕਰ ਕੋਈ ਜਪਦਾ ਹੈ ਤਾਂ ਵਿਖਾਵਾ ਕਰਦਾ ਹੈ। ਨਾਮ ਜਪਣ ਵਾਲਾ ਹਮੇਸ਼ਾਂ ਰਹਿਮ ਦਿਲ ਸੱਚਾ ਤੇ ਸੁੱਚਾ ਜੀਵਨ ਜਿਉਣ ਦਾ ਯਤਨ ਕਰਦਾ ਹੈ।**

ਪੰਜਾਬੀਆਂ ਬਾਰੇ ਇਹ ਪ੍ਰਸਿੱਧ ਹੈ ਕਿ ਇਹ ਮਿਹਨਤੀ ਲੋਕ ਹਨ। ਕਿਰਤ ਕਰਦੇ ਹਨ, ਉਸ ਨੂੰ ਵੰਡ ਕੇ ਛੱਕਦੇ ਅਤੇ ਪਰਮਾਤਮਾ ਦਾ ਸ਼ੁਕਰ ਕਰਦੇ ਹਨ। ਧਰਮ ਕੋਈ ਵੀ ਹੋਵੇ ਸਾਰੇ ਪੰਜਾਬੀ ਬਾਬਾ ਨਾਨਕ ਦੇ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਸੇਧ ਦਿੰਦੇ ਹਨ, ਪਰ ਪਿਛਲੇ ਕੁਝ ਸਮੇਂ ਤੋਂ ਇਹ ਵੇਖਿਆ ਜਾ ਰਿਹਾ ਹੈ ਕਿ ਪੰਜਾਬੀ ਆਪਣੇ ਇਨ੍ਹਾਂ ਗੁਣਾਂ ਤੋਂ ਦੂਰ ਹੋ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਬਹੁਗਿਣਤੀ ਖੇਤੀ ਨਾਲ ਸਬੰਧਿਤ ਹੈ ਅਤੇ ਖੇਤੀ ਇੱਕ ਚੰਗੀ ਕਿਰਤ ਹੀ ਹੁੰਦੀ ਹੈ। ਪਰ ਕੁਝ ਪੰਜਾਬੀ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਿਲਾਵਟ, ਹੈਂਕੜ ਆਦਿ ਬੁਰਾਈਆਂ ਦਾ ਵਾਧਾ ਹੋ ਰਿਹਾ ਹੈ। ਸਮਾਜ ਵਿੱਚੋਂ ਇਮਾਨਦਾਰੀ ਦੇ ਨਾਲੋਂ ਨਾਲ ਹਮਦਰਦੀ ਵੀ ਖ਼ਤਮ ਹੋ ਰਹੀ ਹੈ।

ਅਸੀਂ ਵਿਖਾਵੇ ਲਈ ਖੁੱਲ੍ਹ ਕੇ ਖਰਚ ਕਰਨ ਲੱਗ ਜਾਂਦੇ ਹਾਂ, ਪਰ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਕੰਨੀਂ ਕਤਰਾਉਣ ਲੱਗ ਪਏ ਹਾਂ। ਕੋਈ ਸਮਾਂ ਸੀ ਜਦੋਂ ਕਿਸੇ ਉਤੇ ਵੀ ਕੋਈ ਮੁਸੀਬਤ ਆਉਂਦੀ ਸੀ ਤਾਂ ਸਾਰਾ ਭਾਈਚਾਰਾ ਉਸ ਦੀ ਸਹਾਇਤਾ ਲਈ ਨਾਲ ਖੜ੍ਹਾ ਹੁੰਦਾ ਸੀ। ਜਿਸ ਕੋਲ ਵਸੀਲੇ ਹੁੰਦੇ ਸਨ ਉਹ ਲੋੜਵੰਦਾਂ ਦੀ ਸਭ ਤੋਂ ਵੱਧ ਸਹਾਇਤਾ ਕਰਦਾ ਸੀ। ਹੁਣ ਇਸ ਦੇ ਉਲਟ ਹੋ ਰਿਹਾ ਹੈ। ਜਿਵੇਂ ਜਿਵੇਂ ਕਿਸੇ ਕੋਲ ਵਸੀਲੇ ਵਧਦੇ ਹਨ ਉਹ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਕੰਨੀਂ ਕਤਰਾਉਣ ਲੱਗ ਪੈਂਦਾ ਹੈ। ਉਸ ਵਿੱਚੋਂ ਹਮਦਰਦੀ ਸ਼ਬਦ ਮਨਫ਼ੀ ਹੋਣ ਲੱਗਦਾ ਹੈ। ਸ਼ਾਇਦ ਇਸੇ ਕਰਕੇ ਪੰਜਾਬ ਵਿੱਚ ਗ਼ਰੀਬ ਲੋਕ ਖ਼ੁਦਕੁਸ਼ੀ ਕਰਨ ਲਈ ਵਧੇਰੇ ਮਜਬੂਰ ਹੋ ਰਹੇ ਹਨ। ਗ਼ਰੀਬ ਦੀ ਬਾਂਹ ਫੜਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਹੁਸ਼ਿਆਰ ਪਰ ਗਰੀਬ ਬੱਚੇ ਪੜ੍ਹਾਈ ਤੋਂ ਦੂਰ ਹੋਣ ਲਈ ਮਜਬੂਰ ਹੋ ਰਹੇ ਹਨ।

ਅੰਗਰੇਜ਼ੀ ਵਿੱਚ ਦੋ ਸ਼ਬਦ ਹਨ 'sympathy' ਅਤੇ 'empathy'। ਹਮਦਰਦੀ ਬਾਰੇ ਪੰਜਾਬੀ ਜਾਣਦੇ ਹਨ ਭਾਵੇਂ ਕਿ ਬਹੁਗਿਣਤੀ ਇਸ ਭਾਵਨਾ ਤੋਂ ਵੀ ਦੂਰ ਹੋ ਰਹੀ ਹੈ। ਸੜਕ ਵਿੱਚ ਹੋਏ ਹਾਦਸੇ ਲਈ ਮਦਦ ਕਰਨ ਨੂੰ ਸਾਈਕਲ ਸਵਾਰ ਤਾਂ ਜ਼ਰੂਰ ਖੜ੍ਹਾ ਹੋ ਜਾਵੇਗਾ, ਪਰ ਕਾਰ ਵਾਲਾ ਕੋਈ ਘਟ ਵੱਧ ਹੀ ਬਰੇਕ ਮਾਰਦਾ ਹੈ। ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਨਾਲ ਭਾਈਚਾਰੇ ਦੀ ਭਾਵਨਾ ਨੂੰ ਠੇਸ ਪੁੱਜਦੀ ਹੈ ਅਤੇ ਰਿਸ਼ਤਿਆਂ ਦਾ ਨਿੱਘ ਘੱਟ ਹੋਣ ਲੱਗਦਾ ਹੈ। ਜਿੱਥੋਂ ਤੱਕ empathy ਸ਼ਬਦ ਦਾ ਸਬੰਧ ਹੈ, ਪੰਜਾਬੀਆਂ ਵਿੱਚ ਇਸ ਦੀ ਘਾਟ ਰੜਕਦੀ ਹੈ। ਅਸਲ ਵਿੱਚ ਪੰਜਾਬੀ ਸ਼ਬਦ ਕੋਸ਼ ਵਿੱਚ ਇਸ ਲਈ ਕੋਈ ਦੂਜਾ ਸ਼ਬਦ ਨਹੀਂ ਹੈ। ਸਾਰਿਆਂ ਵਿੱਚ ਇਸ ਦਾ ਅਨੁਵਾਦ ਹਮਦਰਦੀ ਹੀ ਕੀਤਾ ਹੈ। ਇਸ ਸ਼ਬਦ ਦਾ ਅਨੁਵਾਦ ਕਰਦਿਆਂ ਅਹਿਸਾਸ ਜਾਂ ਮਹਿਸੂਸਤਾ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਇਸ ਦਾ ਭਾਵ ਹੈ ਕਿ ਜਦੋਂ ਅਸੀਂ ਕੋਈ ਕਰਮ ਕਰਦੇ ਹਾਂ ਤਾਂ ਉਦੋਂ ਇਹ ਮਹਿਸੂਸ ਕਰਨਾ ਕਿ ਜੇਕਰ ਕੋਈ ਮੇਰੇ ਨਾਲ ਅਜਿਹਾ ਕਰੇ ਤਾਂ ਮੈਨੂੰ ਕਿਵੇਂ ਮਹਿਸੂਸ ਹੋਵੇਗਾ। ਪੰਜਾਬੀ ਇਸ ਗੁਣ ਤੋਂ ਬਿਲਕੁਲ ਹੀ ਦੂਰ ਹੋ ਰਹੇ ਹਨ।

ਅਸੀਂ ਕੇਵਲ ਆਪਣੇ ਬਾਰੇ ਹੀ ਸੋਚਦੇ ਹਾਂ। ਲਈਨ ਵਿੱਚ ਖੜ੍ਹੇ ਹੋ ਕੇ ਆਪਣੀ ਵਾਰੀ ਦੀ ਉਡੀਕ ਨਾ ਕਰਨੀ, ਅੱਗੇ ਲੰਘਣ ਲਈ ਧੱਕੇ ਮਾਰਨੇ, ਪੈਸੇ ਕਮਾਉਣ ਲਈ ਰਿਸ਼ਵਤ ਮੰਗਣੀ, ਮਿਲਾਵਟ ਕਰਨੀ, ਦੂਜਿਆਂ ਦਾ ਹੱਕ ਮਾਰਨਾ ਆਮ ਜਿਹਾ ਬਣਦਾ ਜਾ ਰਿਹਾ ਹੈ। ਅਜਿਹਾ ਕਰਦੇ ਸਮੇਂ ਅਸੀਂ ਗੁਰੂ ਨਾਨਕ ਸਾਹਬਿ ਦੇ ਤਿੰਨਾਂ ਹੀ ਉਪਦੇਸ਼ਾਂ ਨੂੰ ਭੁੱਲ ਜਾਂਦੇ ਹਨ। ਕਿਰਤ ਉਹ ਹੁੰਦੀ ਹੈ ਜੋ ਇਮਾਨਦਾਰੀ ਨਾਲ ਕੀਤੀ ਜਾਵੇ। ਵੰਡ ਛਕਣ ਵਾਲਾ, ਹੇਰਾ-ਫੇਰੀ, ਮਿਲਾਵਟ, ਬੇਈਮਾਨੀ ਆਦਿ ਨਹੀਂ ਕਰਦਾ। ਜਿਹੜਾ ਅਜਿਹੇ ਕਰਮ ਕਰਦਾ ਹੈ ਉਹ ਨਾਮ ਨਹੀਂ ਜਪ ਸਕਦਾ। ਜੇਕਰ ਕੋਈ ਜਪਦਾ ਹੈ ਤਾਂ ਵਿਖਾਵਾ ਕਰਦਾ ਹੈ। ਨਾਮ ਜਪਣ ਵਾਲਾ ਹਮੇਸ਼ਾਂ ਰਹਿਮ ਦਿਲ ਸੱਚਾ ਤੇ ਸੁੱਚਾ ਜੀਵਨ ਜਿਉਣ ਦਾ ਯਤਨ ਕਰਦਾ ਹੈ। ਪੰਜਾਬ ਕਦੇ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਮੰਨਿਆ ਜਾਂਦਾ ਸੀ। ਭਾਰਤ ਵਿੱਚੋਂ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚੋਂ ਸਮਾਜਿਕ ਵਿਗਿਆਨੀ ਇਸ ਚਮਤਕਾਰ ਦਾ ਅਧਿਐਨ ਕਰਨ ਆਉਂਦੇ ਸਨ। ਉਹ ਕਈ ਕਈ ਮਹੀਨੇ ਆਮ ਘਰਾਂ ਵਿੱਚ ਰਹਿ ਕੇ ਪੰਜਾਬੀ ਗੁਣਾਂ ਦੀ ਘੋਖ ਕਰਦੇ ਸਨ। ਪੰਜਾਬੀਆਂ ਨੇ 1947 ਵਿੱਚ ਹੋਈ ਬਰਬਾਦੀ ਅਤੇ ਉਜਾੜੇ ਵਿੱਚੋਂ ਸਭ ਕੁਝ ਗੁਆ ਕੇ ਮਿਹਨਤ ਕਰਕੇ ਆਪਣੇ ਆਪ ਨੂੰ ਪੈਰਾਂ ਉਤੇ ਹੀ ਖੜ੍ਹਾ ਨਹੀਂ ਕੀਤਾ ਸਗੋਂ ਅਗਾਂਹ ਵਧਣ ਲਈ ਇੱਕ ਦੂਜੇ ਨਾਲ ਸਕਾਰਾਤਮਕ ਮੁਕਾਬਲਾ ਵੀ ਕੀਤਾ। ਪਰ ਹੁਣ ਇਹ ਗੁਣ ਵਿਸਾਰੇ ਜਾ ਰਹੇ ਹਨ।

ਪੰਜਾਬੀ ਕਿਰਤ ਤੋਂ ਦੂਰ ਹੋ ਰਹੇ ਹਨ। ਨਵੀਂ ਪੀੜ੍ਹੀ ਤਾਂ ਖੇਤਾਂ ਅਤੇ ਰਸੋਈ ਘਰਾਂ ਤੋਂ ਦੂਰ ਹੋ ਰਹੀ ਹੈ ਅਤੇ ਦੂਜੇ ਸੂਬਿਆਂ ਤੋਂ ਆਏ ਕਾਮਿਆਂ ਉਤੇ ਨਿਰਭਰ ਹੋ ਰਹੇ ਹਨ। ਜਿਹੜੇ ਕਦੇ ਪੰਜਾਬੀਆਂ ਦੇ ਗੁਣ ਸਨ, ਹੁਣ ਬਾਹਰੋਂ ਆਏ ਕਾਮੇ ਪੰਜਾਬ ਵਿੱਚ ਰਹਿ ਕੇ ਪੰਜਾਬੀਆਂ ਤੋਂ ਇਹ ਇਹ ਗੁਣ ਸਿੱਖ ਕੇ ਇਨ੍ਹਾਂ ਅਨੁਸਾਰ ਕਾਰਜ ਕਰ ਰਹੇ ਹਨ। ਹੁਣ ਉਨ੍ਹਾਂ ਦਾ ਸਾਰਾ ਟੱਬਰ ਚੰਗੇ ਭਵਿੱਖ ਲਈ ਦਿਨ ਰਾਤ ਮਿਹਨਤ ਕਰਨ ਲੱਗ ਪਿਆ ਹੈ। ਪੰਜਾਬ ਵਿੱਚ ਧਾਰਮਿਕ ਸਥਾਨਾਂ ਅਤੇ ਧਰਮ ਦੇ ਪ੍ਰਚਾਰਕਾਂ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ, ਪਰ ਉਨ੍ਹਾਂ ਨੇ ਪੰਜਾਬੀਆਂ ਦੇ ਗੁਣਾਂ ਨੂੰ ਪਰਿਪੱਕ ਕਰਨ ਅਤੇ ਇਸ ਵਿੱਚ ਹੋਰ ਵਾਧਾ ਕਰਨ ਦੇ ਯਤਨਾਂ ਦੀ ਥਾਂ ਉਨ੍ਹਾਂ ਨੂੰ ਕਰਮ ਕਾਂਡਾ ਵਿੱਚ ਉਲਝਾਇਆ ਹੈ। ਕਿਰਤ ਕਰਨ ਅਤੇ ਵੰਡ ਛਕਣ ਦਾ ਪਾਠ ਪੜ੍ਹਾਉਣ ਦੀ ਥਾਂ ਸੁੱਖਾਂ ਸੁੱਖਣ ਨਾਲ ਪ੍ਰਾਪਤੀਆਂ ਦੇ ਰਾਹੇ ਪਾਇਆ ਹੈ।

ਜਦੋਂ ਕਿਸੇ ਮਨੁੱਖ ਵਿੱਚੋਂ ਅਹਿਸਾਸ ਕਰਨ ਦੀ ਘਾਟ ਆ ਜਾਵੇ ਤਾਂ ਉਹ ਕੇਵਲ ਆਪਣੇ ਬਾਰੇ ਹੀ ਸੋਚਦਾ ਹੈ, ਦੂਜੇ ਦੇ ਦਰਦ ਨੂੰ ਸਮਝਣਾ ਉਹ

# ਵਰਤੀਂ ਸ਼ਬਦ ਸੰਭਾਲ ਕੇ



ਗੁਰਬਿੰਦਰ ਸਿੰਘ ਮਾਣਕ

ਧਰਤੀ ਉੱਤੇ ਸ਼ਾਇਦ ਮਨੁੱਖ ਹੀ ਇੱਕੋ ਇੱਕ ਅਜਿਹਾ ਪ੍ਰਾਣੀ ਹੈ, ਜਿਸ ਨੂੰ ਕਿਸੇ ਬੋਲੀ ਵਿੱਚ ਬੋਲ ਕੇ ਆਪਣੇ ਮਨ ਦੇ ਭਾਵ ਪ੍ਰਗਟ ਕਰਨ ਦੀ ਅਦੁੱਤੀ ਦਾਤ ਮਿਲੀ ਹੋਈ ਹੈ। ਮਨੁੱਖ ਦੀ ਸਿੱਖਿਆ ਤੇ ਹੋਰ ਪ੍ਰਾਪਤੀਆਂ ਪਿੱਛੇ ਉਸ ਦੀ ਬੋਲਣ ਦੀ ਮੁਹਾਰਤ ਤੇ ਸਮਰੱਥਾ ਦੇ ਵਿਸ਼ੇਸ਼ ਯੋਗਦਾਨ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਹੈ। ਬੋਲਾਂ ਨਾਲ ਹੀ ਮਨੁੱਖੀ ਸ਼ਖ਼ਸੀਅਤ ਦੇ ਅੰਦਰ ਛੁਪੀਆਂ ਪਰਤਾਂ ਦੀ ਥਾਹ ਪਾਈ ਜਾ ਸਕਦੀ ਹੈ। ਰਸੂਲ ਹਮਜ਼ਾਤੋਵ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'ਮੇਰਾ ਦਾਗਿਸਤਾਨ' ਵਿੱਚ ਇੱਕ ਥਾਂ ਲਿਖਦਾ ਹੈ ਕਿ ਬੱਚੇ ਨੂੰ ਬੋਲਣਾ ਸਿੱਖਣ ਲਈ ਦੋ ਸਾਲ ਲੱਗਦੇ ਹਨ, ਪਰ ਬੰਦੇ ਨੂੰ ਆਪਣੀ ਜ਼ੁਬਾਨ ਸੰਭਾਲਦਿਆਂ ਸੱਠ ਸਾਲ ਲੱਗ ਜਾਂਦੇ ਹਨ। ਉਂਜ ਇਹ ਵੀ ਕੋਈ ਜ਼ਰੂਰੀ ਨਹੀਂ ਹੈ ਕਿ ਉਮਰ ਦੇ ਬੀਤਣ ਨਾਲ ਕਿਸੇ ਬੰਦੇ ਨੂੰ ਆਪਣੀ ਜ਼ੁਬਾਨ ਸੰਭਾਲਣ ਦੀ ਜਾਚ ਆ ਜਾਵੇ।

ਤੋਤਲੀ ਜਿਹੀ ਜ਼ੁਬਾਨ ਵਿੱਚੋਂ ਬੱਚਾ ਜਦੋਂ ਪਹਿਲਾ ਸ਼ਬਦ ਬੋਲਦਾ ਹੈ ਤਾਂ ਮਾਂ-ਬਾਪ ਖੁਸ਼ੀ ਵਿੱਚ ਖੀਵੇ ਹੋਏ ਝੂਮ ਉੱਠਦੇ ਹਨ। ਉਮਰ ਦਾ ਇਹ ਪੜਾਅ ਤਾਂ ਸ਼ਾਇਦ ਜ਼ਿੰਦਗੀ ਦਾ ਸੁਨਹਿਰੀ ਕਾਲ ਹੁੰਦਾ ਹੈ। ਬੱਚੇ ਦੀ ਮਿੱਠੀ ਪਿਆਰੀ ਜ਼ੁਬਾਨ ਵਿੱਚੋਂ ਨਿਕਲਿਆ ਹਰ ਉਲਟਾ-ਪੁਲਟਾ ਸ਼ਬਦ ਵੀ ਕੰਨਾਂ ਵਿੱਚ ਮਿਸ਼ਰੀ ਘੋਲਦਾ ਹੈ। ਘਰ ਦੇ ਜੀਆਂ ਦਾ ਬੱਚਿਆਂ ਦੀਆਂ ਤੋਤਲੀਆਂ ਗੱਲਾਂ ਨੂੰ ਵਾਰ ਵਾਰ ਸੁਣਨ ਨੂੰ ਮਨ ਲੋਚਦਾ ਹੈ। ਕੰਮਾਂਕਾਰਾਂ ਵਿੱਚ ਸਾਰੇ ਦਿਨ ਦਾ ਥੱਕਿਆ ਬੰਦਾ ਘਰ ਪਰਤ ਕੇ ਬੱਚਿਆ ਦੀਆਂ ਤੋਤਲੀਆ ਗੱਲਾਂ ਦਾ ਨਿੱਘ ਮਾਣ ਕੇ ਸਾਰੀ ਥਕਾਵਟ ਭੁੱਲ ਜਾਂਦਾ ਹੈ। ਘਰ ਦੇ ਜੀਆਂ ਦੀ ਸੰਗਤ ਮਾਣਦਿਆਂ ਗਲੀ-ਗੁਆਂਢ ਵਿੱਚ ਖੇਡਦਿਆਂ, ਸਕੂਲੀ ਸਾਥੀਆਂ ਸੰਗ ਵਿਚਰਦਿਆਂ ਤੇ ਹੋਰ ਲੋਕਾਂ ਦੇ ਸੰਪਰਕ ਵਿੱਚ ਆ ਕੇ ਬੱਚੇ ਦੀ ਜ਼ੁਬਾਨ 'ਤੇ ਅਨੇਕਾਂ ਸ਼ਬਦ ਚੜ੍ਹ ਜਾਂਦੇ ਹਨ।

ਅਸਲ ਵਿੱਚ ਭਾਸ਼ਾ ਦੇ ਮਾਧਿਅਮ ਰਾਹੀਂ ਸ਼ਬਦਾਂ ਨੂੰ ਜ਼ੁਬਾਨ ਦੇਣੀ ਕੇਵਲ ਮਨੁੱਖ ਦੇ ਹੀ ਹਿੱਸੇ ਆਈ ਹੈ। ਜ਼ੁਬਾਨ ਦੀ ਸਰਦਾਰੀ ਕਾਰਨ ਹੀ ਮਨੁੱਖ ਇਸ ਧਰਤੀ ਦਾ ਬਾਦਸ਼ਾਹ ਬਣਿਆ ਹੋਇਆ ਹੈ। ਸਕੂਲ ਪੜ੍ਹਦੇ ਬੱਚੇ ਤੋਂ ਲੈ ਕੇ ਜੀਵਨ ਵਿੱਚ ਪ੍ਰਵਾਨ ਚੜ੍ਹੇ ਮਨੁੱਖ ਤੱਕ ਜ਼ੁਬਾਨ ਸੰਭਾਲਣ ਦੇ ਵੱਖ ਵੱਖ ਪੜਾਅ ਹੋ ਸਕਦੇ ਹਨ, ਪਰ ਇਹ ਕੋਈ ਜ਼ਰੂਰੀ ਨਹੀਂ ਹੈ ਕਿ ਉਮਰ ਦੇ ਸਾਲਾਂ ਦੇ ਵਧਣ ਨਾਲ ਕਿਸੇ ਮਨੁੱਖ ਨੂੰ ਆਪਣੀ ਜ਼ੁਬਾਨ ਸੰਭਾਲਣ ਦਾ ਹੁਨਰ ਆ ਜਾਵੇ। ਵੱਡੀ ਗਿਣਤੀ ਵਿੱਚ ਲੋਕ ਅਜਿਹੇ ਮਿਲ ਜਾਣਗੇ ਜਿਹੜੇ ਆਪਣੀ ਜ਼ੁਬਾਨ ਸੰਭਾਲਣੀ ਨਹੀਂ ਜਾਣਦੇ। ਦੋ ਚਾਰ ਸ਼ਬਦ ਵੀ ਕਿਤੇ ਬੋਲਣੇ ਪੈ ਜਾਣ ਤਾਂ ਉਨ੍ਹਾਂ ਦੇ ਪਸੀਨੇ ਛੁੱਟ ਜਾਂਦੇ ਹਨ। ਜੇ ਕੁਝ ਲੋਕ ਬੋਲਣ ਦਾ ਹੌਸਲਾ ਕਰ ਵੀ ਲੈਣ ਤਾਂ ਉਨ੍ਹਾਂ ਦੇ ਬੋਲਾਂ ਦੀ ਤਰਤੀਬ ਵੀ ਉਲਟ-ਪੁਲਟ ਹੋ ਜਾਂਦੀ ਹੈ, ਜਿਸ ਨਾਲ ਗੱਲਬਾਤ ਦਾ ਬੱਝਵਾਂ ਪ੍ਰਭਾਵ ਨਹੀਂ ਪੈਂਦਾ। ਕੁਝ ਮਨੁੱਖ ਆਮ ਜੀਵਨ ਵਿੱਚ ਬੈਠੇ ਖੜ੍ਹੇ ਤਾਂ ਬਹੁਤ ਬੋਲਦੇ ਹਨ ਤੇ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦੇ, ਪਰ ਜੇ ਕਦੇ ਸਟੇਜ 'ਤੇ ਬੋਲਣ ਲਈ ਕੋਈ ਉਨ੍ਹਾਂ ਦਾ ਨਾਂ ਲੈ ਦੇਵੇ ਤਾਂ ਉਨ੍ਹਾਂ ਦੀਆ ਲੱਤਾਂ ਕੰਬਣ ਲੱਗ ਜਾਂਦੀਆਂ ਹਨ।

ਕੁਝ ਬੁਲਾਰਿਆਂ ਕੋਲ ਬੋਲਣ ਦਾ ਅਜਿਹਾ ਅਦਬ, ਮੁਹਾਰਤ ਸਲੀਕਾ ਹੁੰਦਾ ਹੈ ਕਿ ਇੰਜ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਜ਼ੁਬਾਨ ਵਿੱਚੋਂ ਸ਼ਬਦ-ਰੂਪੀ ਫੁੱਲ ਕਿਰ ਰਹੇ ਹੋਣ। ਉਨ੍ਹਾਂ ਕੋਲ ਆਤਮ-ਵਿਸ਼ਵਾਸ ਦੇ ਨਾਲ ਨਾਲ ਸ਼ਬਦਾਂ ਦਾ ਵੀ ਅਸੀਮ ਭੰਡਾਰ ਹੁੰਦਾ ਹੈ। ਇਹੋ ਜਿਹੇ ਬੁਲਾਰੇ ਕੋਲ ਇਕੱਠ ਨੂੰ ਇਸ ਕਦਰ ਬੰਨ੍ਹ ਲੈਣ ਦੀ ਸਮਰੱਥਾ ਹੁੰਦੀ ਹੈ ਕਿ ਹਰ ਇੱਕ ਦਾ ਜੀਅ ਕਰਦਾ ਹੈ ਕਿ ਇਹ ਬੁਲਾਰਾ ਬੋਲੀ ਜਾਵੇ। ਉਨ੍ਹਾਂ ਦੀ ਭਾਸ਼ਾ, ਦਲੀਲ ਤੇ ਅੰਦਾਜ਼ ਇਸ ਤਰ੍ਹਾਂ ਦਾ ਪ੍ਰਭਾਵ ਸਿਰਜਦਾ ਹੈ ਕਿ ਸੁਣਨ ਵਾਲੇ ਦਿਲੋਂ ਸਰਸ਼ਾਰ ਹੋ ਜਾਂਦੇ ਹਨ। ਬਹੁਤੇ ਲੋਕਾਂ ਨੂੰ ਤਾਂ ਆਮ ਜੀਵਨ ਵਿੱਚ ਵਿਚਰਦਿਆਂ ਵੀ ਗੱਲਬਾਤ ਕਰਨ ਦੀ ਸੂਝ ਨਹੀਂ ਹੁੰਦੀ। ਉਹ ਪੁੱਠਾ-ਸਿੱਧਾ ਬੋਲ ਕੇ ਘਰ ਵਿੱਚ ਵੀ ਤੇ ਬਾਹਰ ਵੀ ਕੋਈ ਨਾ ਕੋਈ ਭਸੂੜੀ ਪਾਈ ਰੱਖਦੇ ਹਨ। ਜ਼ੁਬਾਨ ਦਾ ਰਸ ਬੰਦੇ ਨੂੰ ਇੱਜ਼ਤ-ਮਾਣ ਵੀ ਬਥੇਰਾ ਬਖ਼ਸ਼ਦਾ ਹੈ ਤੇ ਲਾਹਣਤਾਂ ਦੀ ਵੀ ਕੋਈ ਕਸਰ ਨਹੀਂ ਛੱਡਦਾ।

**ਅਸਲ ਵਿੱਚ ਭਾਸ਼ਾ ਦੇ ਮਾਧਿਅਮ ਰਾਹੀਂ ਸ਼ਬਦਾਂ ਨੂੰ ਜ਼ੁਬਾਨ ਦੇਣੀ ਕੇਵਲ ਮਨੁੱਖ ਦੇ ਹੀ ਹਿੱਸੇ ਆਈ ਹੈ। ਜ਼ੁਬਾਨ ਦੀ ਸਰਦਾਰੀ ਕਾਰਨ ਹੀ ਮਨੁੱਖ ਇਸ ਧਰਤੀ ਦਾ ਬਾਦਸ਼ਾਹ ਬਣਿਆ ਹੋਇਆ ਹੈ। ਸਕੂਲ ਪੜ੍ਹਦੇ ਬੱਚੇ ਤੋਂ ਲੈ ਕੇ ਜੀਵਨ ਵਿੱਚ ਪ੍ਰਵਾਨ ਚੜ੍ਹੇ ਮਨੁੱਖ ਤੱਕ ਜ਼ੁਬਾਨ ਸੰਭਾਲਣ ਦੇ ਵੱਖ ਵੱਖ ਪੜਾਅ ਹੋ ਸਕਦੇ ਹਨ, ਪਰ ਇਹ ਕੋਈ ਜ਼ਰੂਰੀ ਨਹੀਂ ਹੈ ਕਿ ਉਮਰ ਦੇ ਸਾਲਾਂ ਦੇ ਵਧਣ ਨਾਲ ਕਿਸੇ ਮਨੁੱਖ ਨੂੰ ਆਪਣੀ ਜ਼ੁਬਾਨ ਸੰਭਾਲਣ ਦਾ ਹੁਨਰ ਆ ਜਾਵੇ।**

ਅਕਸਰ ਹੀ ਦੇਖਦੇ ਹਾਂ ਕਿ ਬਹੁਤੇ ਝਗੜੇ ਜਾਂ ਬੋਲ-ਬੁਲਾਰੇ ਬੰਦੇ ਦੀ ਜ਼ੁਬਾਨ ਕਾਰਨ ਹੀ ਹੁੰਦੇ ਹਨ। ਬੇਲੋੜਾ ਬੋਲਣ ਵਾਲੇ ਨੂੰ ਵੀ ਕੋਈ ਘੱਟ ਹੀ ਪਸੰਦ ਕਰਦਾ ਹੈ। ਗੱਲਬਾਤ ਦੇ ਹੁਨਰ ਤੋਂ ਸੱਖਣੇ ਤੇ ਹਰ ਗੱਲ ਨਾਲ ਚਾਰ ਚਾਰ ਗਾਲ੍ਹਾਂ ਕੱਢਣ ਵਾਲੇ ਬੰਦੇ ਨਾਲ ਹਰ ਕੋਈ ਗੱਲਬਾਤ ਕਰਨ ਤੋਂ ਬਚਣ ਦੀ ਹੀ ਕੋਸਿਸ਼ ਕਰਦਾ ਹੈ। ਇਹ ਬਹੁਤ ਹੀ ਸ਼ਰਮਸਾਰ ਕਰਨ ਵਾਲੀ ਗੱਲ ਹੈ ਕਿ ਬਹੁਤੇ ਪੰਜਾਬੀ ਬੰਦੇ ਗੱਲਬਾਤ ਕਰਦੇ ਸਮੇਂ ਨੰਗੇ ਚਿੱਟੇ ਰੂਪ ਵਿੱਚ ਗਾਲ੍ਹਾਂ ਦਾ ਪ੍ਰਯੋਗ ਕਰਦੇ ਹਨ। ਕਈ ਤਾਂ ਧੀਆਂ-ਭੈਣਾਂ ਦੀ ਸੰਗਤ ਵਿੱਚ ਬੈਠਿਆਂ ਵੀ ਇਸ ਗੱਲ ਦਾ ਕੋਈ ਖਿਆਲ ਨਹੀਂ ਕਰਦੇ ਕਿ ਅਸੀਂ ਕਿਹੋ ਜਿਹੇ ਸ਼ਬਦਾਂ ਦੀ ਵਰਤੋਂ ਕਰ ਰਹੇ ਹਾਂ। ਇਹੋ ਜਿਹੇ ਵਿਅਕਤੀ ਵਿੱਚ ਹੋਰ ਭਾਵੇਂ ਜਿੰਨੇ ਮਰਜ਼ੀ ਗੁਣ ਹੋਣ, ਪਰ ਜ਼ੁਬਾਨ ਦੀ ਗਲਾਜ਼ਤ ਉਨ੍ਹਾਂ ਦੇ ਕਿਰਦਾਰ ਨੂੰ ਬੌਨਾ ਕਰ ਦਿੰਦੀ ਹੈ।

ਜੇ ਕੋਈ ਗੱਲ ਕਰਦਿਆਂ ਕਿਸੇ ਕੋਲੋਂ ਭੈੜੀ ਜ਼ੁਬਾਨ ਬੋਲੀ ਜਾਵੇ ਤਾਂ ਅਗਲਾ ਵੀ ਫੱਟ ਕਹਿ ਦਿੰਦਾ ਹੈ, ਜ਼ੁਬਾਨ ਸੰਭਾਲ ਕੇ ਗੱਲ ਕਰ ਜ਼ਰਾ...ਫੇਰ ਨਾ ਕਹੀਂ...। ਕਦੇ ਪਰ੍ਹੇ ਪੰਚਾਇਤ ਵਿੱਚ ਬੈਠਿਆਂ ਵੀ ਕੋਈ ਬੇਤੁਕੀ ਜਿਹੀ ਗੱਲ ਕਰ ਦੇਵੇ ਤਾ ਕੋਈ ਸਿਆਣਾ ਝੱਟ ਕਹਿ ਦਿੰਦਾ ਹੈ...ਮੁਰਦਾ ਬੋਲੂ ਤਾਂ

# ਆਧੁਨਿਕਤਾ ਦੀ ਦੌੜ 'ਚ ਗੁਆਚਿਆ ਸਿਹਤ ਪੱਧਰ



- ਪ੍ਰੋ. ਹਰਦੀਪ ਸਿੰਘ

ਬੀਤੇ ਵੇਲਿਆਂ 'ਚ ਮਨੁੱਖ ਦੀ ਚੰਗੀ ਸਿਹਤ ਤੇ ਤੰਦਰੁਸਤੀ ਇਸ ਗੱਲ ਕਰਕੇ ਹੀ ਚੰਗੀ ਸੀ ਕਿਉਂਕਿ ਉਨ੍ਹਾਂ ਦਾ ਜੀਵਨ ਢੰਗ ਤੇ ਖਾਣ-ਪੀਣ ਸਾਦਾ ਸੀ। ਉਨ੍ਹਾਂ ਦੇ ਹੱਥੀਂ ਕੰਮ ਕਰਨ ਦੇ ਰੁਝਾਨ ਨਾਲ ਸਰੀਰਕ ਸਰਗਰਮੀ ਬਣੀ ਰਹਿੰਦੀ ਸੀ ਤੇ ਸਰੀਰ ਦੀ ਕੰਮ ਨਾਲ ਹੀ ਵਰਜਿਸ਼ ਹੋ ਜਾਂਦੀ ਸੀ, ਜੋ ਸਰੀਰਕ ਤੰਦਰੁਸਤੀ ਬਣਾ ਕੇ ਰੱਖਦੀ ਸੀ। ਕੁਦਰਤੀ ਵਾਤਾਵਰਨ 'ਚ ਜਿਊਣ ਦੇ ਢੰਗ ਤੇ ਸਾਦੀ ਖ਼ੁਰਾਕ ਨੇ ਸਰੀਰ ਨੂੰ ਬਿਮਾਰੀਆਂ ਤੋਂ ਬਚਾ ਕੇ ਰੱਖਿਆ ਹੋਇਆ ਸੀ। ਸਿਹਤਪੱਖੀ ਆਦਤਾਂ ਕਾਰਨ ਪੁਰਾਣੇ ਸਮੇਂ 'ਚ ਬਹੁਤ ਘੱਟ ਲੋਕ ਬਿਮਾਰ ਹੁੰਦੇ ਸਨ।

**ਆਧੁਨਿਕ ਜੀਵਨਸ਼ੈਲੀ ਨੇ ਵਿਗਾੜੀਆਂ ਆਦਤਾਂ**

ਮੌਜੂਦਾ ਸਮੇਂ ਸਮਾਜ ਵੱਲੋਂ ਅਪਣਾਈ ਜੀਵਨਸ਼ੈਲੀ ਨੇ ਸਾਡੀਆਂ ਸਿਹਤਪੱਖੀ ਆਦਤਾਂ ਨੂੰ ਵਿਗਾੜ ਦਿੱਤਾ ਹੈ, ਜਿਸ ਨਾਲ ਅਸੀਂ ਕੁਦਰਤੀ ਵਾਤਾਵਰਨ ਦੇ ਮਾਹੌਲ ਵਾਲੇ ਜਿਊਣ ਢੰਗ ਤੇ ਕਸਰਤ ਤੋਂ ਕੋਹਾਂ ਦੂਰ ਹੋ ਗਏ ਹਾਂ। ਹੱਥੀਂ ਕੰਮ ਕਰਨ ਦੀ ਆਦਤ ਤੋਂ ਖਹਿੜਾ ਛੁਡਵਾਉਣ ਨਾਲ ਮੌਜੂਦਾ ਮਨੁੱਖ ਦੀ ਸਿਹਤ ਪੱਧਰ ਦਾ ਗ੍ਰਾਫ ਹੇਠਾਂ ਆ ਗਿਆ ਹੈ।

ਖ਼ੁਦ ਨੂੰ ਆਧੁਨਿਕ ਕਹਾਉਂਦਾ ਮਨੁੱਖ ਹੁਣ ਨਿੱਤ ਹੀ ਕੋਈ ਨਾ ਕੋਈ ਕੁਦਰਤ ਵਿਰੋਧੀ ਕਾਰਵਾਈ ਕਰਕੇ ਵਾਤਾਵਰਨ ਨੂੰ ਅਸ਼ੁੱਧ ਕਰਨ 'ਚ ਜ਼ਿੰਮੇਵਾਰ ਹੈ। ਮਨੁੱਖ ਵੱਲੋਂ ਪ੍ਰਦੂਸ਼ਣ ਫੈਲਾ ਕੇ ਵਾਤਾਵਰਨ ਨੂੰ ਪਲੀਤ ਕੀਤਾ ਜਾ ਰਿਹਾ ਹੈ।

ਖਿੱਤੇ ਦੇ ਮੌਸਮ ਤੇ ਜਲਵਾਯੂ 'ਚ ਆਈ ਵੱਡੀ ਤਬਦੀਲੀ ਦੇ ਅਸਰ ਨਾਲ ਕਹਿਰ ਦੀ ਗਰਮੀ-ਸਰਦੀ ਪੈ ਰਹੀ ਹੈ, ਜਿਸ ਨਾਲ ਸਾਡੀ ਸਿਹਤ ਦੇ ਪੱਧਰ 'ਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ।

**ਸੈਰ ਨੂੰ ਬਣਾਓ ਜ਼ਿੰਦਗੀ ਦਾ ਹਿੱਸਾ**

ਬਹੁਤੇ ਲੋਕ ਆਪਣਾ ਮੋਟਾਪਾ ਘਟਾਉਣ ਅਤੇ ਕਈ ਆਪਣੀ ਸਰੀਰਕ ਦਿਖ ਆਕਰਸ਼ਿਤ ਬਣਾਉਣ ਲਈ ਜਿੰਮ ਜਾਂਦੇ ਹਨ। ਲੋਕ ਏਅਰ ਕੰਡੀਸ਼ਨਰ ਜਿੰਮ 'ਚ ਆਧੁਨਿਕ ਮਸ਼ੀਨਾਂ 'ਤੇ ਆਪਣਾ ਭਾਰ ਤੇ ਮੋਟਾਪਾ ਘਟਾਉਣ ਲਈ ਬਿਨਾਂ ਪਸੀਨਾ ਵਹਾਏ ਜੋ ਅਭਿਆਸ ਕਰਦੇ ਹਨ, ਉਹ ਵੀ ਸਿਰਫ਼ ਖ਼ੁਦ ਨੂੰ ਮਾਡਰਨ ਦਿਖਾਉਣ ਲਈ ਹੁੰਦਾ ਹੈ। ਜਿੰਮਾਂ 'ਚ ਵੀ ਜਿੰਮ ਟ੍ਰੇਨਰ ਸਟੀਰਾਈਡ ਯੁਕਤ ਪ੍ਰੋਟੀਨ ਖੁਆ ਕੇ ਉਨ੍ਹਾਂ ਦੇ ਸਰੀਰ ਨਾਲ ਖਿਲਵਾੜ ਕਰ ਰਹੇ ਹਨ, ਜਿਸ ਦਾ ਮਾਰੂ ਅਸਰ ਭਵਿੱਖ ਵਿਚ ਦਿਸਦਾ ਹੈ। ਜੇ ਅਸੀਂ ਤੰਦਰੁਸਤ ਹੋਣਾ ਲੋਚਦੇ ਹਾਂ ਤਾਂ ਖ਼ੁਦ ਨੂੰ ਆਧੁਨਿਕ ਕਹਾਉਣ ਦੀ ਇਸ ਰਫ਼ਤਾਰ ਨੂੰ ਠੱਲ੍ਹ ਪਾਉਣੀ ਪਵੇਗੀ ਤੇ ਸਿਹਤਪੱਖੀ ਆਦਤਾਂ ਨੂੰ ਅਪਣਾਉਣਾ ਪਵੇਗਾ। ਇਸ ਲਈ ਘਰੋਂ ਦੁਕਾਨ 'ਤੇ ਤੁਰ ਕੇ ਜਾਣ ਦੀ ਆਦਤ ਪਾਓ। ਕਿਸੇ ਬਿਲਡਿੰਗ ਦੀ ਉਪਰਲੀ ਮੰਜ਼ਿਲ 'ਤੇ ਸਥਿਤ ਦਫ਼ਤਰ ਦੀ ਲਿਫਟ ਨੂੰ ਨਕਾਰ ਕੇ ਪੌੜੀਆਂ ਰਾਹੀਂ ਜਾਣ ਦਾ ਮਨ ਬਣਾਓ। ਕੁਦਰਤੀ ਵਾਤਾਵਰਨ ਅਤੇ ਖੁੱਲ੍ਹੇ ਮਾਹੌਲ ਵਿਚ ਕੀਤੀ ਜਾਣ ਵਾਲੀ ਸਵੇਰ ਦੀ ਸੈਰ ਨੂੰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਓ। ਕੁਦਰਤੀ ਵਾਤਾਵਰਨ 'ਚ ਲੰਬੇ-ਲੰਬੇ ਸਾਹ ਲੈ ਕੇ ਫੇਫੜਿਆਂ ਦੀ ਸ਼ਕਤੀ 'ਚ ਵਾਧਾ ਕਰੋ। ਸ਼ੁੱਧ ਅਤੇ ਚੰਗਾ ਭੋਜਨ ਹੀ ਖਾਧਾ ਜਾਵੇ।

**ਭਰਪੂਰ ਨੀਂਦ ਹੈ ਜ਼ਰੂਰੀ**

ਬੈੱਡ 'ਤੇ ਬੈਠ ਕੇ ਟੈਲੀਵਿਜ਼ਨ ਦੇਖਦਿਆਂ ਭੋਜਨ ਨਾ ਖਾਧਾ ਜਾਵੇ। ਦਫ਼ਤਰ ਜਾਣ ਵੇਲੇ ਆਪਣਾ ਲੰਚ ਬਾਕਸ ਜ਼ਰੂਰ ਨਾਲ ਲੈ ਕੇ ਜਾਓ, ਤਾਂ ਜੋ ਬਾਜ਼ਾਰੀ ਚੀਜ਼ਾਂ ਖਾਣ ਦੀ ਆਦਤ ਤੋਂ ਛੁਟਕਾਰਾ ਹੋਵੇਗਾ। ਮੋਬਾਈਲ ਫੋਨ ਤੇ ਲੈਪਟਾਪ ਚਲਾਉਂਦਿਆਂ 24 ਘੰਟਿਆਂ 'ਚੋਂ ਘੱਟੋ-ਘੱਟ ਤਿੰਨ ਘੰਟੇ ਆਰਾਮ ਜ਼ਰੂਰ ਕਰੋ, ਇਸ ਨਾਲ ਸਰੀਰ ਨੂੰ ਸੁੱਖ ਤੇ ਮਨ ਨੂੰ ਸ਼ਾਂਤੀ ਮਿਲੇਗੀ। ਹਰ ਰੋਜ਼ 7 ਤੋਂ 8 ਘੰਟੇ ਨੀਂਦ ਲੈਣੀ ਵੀ ਬੇਹੱਦ ਜ਼ਰੂਰੀ ਹੈ। ਦੂਸਰਿਆਂ ਨਾਲ ਹਮੇਸ਼ਾ ਹੱਸ ਕੇ ਗੱਲ ਕਰਨਾ ਵੀ ਵਰਜਿਸ਼ ਹੈ, ਇਸ ਵਰਜਿਸ਼ ਨੂੰ ਹਮੇਸ਼ਾ ਕਰਦੇ ਰਹਿਣਾ ਚਾਹੀਦਾ ਹੈ। ਬੇਲੋੜੀ ਚਿੰਤਾ ਤੇ ਦੂਸਰਿਆਂ ਪ੍ਰਤੀ ਈਰਖਾ ਮਾਨਸਿਕ ਤੇ ਸਰੀਰਕ ਸਿਹਤ ਦੇ ਵਿਗਾੜ ਦਾ ਕਾਰਨ ਬਣਦੀ ਹੈ। ਆਓ ਆਧੁਨਿਕਤਾ ਦੇ ਇਸ ਦੌਰ ਵਿੱਚੋਂ ਆਪਣੀ ਗੁਆਚੀ ਸਿਹਤ ਤੇ ਤੰਦਰੁਸਤੀ ਨੂੰ ਹਾਸਿਲ ਕਰਨ ਲਈ ਚੰਗੀਆਂ ਤੇ ਸਿਹਤਪੱਖੀ ਆਦਤਾਂ ਅਪਣਾਈਏ।

**ਲੋੜ ਨਾਲੋਂ ਵੱਧ ਖਾ ਲੈਂਦੇ ਹਨ ਭੋਜਨ**

ਹੁਣ ਇਹ ਵੀ ਆਮ ਹੀ ਹੋ ਗਿਆ ਹੈ ਕਿ ਬਹੁਤੇ ਲੋਕ ਬੈੱਡ 'ਤੇ ਬੈਠ ਕੇ ਹੀ ਖਾਣਾ ਖਾਂਦੇ ਹਨ ਤੇ ਖਾਣਾ ਖਾਣ ਵੇਲੇ ਟੈਲੀਵਿਜ਼ਨ ਦੇਖਦੇ ਹਨ, ਜਿਸ ਕਾਰਨ ਅਕਸਰ ਲੋੜ ਨਾਲੋਂ ਵੱਧ ਭੋਜਨ ਖਾ ਲੈਂਦੇ ਹਨ। ਟੈਲੀਵਿਜ਼ਨ 'ਤੇ ਪ੍ਰੋਗਰਾਮ ਦੇਖਦਿਆਂ ਘੰਟਿਆਂਬੱਧੀ ਬੈਠੇ ਰਹਿੰਦੇ ਹਨ, ਜਿਸ ਕਾਰਨ ਖਾਧਾ ਭੋਜਨ ਜਲਦੀ ਹਜ਼ਮ ਨਹੀਂ ਹੁੰਦਾ, ਜੋ ਮੋਟਾਪਾ ਤੇ ਯੂਰਿਕ ਐਸਿਡ ਦੇ ਵਧਣ ਦਾ ਕਾਰਨ ਬਣਦਾ ਹੈ। ਇਸ ਤੋਂ ਇਲਾਵਾ ਲੋਕ ਆਧੁਨਿਕਤਾ ਦੀ ਹੋੜ 'ਚ ਬਾਜ਼ਾਰ ਦੇ ਭੋਜਨ ਪੀਜ਼ਾ, ਬਰਗਰ, ਨੂਡਲਜ਼ ਤੇ ਹੋਰ ਕਈ ਤੇਜ਼ ਮਸਾਲੇਦਾਰ ਚੀਜ਼ਾਂ ਜੀਭ ਦੇ ਸੁਆਦ ਲਈ ਹੀ ਖਾ ਰਹੇ ਹਨ, ਜਿਸ ਕਾਰਨ ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਮੋਟਾਪਾ ਅਤੇ ਹੋਰ ਕਈ ਅਲਾਮਤਾਂ ਸਰੀਰ 'ਚ ਪਨਪਦੀਆਂ ਹਨ।



# ਸੂਬੇ ਦੇ ਵਿਕਾਸ ਪ੍ਰਾਜੈਕਟਾਂ 'ਚ ਰੁਕਾਵਟ ਨਾ ਬਣੋ: ਮੁੱਖ ਮੰਤਰੀ ਵੱਲੋਂ ਭਾਜਪਾ ਆਗੂਆਂ ਨੂੰ ਚੇਤਾਵਨੀ

**➢ ਧੂਰੀ ਵਿਧਾਨ ਸਭਾ ਹਲਕੇ ਵਿੱਚ ਤਿੰਨ ਕਰੋੜ ਰੁਪਏ ਤੋਂ ਵੱਧ ਦੀਆਂ ਗਰਾਂਟਾਂ ਵੰਡੀਆਂ ➢ ਨਸ਼ਾ ਤਸਕਰੀ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਦਾ ਹਾਲ ਨਾਭਾ ਜੇਲ੍ਹ 'ਚ ਦੇਖੋ ➢ ਸੂਬਾ ਸਰਕਾਰ ਵੱਲੋਂ ਆਗਾਮੀ ਦਿਨਾਂ ਵਿੱਚ ਸ਼ੁਰੂ ਕੀਤੇ ਜਾਣਗੇ ਕਈ ਨਵੇਂ ਲੋਕ-ਪੱਖੀ ਉਪਰਾਲੇ**

**ਧੂਰੀ (ਸੰਗਰੂਰ), 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਵਿਕਾਸ ਪ੍ਰਾਜੈਕਟਾਂ 'ਚ ਬੇਲੋੜੀਆਂ ਰੁਕਾਵਟਾਂ ਲਈ ਭਾਜਪਾ ਆਗੂਆਂ ਦੀ ਨਿੰਦਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਨ੍ਹਾਂ ਆਗੂਆਂ ਨੂੰ ਸੂਬੇ ਦੇ ਵਿਕਾਸ ਨੂੰ ਖ਼ਤਰੇ ਵਿੱਚ ਪਾਉਣ ਲਈ ਅਜਿਹੇ ਕੋਝੇ ਹਥਕੰਡਿਆਂ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ।

ਧੂਰੀ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜਾਂ ਲਈ 3.07 ਕਰੋੜ ਰੁਪਏ ਦੇ ਫੰਡ ਵੰਡਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਰੇਲਵੇ ਮੰਤਰਾਲੇ ਨੇ ਸ਼ਹਿਰ ਲਈ ਰੇਲਵੇ ਓਵਰ ਬ੍ਰਿਜ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੀ ਅਦਾਇਗੀ ਸੂਬਾ ਸਰਕਾਰ ਨੇ ਕਰਨੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੇ ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਸ਼ਹਿਰ ਦਾ ਦੌਰਾ ਕੀਤਾ ਅਤੇ ਆਪਣੇ ਨਿੱਜੀ ਸਿਆਸੀ ਹਿੱਤਾਂ ਲਈ ਇਸ ਪ੍ਰਾਜੈਕਟ ਨੂੰ ਰੋਕਣ ਸਬੰਧੀ ਬਿਆਨ ਜਾਰੀ ਕੀਤਾ। ਇਸ ਉਪਰੰਤ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਡਰਾਮੇ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੇ ਜਾਣਗੇ ਅਤੇ ਪੰਜਾਬ ਦੇ ਸੂਝਵਾਨ ਲੋਕ ਅਜਿਹੇ ਸਿਆਸੀ ਆਗੂਆਂ ਨੂੰ ਸਬਕ ਸਿਖਾਉਣਗੇ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਇਸ ਆਰ.ਓ.ਬੀ. ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ ਕਿਉਂਕਿ ਉਹ ਇਸ ਮਾਮਲੇ ਨੂੰ ਨਿੱਜੀ ਤੌਰ 'ਤੇ ਕੇਂਦਰੀ ਰੇਲਵੇ ਮੰਤਰੀ ਕੋਲ ਉਠਾਉਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਧੂਰੀ ਵਿਖੇ ਅਤਿ-ਆਧੁਨਿਕ ਖੇਡ ਸਟੇਡੀਅਮ ਵੀ ਬਣਾਏਗੀ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੰਗਰੂਰ ਵਿਖੇ ਮੈਡੀਕਲ ਕਾਲਜ ਦੀ ਉਸਾਰੀ ਦਾ ਕੰਮ ਵੀ ਜਲਦ ਸ਼ੁਰੂ ਹੋ ਜਾਵੇਗਾ, ਜਿਸ ਨਾਲ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪ੍ਰੇਰਕ ਵਜੋਂ ਕੰਮ ਕਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਯੁਵਾ ਸ਼ਕਤੀਕਰਨ ਲਈ ਵੱਡੇ ਯਤਨ ਵਜੋਂ ਸੂਬਾ ਸਰਕਾਰ ਪੰਜਾਬ ਭਰ ਵਿੱਚ ਅੱਠ ਯੂ.ਪੀ.ਐਸ.ਸੀ. ਕੋਚਿੰਗ ਸੈਂਟਰ ਖੋਲ੍ਹਣ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਧੂਰੀ ਵਿੱਚ ਵੀ ਇੱਕ ਅਜਿਹਾ ਕੇਂਦਰ ਸਥਾਪਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਂਦਰਾਂ ਵਿੱਚ ਕੌਮੀ ਪੱਧਰ ਦੀਆਂ ਮੁਕਾਬਲੇ ਸਬੰਧੀ ਪ੍ਰੀਖਿਆਵਾਂ ਲਈ ਮਿਆਰੀ ਸਿਖਲਾਈ ਪ੍ਰਦਾਨ ਕਰਨ ਲਈ ਲਾਇਬ੍ਰੇਰੀਆਂ, ਹੋਸਟਲ ਅਤੇ ਹੋਰ ਜ਼ਰੂਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਇਹ ਯਕੀਨੀ ਬਣਾਉਣਗੀਆਂ ਕਿ ਪੰਜਾਬ ਦੇ ਨੌਜਵਾਨ ਕੌਮੀ ਪੱਧਰ 'ਤੇ ਸਫਲਤਾ ਲਈ ਪੂਰੀ ਤਰ੍ਹਾਂ ਤਿਆਰ ਹਨ।

'ਯੁੱਧ ਨਸ਼ਿਆਂ ਵਿਰੁੱਧ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਸਦਕਾ ਮਹੱਤਵਪੂਰਨ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਜੋ ਲੋਕ ਇਸ ਘਿਨਾਉਣੇ ਵਪਾਰ ਵਿੱਚ ਸ਼ਾਮਲ ਵੱਡੇ ਅਪਰਾਧੀਆਂ ਨੂੰ ਦੇਖਣਾ ਚਾਹੁੰਦੇ ਹਨ, ਉਹ ਨਾਭਾ ਜੇਲ੍ਹ ਜਾ ਕੇ ਨਜ਼ਰ ਮਾਰ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਮਨੁੱਖਤਾ ਵਿਰੁੱਧ ਇਸ ਅਪਰਾਧ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਬਣਦੀ ਮਿਸਾਲੀ ਕਾਰਵਾਈ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ ਵਿੱਚ ਟਿਫਿਨ ਸੌਂਪਣਾ ਚਾਹੁੰਦੇ ਹਨ ਤਾਂ ਜੋ ਉਹ ਸਰਿੰਜਾਂ ਅਤੇ ਹੋਰ ਨਸ਼ਿਆਂ ਦੇ ਖ਼ਤਰੇ ਤੋਂ ਦੂਰ ਰਹਿ ਸਕਣ। ਉਨ੍ਹਾਂ ਕਿਹਾ ਕਿ ਵਿਹਲਾ ਦਿਮਾਗ ਸ਼ੈਤਾਨ ਦਾ ਘਰ ਮੰਨਿਆ ਜਾਂਦਾ ਹੈ, ਇਸ ਲਈ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਤਾਂ ਜੋ ਉਹ ਸਮਾਜਿਕ ਬੁਰਾਈਆਂ ਦਾ ਸ਼ਿਕਾਰ ਨਾ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਰੁਜ਼ਗਾਰੀ ਕਈ ਸਮਾਜਿਕ ਸਮੱਸਿਆਵਾਂ ਦੀ ਜੜ੍ਹ ਹੈ, ਜਿਸ ਕਾਰਨ ਸੂਬਾ ਸਰਕਾਰ ਇਸ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਅਤੇ ਹੁਣ ਤੱਕ ਲਗਪਗ 55,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਡਰੱਗ ਮਾਫੀਆ ਨੂੰ ਪਿਛਲੀਆਂ ਸਰਕਾਰਾਂ ਨੇ ਸਰਪ੍ਰਸਤੀ ਦਿੱਤੀ ਹੋਈ ਸੀ ਪਰ ਉਨ੍ਹਾਂ ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਛੇੜੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਤਰੇ ਨੂੰ ਠੱਲ੍ਹ ਪਾਉਣ ਲਈ ਸੁਚੱਜੀ ਯੋਜਨਾਬੰਦੀ ਕੀਤੀ ਗਈ ਹੈ ਅਤੇ ਹੁਣ ਨਸ਼ਿਆਂ ਵਿਰੁੱਧ ਜੰਗ ਪੂਰੀ ਤਰ੍ਹਾਂ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਤੋਂ ਇਲਾਵਾ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਡੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਕੇ ਢਾਹੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਜਨਤਾ ਦੇ ਸਰਗਰਮ ਸਹਿਯੋਗ ਤੋਂ ਬਿਨਾਂ ਪੂਰਾ ਨਹੀਂ ਕੀਤਾ ਜਾ ਸਕਦਾ ਸੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਨਿਵੇਕਲੀਆਂ ਤੇ ਅਹਿਮ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੂਬੇ ਵਿੱਚ ਵਪਾਰ ਅਤੇ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਹੋਰ ਫੈਸਲੇ ਲਏ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਫੈਸਲਿਆਂ ਦਾ ਉਦੇਸ਼ ਪਹਿਲਾਂ ਤੋਂ ਮੌਜੂਦ ਉਦਯੋਗਿਕ ਇਕਾਈਆਂ ਦਾ ਵਿਸਥਾਰ ਯਕੀਨੀ ਬਣਾਉਣਾ ਅਤੇ ਨਾਲ ਹੀ ਸੂਬੇ ਵਿੱਚ ਨਵੇਂ ਉਦਯੋਗ ਲਾਉਣ ਲਈ ਸਹੂਲਤ ਦੇਣਾ ਹੈ।

ਬੇਅਦਬੀ ਨੂੰ ਰੋਕਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਿਧਾਨ ਸਭਾ ਵਿੱਚ ਪੰਜਾਬ ਪ੍ਰੀਵੈਂਸ਼ਨ ਆਫ ਕ੍ਰਾਈਮ ਅਗੇਂਸਟ ਰਿਲੀਜੀਅਸ ਸਕ੍ਰਿਪਚਰਜ਼ ਬਿਲ, 2025 ਪੇਸ਼ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸੰਵੇਦਨਸ਼ੀਲ ਅਤੇ ਗੰਭੀਰ ਮੁੱਦਾ ਸਾਰੇ ਪੰਜਾਬੀਆਂ ਲਈ ਪ੍ਰਮੁੱਖ ਹੈ ਅਤੇ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਦੋਵਾਂ ਲਈ ਦੂਰਗਾਮੀ ਪ੍ਰਭਾਵ ਰੱਖਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਵਿੱਖ ਵਿੱਚ ਅਜਿਹੇ ਅਪਰਾਧਾਂ ਨੂੰ ਠੱਲ੍ਹ ਪਾਉਣ ਲਈ ਸਖ਼ਤ ਸਜ਼ਾ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਸਮੇਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ, ਉਸ ਸਮੇਂ ਨਹਿਰੀ ਪਾਣੀ ਦਾ ਸਿਰਫ਼ 21 ਫੀਸਦੀ ਸਿੰਚਾਈ ਲਈ ਵਰਤਿਆ ਜਾ ਰਿਹਾ ਸੀ ਪਰ ਅੱਜ ਇਹ ਗਿਣਤੀ ਵੱਧ ਕੇ 63 ਫੀਸਦੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਪਹਿਲੀ ਵਾਰ ਸੂਬੇ ਦੇ ਆਖਰੀ ਪਿੰਡਾਂ ਤੱਕ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਪਹੁੰਚਿਆ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਜਲ ਸਰੋਤਾਂ ਨੂੰ ਸਫਲਤਾਪੂਰਵਕ ਸੁਰੱਖਿਅਤ ਰੱਖਿਆ ਹੈ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਨੇ ਹਾਈਵੇਅ ਸੁਰੱਖਿਆ ਨੂੰ ਵਧਾਉਣ ਲਈ ਦੇਸ਼ ਦੀ ਪਹਿਲੀ ਸਮਰਪਿਤ ਸੜਕ ਸੁਰੱਖਿਆ ਫੋਰਸ (ਰੋਡ ਸੇਫਟੀ ਫੋਰਸ) ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਫੋਰਸ ਤਹਿਤ ਵਿਸ਼ੇਸ਼ ਤੌਰ 'ਤੇ ਭਰਤੀ ਅਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ, ਜਿਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ, ਦੀ ਭਰਤੀ ਅਤੇ ਸਿਖਲਾਈ ਦਿੱਤੀ ਗਈ ਹੈ ਅਤੇ ਇਹ 144 ਆਧੁਨਿਕ ਵਾਹਨਾਂ ਨਾਲ ਲੈਸ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫੋਰਸ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਕਈ ਰਾਜਾਂ ਤੇ ਇੱਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।

ਲੋਕ ਭਲਾਈ ਦੀ ਦਿਸ਼ਾ ਵਿੱਚ ਵੱਡੀ ਪਹਿਲਕਦਮੀ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਹ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ, ਜੋ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਤੱਕ ਦਾ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਉਂਦੇ ਹੋਏ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਉਣ ਦਾ ਯਤਨ ਕਰਨ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਸਰਬਵਿਆਪੀ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਤਿਹਾਸਕ 'ਇੱਕ ਵਿਧਾਇਕ, ਇੱਕ ਪੈਨਸ਼ਨ' ਬਿੱਲ ਵੀ ਪਾਸ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਹਰੇਕ ਵਿਧਾਇਕ ਨੂੰ ਹਰ ਮਿਆਦ ਲਈ ਕਈ ਪੈਨਸ਼ਨਾਂ ਦੀ ਆਗਿਆ ਦੇਣ ਦੀ ਪਹਿਲਾਂ ਦੀ ਵਿਵਸਥਾ ਦੀ ਬਜਾਏ ਸਿਰਫ਼ ਇੱਕ ਹੀ ਪੈਨਸ਼ਨ ਮਿਲੇਗੀ। ਉਨ੍ਹਾਂ ਕਿਹਾ ਕਿ 2022 ਵਿੱਚ ਮੁਫ਼ਤ ਬਿਜਲੀ ਗਰੰਟੀ ਦੀ ਸ਼ੁਰੂਆਤ ਤੋਂ ਬਾਅਦ 90 ਫੀਸਦੀ ਪਰਿਵਾਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਬਿੱਲ ਜ਼ੀਰੋ ਆ ਰਹੇ ਹਨ, ਜਿਸ ਨਾਲ ਪਰਿਵਾਰਾਂ 'ਤੇ ਵਿੱਤੀ ਬੋਝ ਕਾਫ਼ੀ ਘੱਟ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਘਰੇਲੂ ਖਪਤਕਾਰਾਂ ਤੋਂ ਇਲਾਵਾ, ਕਿਸਾਨਾਂ ਨੂੰ ਮੁਫ਼ਤ ਅਤੇ ਨਿਰਵਿਘਨ ਬਿਜਲੀ ਮਿਲ ਰਹੀ ਹੈ, ਜਿਸ ਨਾਲ ਆਰਥਿਕਤਾ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਜਿਵੇਂ ਕਿ ਸਰਕਾਰ ਨੇ ਸੂਬੇ ਵਿੱਚ ਝੋਨੇ ਦੀ ਬਿਜਾਈ ਦੀਆਂ ਤਰੀਕਾਂ ਅਗੇਤੀਆਂ ਕੀਤੀਆਂ ਹਨ, ਇਸ ਲਈ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਝੋਨੇ ਦੀ ਖ਼ਰੀਦ 15 ਦਿਨ ਪਹਿਲਾਂ ਕਰਨ ਦੀ ਅਪੀਲ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਖੁਰਾਕ ਮੰਤਰੀ ਨੂੰ ਫ਼ੋਨ ਕਰਕੇ ਅਪੀਲ ਕੀਤੀ ਹੈ ਕਿ ਹੁਣ ਝੋਨੇ ਦੀ ਖ਼ਰੀਦ 15 ਸਤੰਬਰ ਤੋਂ ਸ਼ੁਰੂ ਕੀਤੀ ਜਾਵੇ ਤਾਂ ਜੋ ਸੂਬੇ ਦੇ ਕਿਸਾਨ ਆਪਣੀ ਫ਼ਸਲ ਸੁਚਾਰੂ ਅਤੇ ਆਸਾਨੀ ਨਾਲ ਵੇਚ ਸਕਣ। ਉਨ੍ਹਾਂ ਕਿਹਾ ਕਿ ਇਸ ਨਾਲ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਲਿਆ ਸਕਣਗੇ ਅਤੇ ਸੁਚਾਰੂ ਖ਼ਰੀਦ ਯਕੀਨੀ ਬਣਾਈ ਜਾ ਸਕੇਗੀ।




## ਸਿਹਤ ਵਿਭਾਗ ਵੱਲੋਂ ਬਰਸਾਤੀ ਮੌਸਮ 'ਚ ਡੇਂਗੂ ਵਿਰੋਧੀ ਸਰਗਰਮੀਆਂ ਤੇਜ : ਸਿਵਲ ਸਰਜਨ



**ਬਰਨਾਲਾ, 23 ਜੁਲਾਈ**
**-ਰਾਕੇਸ਼ ਗੋਇਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੁਲਾਈ ਮਹੀਨਾ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਮਹੀਨਾ ਵਜੋਂ ਮਨਾਇਆ ਜਾ ਰਿਹਾ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਨੇ ਕੀਤਾ ।

ਉਨ੍ਹਾਂ ਦੱਸਿਆ ਕਿ ਡੇਂਗੂ ਤੋਂ ਬਚਾਅ ਲਈ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜ਼ਿਲ੍ਹੇ ਦੇ ਪੁਲਿਸ ਥਾਣਿਆਂ, ਪੁਲਿਸ ਲਾਈਨ ਅਤੇ ਖਾਲੀ ਪਲਾਟਾਂ 'ਚ ਡੇਂਗੂ ਦੀ ਰੋਕਥਾਮ ਅਤੇ ਬਚਾਅ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਘਰ—ਘਰ ਜਾ ਕੇ ਲੋਕਾਂ ਨੂੰ ਡੇਂਗੂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ ।

ਡਾ. ਮੁਨੀਸ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ਨੇ ਦੱਸਿਆ ਕਿ ਡੇਂਗੂ ਏਡੀਜ਼ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ, ਇਹ ਮੱਛਰ ਆਮ ਤੌਰ 'ਤੇ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਕਿਹਾ ਕਿ ਬਰਸਾਤ ਦਾ ਮੌਸਮ ਚੱਲ ਰਿਹਾ ਹੈ। ਇਸ ਲਈ ਆਪਣੇ ਘਰ੍ਹਾਂ, ਦੁਕਾਨਾਂ ?, ਵਰਕਸ਼ਾਪਾਂ 'ਚ ਟਾਇਰ, ਘੜੇ, ਪਾਣੀ ਵਾਲੀਆਂ ਖੇਲਾਂ, ਕੂਲਰ, ਗਮਲੇ ਅਤੇ ਫਰਿੱਜ ਦੇ ਪਿੱਛੇ ਟਰੇਅ ਆਦੀ ਥਾਵਾਂ 'ਤੇ ਜਿਆਦਾ ਸਮਾਂ ਪਾਣੀ ਨਹੀਂ ਖੜਨਾ ਚਾਹੀਦਾ ਤਾਂ ਜੋ ਮੱਛਰ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ। ਜੇਕਰ ਕਿਸੇ ਵਿਆਕਤੀ ਨੂੰ ਤੇਜ ਬੁਖਾਰ, ਮਾਸ ਪੇਸ਼ੀਆਂ 'ਚ ਦਰਦ, ਅੱਖਾਂ ਦੇ ਪਿਛਲੇ ਹਿੱਸੇ 'ਚ ਦਰਦ, ਸਰੀਰ 'ਤੇ ਲਾਲ ਰੰਗ ਦੇ ਧੱਫੜ, ਨੱਕ ਜਾਂ ਮਸੂੜਿਆਂ ਚੋਂ ਖ਼ੂਨ ਆਉਣਾ ਆਦਿ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਸਮੇਂ ਘਰੇਲੂ ਇਲਾਜ ਜਾਂ ਇਲਾਜ 'ਚ ਦੇਰੀ ਕਾਰਨ ਕਈ ਵਾਰ ਖਤਰੇ ਦਾ ਕਾਰਨ ਬਣ ਜਾਂਦਾ ਹੈ।

ਗੁਰਮੇਲ ਸਿੰਘ ਢਿੱਲੋਂ ਅਤੇ ਸੁਰਿੰਦਰ ਸਿੰਘ ਹੈਲਥ ਇੰਸਪੈਕਟਰ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਜਨਵਰੀ ਤੋਂ ਹੁਣ ਤੱਕ 107834 ਘਰਾਂ 'ਚ ਅਤੇ ਘਰਾਂ ਤੋਂ ਬਾਹਰ 172260 ਪਾਣੀ ਖੜ੍ਹਾ ਹੋਣ ਵਾਲੀਆਂ ਥਾਵਾਂ ਦੀ ਚੈਕਿੰਗ ਕੀਤੀ ਗਈ ਅਤੇ 236 ਥਾਵਾਂ 'ਤੇ ਡੈਂਗੂ ਦੇ ਮੱਛਰ ਦਾ ਲਾਰਵਾ ਮਿਲਿਆ ਜੋ ਕਿ ਮੌਕੇ 'ਤੇ ਸਪਰੇਅ ਕਰਕੇ ਨਸ਼ਟ ਕਰਵਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਬਰਨਾਲਾ ਸ਼ਹਿਰ 'ਚ ਸਿਹਤ ਕਰਮਚਾਰੀ ਗਣੇਸ ਦੱਤ, ਚਮਕੌਰ ਸਿੰਘ, ਗੁਰਮੀਤ ਸਿੰਘ, ਜਸਵਿੰਦਰ ਸਿੰਘ ਅਤੇ ਗੁਲਾਬ ਸਿੰਘ ਇਨਸੈਕਟ ਕੁਲੈਕਟਰ ਵੱਲੋਂ ਟੀਮਾਂ ਬਣਾ ਕੇ ਡੇਂਗੂ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸ਼ਰ ਕੁਲਦੀਪ ਸਿੰਘ ਮਾਨ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੇ ਦੱਸਿਆ ਕਿ ਹਰ ਸ਼ੁੱਕਰਵਾਰ ਨੂੰ ਖੁਸ਼ਕ ਦਿਨ (ਡਰਾਈ ਡੇ ਫਰਾਈ ਡੇ) ਪਾਣੀ ਖੜ੍ਹਨ ਵਾਲੀਆਂ ਥਾਵਾਂ ਨੂੰ ਸੁਕਾ ਕੇ ਡੇਂਗੂ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਗਰੁੱਪ ਮੀਟਿੰਗਾਂ, ਪ੍ਰੈਸ ਕਵਰੇਜ਼ ਅਤੇ ਪੈਂਫਲੈਟ, ਪੋਸਟਰ ਵੰਡ ਕੇ ਡੇਂਗੂ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਡੇਂਗੂ ਦਾ ਇਲਾਜ ਅਤੇ ਟੈਸਟ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ ।

# ਪੰਜਾਬ ਅਤੇ ਹਰਿਆਣਾ ਵਿੱਚ ਪੁਲਿਸ ਅਦਾਰਿਆਂ 'ਤੇ ਹਮਲਿਆਂ ਪਿੱਛੇ ਬੀ.ਕੇ.ਆਈ. ਮਾਡਿਊਲ ਦਾ ਹੱਥ; ਤਿੰਨ ਵਿਅਕਤੀ ਗ੍ਰਿਫ਼ਤਾਰ

**➢ ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਵਿਅਕਤੀਆਂ ਤੋਂ ਦੋ ਹੈਂਡ ਗ੍ਰਨੇਡ, ਦੋ ਪਿਸਤੌਲ ਕੀਤੇ ਬਰਾਮਦ ➢ ਮੁੱਢਲੀ ਜਾਂਚ ਅਨੁਸਾਰ, ਮਾਡਿਊਲ ਪੰਜਾਬ ਵਿੱਚ ਹੋਰ ਪੁਲਿਸ ਅਦਾਰਿਆਂ 'ਤੇ ਹੋਰ ਹਮਲਿਆਂ ਦੀ ਬਣਾ ਰਿਹਾ ਸੀ ਯੋਜਨਾ: ਡੀਜੀਪੀ ਗੌਰਵ ਯਾਦਵ ➢ ਕੈਦੀ ਗੁਰਪ੍ਰੀਤ ਸਿੰਘ ਉਰਫ਼ ਬੱਬੂ ਨੇ ਰਚੀ ਸੀ ਦੋਵੇਂ ਹਮਲਿਆਂ ਦੀ ਸਾਜ਼ਿਸ਼; ਇਸ ਵੇਲੇ ਪੁਲਿਸ ਹਿਰਾਸਤ ਵਿੱਚ ਹੈ ਗੁਰਪ੍ਰੀਤ: ਏ.ਆਈ.ਜੀ. ਡਾ. ਸਿਮਰਤ ਕੌਰ**

**ਚੰਡੀਗੜ੍ਹ/ਪਟਿਆਲਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਤਹਿਤ ਪੰਜਾਬ ਪੁਲਿਸ ਨੇ ਵਿਦੇਸ਼ੀ ਹੈਂਡਲਰ ਮਨਿੰਦਰ ਬਿੱਲਾ ਅਤੇ ਮਨੂ ਅਗਵਾਨ ਵੱਲੋਂ ਚਲਾਏ ਜਾ ਰਹੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਇਸਦੇ ਤਿੰਨ ਮੈਂਬਰਾਂ , ਜੋ ਪਟਿਆਲਾ ਦੇ ਬਾਦਸ਼ਾਹਪੁਰ ਅਤੇ ਹਰਿਆਣਾ ਦੇ ਅਜੀਮਗੜ੍ਹ ਵਿਖੇ ਪੁਲਿਸ ਚੌਕੀਆਂ 'ਤੇ ਗ੍ਰਨੇਡ ਹਮਲਿਆਂ ਵਿੱਚ ਸ਼ਾਮਲ ਸਨ, ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦਿੱਤੀ। ਇਹ ਆਪ੍ਰੇਸ਼ਨ ਕਾਊਂਟਰ ਇੰਟੈਲੀਜੈਂਸ (ਸੀਆਈ) ਪਟਿਆਲਾ ਅਤੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਐਸ.ਏ.ਐਸ. ਨਗਰ ਦੁਆਰਾ ਸਾਂਝੇ ਤੌਰ 'ਤੇ ਚਲਾਇਆ ਗਿਆ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੰਦੀਪ ਸਿੰਘ ਉਰਫ਼ ਦੀਪੂ ਵਾਸੀ ਬਾਦਸ਼ਾਹਪੁਰ (ਪਟਿਆਲਾ), ਹਰਪ੍ਰੀਤ ਸਿੰਘ ਉਰਫ਼ ਜੱਗਾ ਵਾਸੀ ਹਰਚੰਦਪੁਰਾ(ਪਟਿਆਲਾ) ਅਤੇ ਹਰਮਨਪ੍ਰੀਤ ਸਿੰਘ ਉਰਫ਼ ਪ੍ਰੀਤ ਵਾਸੀ ਗੁਰਦਿਆਲਪੁਰਾ (ਪਟਿਆਲਾ) ਵਜੋਂ ਹੋਈ ਹੈ।

ਦੱਸਣਯੋਗ ਹੈ ਕਿ, 1 ਅਪ੍ਰੈਲ, 2025 ਨੂੰ ਪਟਿਆਲਾ ਦੇ ਪੁਲਿਸ ਚੌਕੀ ਬਾਦਸ਼ਾਹਪੁਰ ਅਤੇ 6 ਅਪ੍ਰੈਲ, 2025 ਨੂੰ ਹਰਿਆਣਾ ਦੇ ਪੁਲਿਸ ਚੌਕੀ ਅਜੀਮਗੜ੍ਹ 'ਤੇ ਗ੍ਰਨੇਡ ਹਮਲੇ ਹੋਏ ਸਨ। ਇਨ੍ਹਾਂ ਘਟਨਾਵਾਂ ਤੋਂ ਬਾਅਦ, ਬੀ.ਕੇ.ਆਈ. ਦੇ ਕਾਰਕੁਨਾਂ - ਹੈਪੀ ਪਾਸੀਆਂ, ਮਨੂ ਅਗਵਾਨ ਅਤੇ ਗੋਪੀ ਨਵਾਸ਼ਹਿਰੀਆ ਨੇ ਸੋਸ਼ਲ ਮੀਡੀਆ ਪਲੇਟਫਾਰਮ ਰਾਹੀਂ ਇਨ੍ਹਾਂ ਅੱਤਵਾਦੀ ਕਾਰਵਾਈਆਂ ਦੀ ਜ਼ਿੰਮੇਵਾਰੀ ਲਈ ਸੀ।



ਡੀਜੀਪੀ ਨੇ ਕਿਹਾ, "ਇਸ ਮਾਡਿਊਲ ਨੂੰ ਸਫਲਤਾਪੂਰਵਕ ਨਸ਼ਟ ਕਰਕੇ, ਪੰਜਾਬ ਪੁਲਿਸ ਨੇ ਰਾਜ ਵਿੱਚ ਪੁਲਿਸ ਅਦਾਰਿਆਂ 'ਤੇ ਹੋਏ ਗ੍ਰਨੇਡ ਹਮਲਿਆਂ ਦੀਆਂ ਦੋਵੇਂ ਘਟਨਾਵਾਂ ਦੀ ਗੁੱਥੀ ਨੂੰ ਸੁਲਝਾ ਲਿਆ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਦੋਵੇਂ ਹੈਂਡਲਰ ਅੱਤਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮਾਡਿਊਲ ਨੂੰ ਲੌਜਿਸਟਿਕਲ ਅਤੇ ਵਿੱਤੀ ਸਹਾਇਤਾ ਪ੍ਰਾਪਤ ਹੋ ਰਹੀ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਮਾਡਿਊਲ ਪੰਜਾਬ ਵਿੱਚ ਪੁਲਿਸ ਅਦਾਰਿਆਂ 'ਤੇ ਹੋਰ ਹਮਲਿਆਂ ਦੀ ਸਰਗਰਮੀ ਨਾਲ ਯੋਜਨਾ ਬਣਾ ਰਿਹਾ ਸੀ, ਜਦੋਂ ਕਿ ਇਸ ਮਾਮਲੇ ਵਿੱਚ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਏ.ਆਈ.ਜੀ. ਸੀ.ਆਈ. ਪਟਿਆਲਾ ਡਾ. ਸਿਮਰਤ ਕੌਰ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਗ੍ਰਿਫਤਾਰ ਕੀਤੇ ਵਿਅਕਤੀਆਂ ਨੇ ਕਬੂਲਿਆ ਹੈ ਕਿ ਦੋਵਾਂ ਪੁਲਿਸ ਅਦਾਰਿਆਂ 'ਤੇ ਹਮਲਿਆਂ ਦੀ ਯੋਜਨਾ ਉਨ੍ਹਾਂ ਦੇ ਸਾਥੀ ਗੁਰਪ੍ਰੀਤ ਸਿੰਘ ਉਰਫ਼ ਬੱਬੂ ਨੇ ਬਣਾਈ ਸੀ, ਜੋ ਇਸ ਸਮੇਂ ਪਟਿਆਲਾ ਜੇਲ੍ਹ ਵਿੱਚ ਬੰਦ ਹੈ ਅਤੇ ਪੁਲਿਸ ਦੀ ਹਿਰਾਸਤ ਵਿੱਚ ਹੈ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਮਾਸਟਰਮਾਈਂਡ ਗੁਰਪ੍ਰੀਤ ਸਿੰਘ ਉਰਫ਼ ਬੱਬੂ ਨੇ ਬਾਦਸ਼ਾਹਪੁਰ ਹਮਲੇ ਵਿੱਚ ਸ਼ਾਮਲ ਹੋਣ ਬਦਲੇ ਸੰਦੀਪ ਸਿੰਘ ਉਰਫ਼ ਦੀਪੂ ਨੂੰ 3-4 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਜਦੋਂ ਕਿ ਹਰਮਨਪ੍ਰੀਤ ਸਿੰਘ ਉਰਫ਼ ਪ੍ਰੀਤ ਨੂੰ ਅਜੀਮਗੜ੍ਹ ਹਮਲੇ ਵਿੱਚ ਸਾਥ ਦੇਣ ਲਈ 10,000 ਰੁਪਏ ਦਿੱਤੇ ਗਏ ਸਨ।

ਏਆਈਜੀ ਨੇ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਥਾਣਾ ਐਸਐਸਓਸੀ ਐਸਏਐਸ ਨਗਰ ਵਿਖੇ ਅਸਲਾ ਐਕਟ ਦੀਆਂ ਧਾਰਾਵਾਂ 25 (1) (ਬੀ) ਅਤੇ 61 (2) ਤਹਿਤ ਐਫਆਈਆਰ ਨੰਬਰ 11 ਮਿਤੀ 19/7/2025 ਨੂੰ ਕੇਸ ਦਰਜ ਕੀਤਾ ਗਿਆ ਹੈ, ਜਦੋਂ ਕਿ ਵਿਸਫੋਟਕ ਪਦਾਰਥ ਐਕਟ ਦੀਆਂ ਧਾਰਾਵਾਂ 4, 5 ਅਤੇ 6 ਬਾਅਦ ਵਿੱਚ ਨਾਲ ਜੋੜੀਆਂ ਗਈਆਂ ਹਨ।

## ਖੱਤਰੀ ਸਭਾ ਖਰੜ ਵਲੋਂ ਰਾਮਬਾਗ ਕਮੇਟੀ ਨੂੰ ਮੋਰਚਰੀ ਲਈ ਫਰਿੱਜ ਭੇਂਟ ਕੀਤਾ




**ਖਰੜ, 23 ਜੁਲਾਈ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੱਤਰੀ ਸਭਾ ਖਰੜ ਵਲੋਂ ਰਾਮ ਬਾਗ ਕਮੇਟੀ ਨੂੰ ਮੋਰਚਰੀ ਫਰਿਜ ਭੇਂਟ ਕਰਨ ਲਈ ਸਮਾਗਮ ਕਰਵਾਇਆ ਗਿਆ ਜਿਸ ਵਿਚ ਐਸ.ਡੀ.ਐਮ.ਖਰੜ ਦਿਵਿਆ ਪੀ. ਅਤੇ ਲਖਵਿੰਦਰ ਕੌਰ ਗਰਚਾ ਨੇ ਵਿਸੇਸ ਤੌਰ ਤੇ ਸ਼ਮੂਲੀਅਤ ਕੀਤੀ। ਐਸਡੀਐਮ ਮੈਡਮ ਦੀਵਿਆ ਪੀ. ਵਲੋਂ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਇਹ ਬਹੁਤ ਹੀ ਪ੍ਰਸੰਸਾ ਵਾਲਾ ਕੰਮ ਹੈ। ਇਸ ਤਰ੍ਹਾਂ ਦੇ ਸਮਾਜ ਸੇਵੀ ਕੰਮ ਸਾਨੂੰ ਅੱਗੇ ਵੀ ਕਰਦੇ ਰਹਿਣਾ ਚਾਹੀਦਾ ਹੈ ਅਤੇ ਉਹ ਵੀ ਇਸ ਤਰ੍ਹਾਂ ਦੇ ਕੰਮ ਲਈ ਸਹਿਯੋਗ ਦੇਣਗੇ। ਖੱਤਰੀ ਸਭਾ ਦੇ ਅਹੁਦੇਦਾਰਾਂ ਵੱਲੋਂ ਦੱਸਿਆ ਗਿਆ ਕਿ ਖਰੜ ਸ਼ਹਿਰ ਦੀ ਆਬਾਦੀ ਦਿਨ ਪ੍ਰਤੀ ਦਿਨ ਬਹੁਤ ਵੱਧਦੀ ਜਾ ਰਹੀ ਹੈ, ਇਸ ਗੱਲ ਨੂੰ ਮੱਦੇਨਜ਼ਰ ਰੱਖਦੇ ਹੋਏ ਖੱਤਰੀ ਸਭਾ ਖਰੜ ਨੇ ਰਾਮਬਾਗ ਕਮੇਟੀ ਨੂੰ ਮੋਰਚਰੀ ਫ੍ਰਿਜ ਦੇਣ ਦਾ ਫੈਸਲਾ ਕੀਤਾ ਸੀ ਜਿਸ ਵਿੱਚ ਖੱਤਰੀ ਸਭਾ ਖਰੜ ਅਤੇ ਸ਼ਹਿਰ ਦੇ ਦਾਨੀ ਸੱਜਣਾਂ ਨੇ ਆਪਣਾ ਸਹਿਯੋਗ ਪਾਇਆ ਅਤੇ ਮੁੱਖ ਮਹਿਮਾਨ ਅਤੇ ਮਹਿਮਾਨਾਂ ਦੀ ਹਾਜ਼ਰੀ ਵਿਚ ਖੱਤਰੀ ਸਭਾ ਵਲੋਂ ਰਾਮਬਾਗ ਕਮੇਟੀ ਨੂੰ ਮੋਰਚਰੀ ਫਰਿੱਜ ਭੇਂਟ ਕੀਤਾ ਗਿਆ ਅਤੇ ਸਭਾ ਵਲੋਂ ਇਸ ਤਰ੍ਹਾਂ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਰਹਿਣਗੇ।

ਇਸ ਮੌਕੇ ਖੱਤਰੀ ਸਭਾ ਵੱਲੋਂ ਪ੍ਰਧਾਨ ਵਿਨੋਦ ਕਪੂਰ, ਜਨਰਲ ਸੈਕਟਰੀ ਵਿਕਾਸ ਚੱਡਾ, ਵਾਈਸ ਪ੍ਰੈਸੀਡੈਂਟ ਰਣਵਿੰਦ ਖੰਨਾ, ਖੱਤਰੀ ਸਭਾ ਦੀ ਗਵਰਨਿੰਗ ਬੋਡੀ ਦੇ ਮੈਂਬਰ, ਰਜਿੰਦਰ ਜੈਨ (ਦੀਵਾਨ ਜੀ), ਰਾਮਬਾਗ ਕਮੇਟੀ ਮੈਂਬਰ,ਮੌਜੂਦਾ ਨਗਰ ਕੌਂਸਲਰ ਅਤੇ ਸਾਬਕਾ ਨਗਰ ਕੌਂਸਲਰ, ਵੱਖ-ਵੱਖ ਪਾਰਟੀਆਂ ਦੇ ਨੁਮਾਇੰਦੇ, ਸਮਾਜ ਸੇਵੀ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ। ਇਸ ਮੌਕੇ ਖੱਤਰੀ ਸਭਾ ਵੱਲੋਂ ਐਸਡੀਐਮ ਮੈਡਮ ਦੀਵਿਆ ਜੀ,ਆਏ ਹੋਏ ਸਾਰੇ ਹੀ ਲੋਕਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ ਗਿਆ।

# ਹਰ ਧਰਮ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦੈ : ਕੁਲਤਾਰ ਸਿੰਘ ਸੰਧਵਾਂ

**ਇਸਾਈ ਭਾਈਚਾਰੇ ਵੱਲੋਂ ਸਿੱਖਿਆ ਤੇ ਸਿਹਤ ਦੇ ਖੇਤਰ 'ਚ ਨਿਭਾਈ ਜਾ ਰਹੀ ਭੂਮਿਕਾ ਦੀ ਕੀਤੀ ਸ਼ਲਾਘਾ**




**ਜਲੰਧਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕਿਹਾ ਕਿ ਦੁਨੀਆਂ ਦਾ ਹਰ ਧਰਮ ਮਨੁੱਖਤਾ ਦੀ ਸੇਵਾ ਦਾ ਸੰਦੇਸ਼ ਦਿੰਦਾ ਹੈ ਅਤੇ ਮਨੁੱਖਤਾ ਦੀ ਸੇਵਾ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੈ।

ਇਥੇ ਹੋਲੀ ਟ੍ਰਿਨਿਟੀ ਚਰਚ ਵਿਖੇ ਡਾਇਸਸ ਆਫ ਜਲੰਧਰ ਦੇ ਨਵੇਂ ਬਿਸ਼ਪ ਡਾ. ਜੋਸ ਸਬੈਸਟੀਅਨ ਦੇ ਸਵਾਗਤ ਵਿੱਚ ਹੋਏ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਸੰਧਵਾਂ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਪੀਰਾਂ, ਪੈਗੰਬਰਾਂ ਅਤੇ ਸੰਤਾਂ ਦੀ ਧਰਤੀ ਹੈ ਅਤੇ ਇਹ ਧਰਤੀ ਹਰ ਢੰਗ ਨਾਲ ਈਸ਼ਵਰ ਨੂੰ ਮੰਨਣ ਵਾਲਿਆਂ ਦਾ ਦਿਲੋਂ ਸਤਿਕਾਰ ਕਰਦੀ ਹੈ।

ਇਸ ਮੌਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਡਾਇਰੈਕਟਰ ਪੀ.ਆਰ.ਟੀ.ਸੀ. ਰਜਿੰਦਰ ਸਿੰਘ ਰਿਹਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੀ ਮੌਜੂਦ ਸਨ।

ਇਸਾਈ ਭਾਈਚਾਰੇ ਵੱਲੋਂ ਮਨੁੱਖਤਾ ਦੀ ਸੇਵਾ ਵਿੱਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਸ.ਸੰਧਵਾਂ ਨੇ ਕਿਹਾ ਕਿ ਇਸਾਈ ਭਾਈਚਾਰੇ ਨੇ ਨਾ ਸਿਰਫ਼ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਇਆ ਹੈ, ਸਗੋਂ ਇਸ ਭਾਈਚਾਰੇ ਵੱਲੋਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਨਿਭਾਈ ਜਾ ਰਹੀ ਭੂਮਿਕਾ ਵੀ ਕਾਬਿਲ-ਏ-ਤਾਰੀਫ਼ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਵੀ ਸੂਬੇ ਦੇ ਲੋਕਾਂ ਦੀ ਭਲਾਈ ਨੂੰ ਮੁੱਖ ਰੱਖਦੇ ਹੋਏ ਸ਼ੁਰੂ ਤੋਂ ਸਿਹਤ ਤੇ ਸਿੱਖਿਆ ਨੂੰ ਤਰਜੀਹ ਦਿੱਤੀ ਹੈ ਅਤੇ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਲਗਾਤਾਰ ਸੁਧਾਰਾਂ ਰਾਹੀਂ ਕ੍ਰਾਂਤੀਕਾਰੀ ਤਬਦੀਲੀਆਂ ਲਿਆਂਦੀਆਂ ਹਨ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਬਿਸ਼ਪ ਡਾ. ਜੋਸ ਸਬੈਸਟੀਅਨ ਨੂੰ ਮੁਬਾਰਕਬਾਦ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਇਸਾਈ ਭਾਈਚਾਰਾ ਇਸੇ ਤਰ੍ਹਾਂ ਸਮਾਜ ਸੇਵਾ ਅਤੇ ਮਨੁੱਖਤਾ ਦੀ ਭਲਾਈ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਸੇਵਾ ਨਿਭਾਉਂਦਾ ਰਹੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਆਪ ਆਗੂ ਰੋਬਿਨ ਸਾਂਪਲਾ, ਐਸ.ਡੀ.ਐਮ. ਆਦਮਪੁਰ ਵਿਵੇਕ ਕੁਮਾਰ ਮੋਦੀ ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਆਦਿ ਵੀ ਮੌਜੂਦ ਸਨ।

# ਜ਼ਿਲ੍ਹੇ ਵਿੱਚ ਟੀਬੀ ਦੇ ਖਾਤਮੇ ਦੀ ਚੱਲ ਰਿਹਾ ਹੈ ਜ਼ੋਰਦਾਰ ਅਭਿਆਨ: ਡਾਕਟਰ ਵਿਜੇ ਗੋਤਵਾਲ



**ਅੰਮ੍ਰਿਤਸਰ 23 ਜੁਲਾਈ**
**-ਰੁਪੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲੇ ਨੂੰ ਟੀਬੀ ਮੁਕਤ ਕਰਨ ਲਈ ਸਿਵਿਲ ਸਰਜਨ ਡਾਕਟਰ ਕਿਰਨਦੀਪ ਕੌਰ ਦੀ ਯੋਗ ਅਗਵਾਈ ਹੇਠ ਅੰਮ੍ਰਿਤਸਰ ਜਿਲ੍ਹੇ ਵਿੱਚੋਂ ਟੀਬੀ ਦੀ ਰੋਕਥਾਮ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਆਮ ਨਾਗਰਿਕਾਂ ਨੂੰ ਟੀਬੀ ਦੇ ਲੱਛਣਾਂ ਅਤੇ ਇਲਾਜ ਬਾਰੇ ਸਹੀ ਢੰਗ ਨਾਲ ਪਤਾ ਲੱਗ ਸਕੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਜ਼ਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਸਿਦਕ ਸਰਜਨ ਦਫਤਰ ਵਿਖੇ ਟੀਬੀ ਦੀ ਰੋਕਥਾਮ ਲਈ ਐਨਟੀਈਪੀ ਸਟਾਫ ਲਈ ਟਾਟਾ ਇੰਸਟੀਟਿਊਟ ਆਫ ਸੋਸ਼ਲ ਸਾਇੰਸ ਵੱਲੋਂ ਰੱਖੀ ਗਈ ਸਕਸ਼ਮ ਪ੍ਰਵਾਹ ਟਰੇਨਿੰਗ ਦੌਰਾਨ ਕੀਤਾ।

ਜ਼ਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਕਿਹਾ ਕਿ ਜੇਕਰ ਟੀਬੀ ਦੀ ਜਾਂਚ ਸਮੇਂ ਸਿਰ ਹੋ ਜਾਵੇ ਤਾਂ ਪੀੜਿਤ ਵਿਅਕਤੀ ਦਾ ਇਲਾਜ ਸਹੀ ਢੰਗ ਨਾਲ ਸੰਭਵ ਹੈ ਅਤੇ ਕਿਸੇ ਵਿਅਕਤੀ ਨੂੰ ਟੀਬੀ ਦੇ ਲੱਛਣ ਮਹਿਸੂਸ ਹੁੰਦੇ ਹਨ ਤਾਂ ਉਪਰੰਤ ਆਪਣੀ ਸਿਹਤ ਜਾਂਚ ਨਜ਼ਦੀਕੀ ਸਿਹਤ ਕੇਂਦਰ ਤੋਂ ਕਰਵਾਏ। ਜਿਲ੍ਹਾ ਟੀਬੀ ਅਧਿਕਾਰੀ ਡਾਕਟਰ ਵਿਜੇ ਗੋਤਵਾਲ ਨੇ ਨੇ ਦੱਸਿਆ ਕਿ ਟੀਬੀ ਰੋਕੂ ਪ੍ਰੋਗਰਾਮ ਦਾ ਮੁੱਖ ਮੰਤਵ ਜ਼ਿਲ੍ਹੇ ਵਿੱਚੋਂ ਟੀਬੀ ਦੀ ਬਿਮਾਰੀ ਦਾ ਖਾਤਮਾ ਕਰਨਾ ਹੈ ਅਤੇ ਟੀਬੀ ਪੀੜਿਤ ਵਿਅਕਤੀਆਂ ਦੀ ਸ਼ਨਾਖਤ ਕਰਕੇ ਉਹਨਾਂ ਦਾ ਮੁਫਤ ਇਲਾਜ ਕਰਵਾਉਣਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਟੀਵੀ ਦੇ ਮਰੀਜ਼ਾਂ ਦੀ ਸਿਹਤ ਦਾ ਧਿਆਨ ਰੱਖਦਿਆਂ ਮੁਫਤ ਪੋਸ਼ਟਿਕ ਖੁਰਾਕ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਜੋ ਪੀੜਤ ਵਿਅਕਤੀ ਜਲਦ ਤੋਂ ਜਲਦ ਇਸ ਬਿਮਾਰੀ ਤੋਂ ਛੁਟਕਾਰਾ ਪਾ ਸਕੇ। ਇਸ ਮੌਕੇ ਅੰਮ੍ਰਿਤਸਰ ਜ਼ਿਲ੍ਹਾ ਦੇ ਸਮੂਹ ਐਸਟੀਐਸ, ਐਨਟੀਈਪੀ ਸਟਾਫ, ਡਾਕਟਰ ਮੋਨਿਕਾ, ਡਾਕਟਰ ਰੇਖਾ ਗੁਪਤਾ, ਡਾਕਟਰ ਇਮਤਿਆਜ ਅਤੇ ਵਰਲਡ ਹੈਲਥ ਪਾਰਟਨਰ ਦੇ ਜ਼ਿਲ੍ਹਾ ਏਸੀਐਫ ਕੋਆਰਡੀਨੇਟਰ ਅਮਿਤ ਮਰਵਾਹਾ ਮੌਜੂਦ ਸਨ।

## ਰੂਪਨਗਰ ਪੁਲਿਸ ਨੇ ਪ੍ਰੋਜੇਕਟ 'ਸੰਪਰਕ' ਤਹਿਤ ਐਨ.ਸੀ.ਸੀ ਅਕੈਡਮੀ ਰੂਪਨਗਰ ਵਿਖੇ ਕੀਤੀ ਮੀਟਿੰਗ

**ਰੂਪ ਨਗਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਤਹਿਤ ਰੂਪਨਗਰ ਪੁਲਿਸ ਵੱਲੋਂ ਪ੍ਰੋਜੈਕਟ 'ਸੰਪਰਕ' ਦੀ ਲਗਾਤਾਰਤਾ ਵਿੱਚ ਆਮ ਪਬਲਿਕ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾ ਸਬੰਧੀ ਜਾਗਰੂਕ ਕਰਨ ਅਤੇ ਪੁਲਿਸ ਨਾਲ ਪਬਲਿਕ ਦਾ ਤਾਲਮੇਲ ਹੋਰ ਵਧਾਉਣ ਮੀਟਿੰਗਾ ਦਾ ਦੌਰ ਨਿਰੰਤਰ ਜਾਰੀ ਹੈ, ਇਸੇ ਲੜੀ ਤਹਿਤ ਐਨ.ਸੀ.ਸੀ ਅਕੈਡਮੀ ਰੂਪਨਗਰ ਵਿਖੇ ਸੰਪਰਕ ਬੈਨਰ ਹੇਠ ਮੀਟਿੰਗ ਕੀਤੀ ਗਈ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਐਸ.ਪੀ ਹੈੱਡ ਕੁਆਰਟਰ ਸ੍ਰੀ ਅਰਵਿੰਦ ਮੀਨਾ ਨੇ ਦੱਸਿਆ ਕਿ ਪ੍ਰੋਜੈਕਟ ਸੰਪਰਕ ਦਾ ਮੁੱਖ ਉਦੇਸ਼ ਪੁਲਿਸ ਅਤੇ ਆਮ ਲੋਕਾਂ ਵਿਚਕਾਰ ਸਹਿਯੋਗ ਅਤੇ ਭਰੋਸੇ ਨੂੰ ਵਧਾਉਣਾ ਹੈ।

## ਸ਼ਹਿਰ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਲੋਕਾਂ ਨੂੰ ਵਧੀਆ ਸੁਵਿਧਾਵਾਂ ਦੇਣਾ ਨਿਗਮ ਦਾ ਟੀਚਾ: ਮੇਅਰ ਸੁਰਿੰਦਰ ਕੁਮਾਰ

**ਹੁਸ਼ਿਆਰਪੁਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੇ ਮੇਅਰ ਸੁਰਿੰਦਰ ਕੁਮਾਰ ਨੇ ਸ਼ਿਮਲਾ ਪਹਾੜੀ ਚੌਕ ਤੋਂ ਬਹਾਦੁਰਪੁਰ ਚੌਕ ਤੱਕ ਬਾਰਿਸ਼ ਦੇ ਪਾਣੀ ਦੀ ਨਿਕਾਸੀ ਲਈ ਪਾਈਪ ਲਾਈਨ ਪਾਉਣ ਤੋਂ ਬਾਅਦ ਸੜਕ ਦਾ ਕੰਮ ਸ਼ੁਰੂ ਕਰਵਾਇਆ ਅਤੇ ਕੰਮ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ ਪ੍ਰਦੀਪ ਕੁਮਾਰ ਬਿੱਟੂ ਅਤੇ ਮੁਖੀ ਰਾਮ ਵੀ ਹਾਜ਼ਰ ਸਨ।



ਇਸ ਮੌਕੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਅਤੇ ਲੋਕਾਂ ਨੂੰ ਵਧੀਆ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣਾ ਨਿਗਮ ਦਾ ਮੁੱਖ ਟੀਚਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਾਫੀ ਸਮੇਂ ਤੋਂ ਬਾਰਿਸ਼ ਤੋਂ ਬਾਅਦ ਸ਼ਿਮਲਾ ਪਹਾੜੀ ਚੌਕ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਪਾਣੀ ਭਰ ਜਾਂਦਾ ਸੀ, ਜਿਸ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲਾਂ ਆਉਂਦੀਆਂ ਸਨ।

ਇਸ ਸਮੱਸਿਆ ਦੇ ਹੱਲ ਲਈ ਕੈਬਨਿਟ ਮੰਤਰੀ ਡਾ. ਰਵਜੋਤ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਦੀ ਕੋਸ਼ਿਸ਼ਾਂ ਨਾਲ ਸ਼ਿਮਲਾ ਪਹਾੜੀ ਦੇ ਪਿੱਛਲੇ ਪਾਸੇ ਪ੍ਰੋਜੈਕਟ ਲਗਾਇਆ ਗਿਆ ਹੈ, ਜਿਸ ਰਾਹੀਂ ਪਾਣੀ ਨੂੰ ਪਾਈਪ ਲਾਈਨ ਰਾਹੀਂ ਚੋਅ ਵਿਚ ਛੱਡਿਆ ਜਾਵੇਗਾ। ਜਿਸਦੇ ਚਲਦਿਆਂ ਸੜਕ ਨੂੰ ਉਖਾੜਿਆ ਗਿਆ ਸੀ। ਇਸ ਲਈ ਲੋਕਾਂ ਦੀ ਪਰੇਸ਼ਾਨੀ ਨੂੰ ਦੇਖਦੇ ਹੋਏ ਹੁਣ ਸੜਕ ਦਾ ਕੰਮ ਕਰਵਾਇਆ ਜਾ ਰਿਹਾ ਹੈ ਅਤੇ ਬਾਰਿਸ਼ ਦਾ ਮੌਸਮ ਖਤਮ ਹੋਣ ਦੇ ਬਾਅਦ ਸਤੰਬਰ ਮਹੀਨੇ ਵਿੱਚ ਪੂਰੀ ਸੜਕ ਨੂੰ ਮੁੜ ਬਣਾਇਆ ਜਾਵੇਗਾ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਬਾਰਿਸ਼ ਕਾਰਨ ਆ ਰਹੀਆਂ ਸਮੱਸਿਆਵਾਂ ਲਈ ਅਫ਼ਸੋਸ ਜਤਾਇਆ ਅਤੇ ਕਿਹਾ ਕਿ ਨਿਗਮ ਦੀਆਂ ਟੀਮਾਂ ਲਗਾਤਾਰ ਕੰਮ ਕਰ ਰਹੀਆਂ ਹਨ। ਜੇਕਰ ਕਿਸੇ ਨੂੰ ਕੋਈ ਸਮੱਸਿਆ ਹੋਵੇ ਤਾਂ ਉਹ ਨਿਗਮ ਦਫ਼ਤਰ ਆ ਕੇ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਉਸ ਦਾ ਹੱਲ ਕੀਤਾ ਜਾ ਸਕੇ।

ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ।

# ਗੰਨਾ ਉਤਪਾਦਕ ਕਿਸਾਨਾਂ ਦਾ ਏਰੀਅਰ ਦਾ ਜਲਦੀ ਭੁਗਤਾਨ ਕੀਤਾ ਜਾਵੇ : ਸ੍ਰੀ ਸ਼ਿਆਮ ਸਿੰਘ ਰਾਣਾ



**ਚੰਡੀਗੜ੍ਹ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਦੀ ਗੰਨੇ ਦੀ ਵਿਕਰੀ ਹੁੰਦੇ ਹੀ ਜਲਦੀ ਭੁਗਤਾਨ ਕੀਤਾ ਜਾਵੇਗਾ।

ਉਨ੍ਹਾਂ ਨੇ ਕਿਸਾਨਾਂ ਦੇ ਬਕਾਇਆ ਭੁਗਤਾਨ ਦਾ ਵੀ ਜਲਦੀ ਨਿਪਟਾਰਾ ਕਰਨ ਦੇ ਨਿਰਦੇਸ਼ ਦਿੱਤੇ।

ਸ੍ਰੀ ਰਾਣਾ ਅੱਜ ਇੱਥੇ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਸਾਕੇਤ ਕੁਮਾਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਨਿਦੇਸ਼ਕ ਸ੍ਰੀ ਰਾਜਨਰਾਇਣ ਕੌਸ਼ਿਕ, ਹਰਿਆਣਾ ਸਟੇਟ ਫਾਊਂਡੇਸ਼ਨ ਆਫ ਕਾਪਰੇਟਿਵ ਸ਼ੂਗਰ ਮਿੱਲਸ ਦੇ ਪ੍ਰਬੰਧ ਨਿਦੇਸ਼ਕ ਸ੍ਰੀ ਸ਼ਕਤੀ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਤੋਂ ਨਰਾਇਣਗੜ੍ਹ ਸ਼ੂਗਰ ਮਿੱਲ ਨਾਲ ਸਬੰਧਿਤ ਗੰਨਾ ਉਤਪਾਦਕਾਂ ਦੇ ਬਕਾਇਆ ਭੁਗਤਾਨ ਕਰਨ ਵਿਸਤਾਰ ਨਾਲ ਚਰਚਾ ਕੀਤੀ ਅਤੇ ਇਸ ਦਿਸ਼ਾ ਵਿੱਚ ਜਲਦੀ ਤੋਂ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਮਿੱਲ ਵਿੱਚ ਗੰਨਾ-ਪਿਰਾਈ ਦਾ ਕੰਮ ਲਗਾਤਾਰ ਚੱਲਦਾ ਰਹਿਣਾ ਚਾਹੀਦਾ ਹੈ ਅਤੇ ਕਿਸਾਨਾਂ ਦੇ ਗੰਨੇ ਦਾ ਭੁਗਤਾਨ ਵੀ ਨਾਲ-ਨਾਲ ਕਰਦੇ ਰਹਿਣ।ਸ੍ਰੀ ਰਾਣਾ ਨੇ ਮੀਟਿੰਗ ਦੇ ਬਾਅਦ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਲਈ ਸੰਕਲਪਬੱਧ ਹੈ। ਸਰਕਾਰ ਦਾ ਯਤਨ ਹੈ ਕਿ ਕਿਸਾਨਾਂ ਦੀ ਖੇਤੀ ਦੀ ਲਾਗਤ ਘੱਟ ਹੋਵੇ ਅਤੇ ਉਨ੍ਹਾਂ ਦੀ ਪੈਦਾਵਾਰ ਲਗਾਤਾਰ ਵੱਧਦੀ ਰਹੇ। ਖੇਤ ਦੀ ਮਿੱਟੀ ਦੀ ਸਿਹਤ ਚੰਗੀ ਰੱਖਣ ਲਈ ਲੈਬਸ ਵਿੱਚ ਜਾਂਚ ਕਰਨ ਦੇ ਬਾਅਦ ਕਿਸਾਨਾਂ ਨੂੰ ਫਸਲ ਦੀ ਬਿਜਾਈ ਦੀ ਸਲਾਹ ਦਿੱਤੀ ਜਾ ਰਹੀ ਹੈ। ਚੰਗੀ ਗੁਣਵੱਤਾ ਦੇ ਬੀਜ ਉਪਲਬਧ ਕਰਵਾਏ ਜਾ ਰਹੇ ਹਨ ਅਤੇ ਰਸਾਇਨਿਕ ਖਾਦ 'ਤੇ ਨਿਰਭਰਤਾ ਘੱਟ ਤੋਂ ਘੱਟ ਹੋਵੇ, ਇਸ ਦੇ ਲਈ ਕਿਸਾਨਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਕੁਦਰਤੀ ਖੇਤੀ ਦੇ ਵੱਲ ਕਿਸਾਨਾਂ ਨੂੰ ਖਿੱਚਣ ਲਈ ਕਈ ਤਰ੍ਹਾ ਦੀ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਇਹ ਵੀ ਕਿਹਾ ਕਿ ਰਾਜ ਦੇ ਕਿਸਾਨਾਂ ਨੂੰ ਰਿਵਾਇਤੀ ਖੇਤੀ ਦੀ ਥਾਂ ਆਧੁਨਿਕ ਅਤੇ ਵਿਵਿਧੀਕਰਣ ਦੇ ਪ੍ਰਤੀ ਪ੍ਰਸਤਾਵਿਤ ਕੀਤਾ ਜਾ ਰਿਹਾ ਹੈ। ਮੱਛੀ ਪਾਲਣ ਅਤੇ ਪਸ਼ੂ ਪਾਲਣ ਦੇ ਖੇਤਰ ਵਿੱਚ ਵੀ ਕਾਰੋਬਾਰ ਸ਼ੁਰੂ ਕਰਨ ਵਾਲੇ ਕਿਸਾਨਾਂ ਨੂੰ ਗ੍ਰਾਂਟ ਦਿੱਤੀ ਜਾ ਰਹੀ ਹੈ।

ਉਨ੍ਹਾਂ ਨੇ ਦੋਹਰਾਇਆ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਸਰਕਾਰ ਸੂਬੇ ਦੇ ਕਿਸਾਨਾਂ ਦੀ ਆਮਦਨੀ ਨੂੰ ਵਧਾਉਣ ਲਈ ਲਗਾਤਾਰ ਯਤਨਸ਼ੀਲ ਹੈ।

# ਕੈਬਨਿਟ ਮੰਤਰੀ ਨੇ ਹਲਕਾ ਸੁਨਾਮ ਦੇ ਵੱਖੋ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਕਰੀਬ 01 ਕਰੋੜ 38 ਲੱਖ ਰੁਪਏ ਦੇ ਚੈੱਕ ਵੰਡੇ

**ਸੰਗਰੂਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ, ਪੰਜਾਬ ਦੇ ਪ੍ਰਧਾਨ ਸ਼੍ਰੀ ਅਮਨ ਅਰੋੜਾ ਨੇ ਹਲਕਾ ਸੁਨਾਮ ਦੇ ਵੱਖੋ-ਵੱਖ ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਕਰੀਬ 01 ਕਰੋੜ 38 ਲੱਖ ਰੁਪਏ ਦੇ ਚੈੱਕ ਵੰਡਣ ਲਈ ਲੌਂਗੋਵਾਲ, ਸ਼ਾਹਪੁਰ ਕਲਾਂ ਅਤੇ ਸੁਨਾਮ ਆਪਣੇ ਦਫਤਰ ਵਿਖੇ ਰੱਖੇ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੀ ਧਰਤੀ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਵਿਕਾਸ ਕਾਰਜਾਂ ਸਬੰਧੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾ ਰਹੀ ਤੇ ਵਿਕਾਸ ਕਾਰਜਾਂ ਲਈ ਫੰਡ ਬੇਰੋਕ ਦਿੱਤੇ ਜਾ ਰਹੇ ਹਨ।

ਸ਼੍ਰੀ ਅਮਨ ਅਰੋੜਾ ਨੇ ਹਲਕਾ ਸੁਨਾਮ ਦੇ ਸ਼ਹਿਰ ਲੌਂਗੋਵਾਲ ਵਿਖੇ 14 ਕੰਮਾਂ ਲਈ 50.15 ਲੱਖ ਰੁਪਏ ਅਤੇ ਸੁਨਾਮ ਸ਼ਹਿਰ ਦੇ 16 ਕੰਮਾਂ ਲਈ 50 ਲੱਖ ਰੁਪਏ ਦੇ ਚੈੱਕ ਵੰਡੇ। ਇਸੇ ਤਰ੍ਹਾਂ ਉਹਨਾਂ ਨੇ 11 ਪਿੰਡੀਆਂ ਦੇ 11 ਕੰਮਾਂ ਲਈ 18.79 ਲੱਖ ਰੁਪਏ, ਪਿੰਡ ਸ਼ਾਹਪੁਰ ਦੇ 03 ਵਿਕਾਸ ਕਾਰਜਾਂ ਲਈ 12.50 ਲੱਖ ਰੁਪਏ ਅਤੇ ਪਿੰਡ ਝਾੜੋਂ ਦੇ 02 ਵਿਕਾਸ ਕਾਰਜਾਂ ਲਈ 06 ਲੱਖ ਰੁਪਏ ਦੇ ਚੈੱਕ ਵੰਡੇ।

ਸ਼੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਜਿਹੜੇ ਵਾਅਦੇ ਲੋਕਾਂ ਨਾਲ ਕੀਤੇ ਸਨ, ਉਹ ਪੜਾਅਵਾਰ ਪੂਰੇ ਕੀਤੇ ਜਾ ਰਹੇ ਹਨ। ਸੜਕਾਂ, ਗਲੀਆਂ, ਸਟਰੀਟ ਲਾਈਟਾਂ, ਪਾਰਕਾਂ, ਸ਼ਮਸ਼ਾਨਘਾਟਾਂ ਤੇ ਕਬਰਸਤਾਨਾਂ, ਪਾਣੀ ਦੀ ਨਿਕਾਸੀ ਅਤੇ ਸਕੂਲਾਂ ਸਬੰਧੀ ਵੱਡੇ ਪੱਧਰ ਉਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਹਨਾਂ ਕਿਹਾ ਕਿ ਹਲਕੇ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ।



ਕੈਬਨਿਟ ਮੰਤਰੀ ਨੇ ਕਿਹਾ ਕਿ ਹਲਕੇ ਦੀਆਂ ਸੜਕਾਂ ਦੀ ਕਾਇਆ ਕਲਪ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ ਤੇ ਹਲਕੇ ਦੀ ਕੋਈ ਸੜਕ ਅਜਿਹੀ ਨਹੀਂ ਰਹਿਣ ਦਿੱਤੀ ਜਾਵੇਗੀ, ਜਿਸ ਦੀ ਕਾਇਆ ਕਲਪ ਨਾ ਹੋਈ ਹੋਵੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਸਾਰੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਰ ਇਕ ਯੋਗ ਲਾਭਪਾਤਰੀ ਨੂੰ ਦਿੱਤਾ ਜਾ ਰਿਹਾ ਹੈ। 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਇਤਿਹਾਸਕ ਫੈਸਲੇ ਨਾਲ ਲੋਕਾਂ ਨੂੰ ਬਹੁਤ ਲਾਭ ਹੋਇਆ ਹੈ। ਵੱਡੀ ਗਿਣਤੀ ਸਰਕਾਰੀ ਸੇਵਾਵਾਂ ਦਾ ਲਾਭ ਹੁਣ ਲੋਕਾਂ ਨੂੰ ਘਰਾਂ ਵਿੱਚ ਬੈਠੇ ਹੀ ਮਿਲ ਰਿਹਾ ਹੈ।

ਸ਼੍ਰੀ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਟੀਚਾ ਹੈ ਕਿ ਪੰਜਾਬ ਦੇ ਨਹਿਰੀ ਪਾਣੀ ਦੀ ਇਕ ਇਕ ਬੂੰਦ ਕਿਸਾਨਾਂ ਦੇ ਖੇਤਾਂ ਤਕ ਪੁਜਦੀ ਕੀਤੀ ਜਾਵੇ। ਇਸ ਸਦਕਾ ਜਿੱਥੇ ਧਰਤੀ ਹੇਠਲੇ ਪਾਣੀ ਦੀ ਬੱਚਤ ਹੋਵੇਗੀ, ਉੱਥੇ ਕਿਸਾਨਾਂ ਦੇ ਪੈਸੇ ਦੀ ਬੱਚਤ ਹੋਵੇਗੀ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਅਥਾਹ ਵਾਧਾ ਹੋਵੇਗਾ। ਇਸੇ ਲੜੀ ਤਹਿਤ ਹਰ ਖੇਤ ਤਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਜ਼ਮੀਨਦੋਜ਼ ਪਾਈਪਾਂ ਪਾਉਣ ਅਤੇ ਖਾਲੇ ਬਣਾਉਣ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ। ਲੰਮੇ ਸਮੇਂ ਤੋਂ ਵੱਖ ਵੱਖ ਮੁਸ਼ਕਲਾਂ ਨਾਲ ਜੂਝਦੇ ਰਹੇ ਹਲਕੇ ਦੇ ਸ਼ਹਿਰਾਂ ਨੂੰ ਮੁਸ਼ਕਲਾਂ ਤੋਂ ਨਿਜਾਤ ਦਿਵਾਉਣ ਲਈ ਉਚੇਚੇ ਤੌਰ ਉੱਤੇ ਕੰਮ ਕੀਤਾ ਜਾ ਰਿਹਾ ਹੈ, ਜਿਸ ਦੇ ਸਾਰਥਕ ਸਿੱਟੇ ਨਿਕਲ ਰਹੇ ਹਨ।

ਕੈਬਨਿਟ ਮੰਤਰੀ ਨੇ ਲੋਕ ਨੁਮਾਇੰਦਿਆਂ ਨੂੰ ਕਿਹਾ ਕਿ ਇਹ ਲੋਕਾਂ ਦਾ ਪੈਸਾ ਹੈ ਤੇ ਪੂਰਨ ਇਮਾਨਦਾਰੀ ਨਾਲ ਲੋਕਾਂ ਦੇ ਕਾਰਜਾਂ 'ਤੇ ਹੀ ਲੱਗਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਨੇ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ ਤੇ ਬਹੁਤੀਆਂ ਮੁਸ਼ਕਲਾਂ ਮੌਕੇ ਉੱਤੇ ਹੀ ਅਧਿਕਾਰੀਆਂ ਨੂੰ ਹਦਾਇਤ ਕਰ ਕੇ ਹੱਲ ਕਰਵਾਈਆਂ ਗਈਆਂ ਤੇ ਬਾਕੀਆਂ ਦੇ ਹੱਲ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ-ਪੈਗੰਬਰਾਂ ਅਤੇ ਦੇਵੀ-ਦੇਵਤਿਆਂ ਦੀ ਪਵਿੱਤਰ ਧਰਤੀ ਹੈ, ਜਿੱਥੋਂ ਦੇ ਲੋਕ ਗੈਰਤ ਨਾਲ ਰਹਿੰਦੇ ਹਨ। ਪਰ ਨਸ਼ਿਆਂ ਦੀ ਭੈੜੀ ਅਲਾਮਤ ਨੇ ਸੂਬੇ ਅਤੇ ਸਮਾਜ ਨੂੰ ਆਪਣੀ ਗ੍ਰਿਫਤ ਵਿੱਚ ਲੈ ਲਿਆ ਸੀ। ਪੰਜਾਬ ਕੌਮਾਂਤਰੀ ਸਰਹੱਦ ਨਾਲ ਲਗਦਾ ਹੋਣ ਕਰ ਕੇ ਨਸ਼ੇ ਦੇ ਤਸਕਰਾਂ ਲਈ ਇਹ ਡਰੱਗ ਰੂਟ ਬਣਿਆ ਹੋਇਆ ਸੀ, ਜਿਸ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਸਖ਼ਤ ਕਦਮ ਚੁੱਕੇ ਹਨ।

ਇਸ ਮਸਲੇ 'ਤੇ ਸਾਰੇ ਸਮਾਜ ਨੂੰ ਇਕਜੁਟ ਹੋਣਾ ਚਾਹੀਦਾ ਹੈ। ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਕਰਨ ਵਿੱਚ ਲੱਗੇ ਹੋਏ ਵਿਅਕਤੀਆਂ ਨੂੰ ਵੱਡੇ ਪੱਧਰ 'ਤੇ ਕਾਬੂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਨਸ਼ਿਆਂ ਦੀ ਲਾਹਨਤ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ੍ਹ ਹੈ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਮੀਡੀਆ ਕੋਆਡੀਨੇਟਰ ਜਤਿੰਦਰ ਜੈਨ, ਲੌਂਗੋਵਾਲ ਤੋਂ ਬਲਵਿੰਦਰ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ, ਰਾਜ ਸਿੰਘ, ਸੁਖਪਾਲ ਸਿੰਘ ਬਾਜਵਾ, ਬਲਕਾਰ ਸਿੰਘ ਸਿੱਧੂ, ਵਿੱਕੀ ਵਸ਼ਿਸ਼ਟ, ਜੁਗਰਾਜ ਸਿੰਘ ਸਰਪੰਚ, ਨਿਹਾਲ ਸਿੰਘ ਸਰਪੰਚ, ਦਰਸ਼ਨ ਸਿੰਘ ਸਰਪੰਚ, ਭੀਮ ਦਾਸ ਸਰਪੰਚ, ਜਗਸੀਰ ਸਿੰਘ ਸਰਪੰਚ, ਮਾਸਟਰ ਜੋਰਾ ਸਿੰਘ, ਸ਼ਾਹਪੁਰ ਤੋਂ ਲੱਕੀ ਸਰਪੰਚ, ਬਲਾਕ ਪ੍ਰਧਾਨ ਮਲਕੀਤ ਸਿੰਘ, ਬੀਰਬਲ ਸਿੰਘ ਝਾੜੋਂ, ਰਜਿੰਦਰ ਸਿੰਘ ਸਰਪੰਚ, ਜੱਗਾ ਸਿੰਘ, ਗੁਰਸੇਵਕ, ਨਿਸ਼ਾਨ ਸਿੰਘ ਟੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਮੁਕੇਸ਼ ਜੁਨੇਜਾ ਚੇਅਰਮੈਨ ਮਾਰਕੀਟ ਕਮੇਟੀ, ਬਲਾਕ ਪ੍ਰਧਾਨ ਸਾਹਿਬ ਸਿੰਘ, ਸੰਦੀਪ ਜਿੰਦਲ, ਐਮ.ਸੀ. ਸਨੀ ਕਾਂਸਲ, ਗੁਰਤੇਜ ਨਿੱਕਾ, ਚਮਕੌਰ ਹਾਂਡਾ ਤੇ ਕਨ੍ਹਈਆ ਕੁਮਾਰ ਹਾਜ਼ਰ ਸਨ।

# ਵਿਧਾਇਕ ਜਿੰਪਾ ਨੇ ਕੀਤਾ ਚੋਆਂ ਤੇ ਕਾਜ਼ਵੇਆਂ ਦਾ ਨਿਰੀਖਣ



**ਹੁਸ਼ਿਆਰਪੁਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿਚ ਹਾਲ ਹੀ ਵਿਚ ਹੋਈ ਭਾਰੀ ਬਾਰਿਸ਼ ਅਤੇ ਸੰਭਾਵੀ ਹੜ੍ਹਾਂ ਦੇ ਖ਼ਤਰੇ ਦੇ ਮੱਦੇਨਜ਼ਰ, ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਹੁਸ਼ਿਆਰਪੁਰ ਦੇ ਵੱਖ-ਵੱਖ ਇਲਾਕਿਆਂ ਵਿਚ ਸਥਿਤ ਚੋਆਂ ਅਤੇ ਕਾਜ਼ਵੇਆਂ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਨੇ ਕੁਦਰਤੀ ਜਲ ਮਾਰਗਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਉਨ੍ਹਾਂ ਥਾਵਾਂ ਦੀ ਪਛਾਣ ਕੀਤੀ ਜਿਥੇ ਮੀਂਹ ਕਾਰਨ ਕਾਜ਼ਵੇਆਂ ਨੂੰ ਨੁਕਸਾਨ ਪਹੁੰਚਿਆ ਹੈ।

ਨਿਰੀਖਣ ਦੌਰਾਨ ਵਿਧਾਇਕ ਜਿੰਪਾ ਨੇ ਸਬੰਧਤ ਵਿਭਾਗਾਂ ਨੂੰ ਨੁਕਸਾਨੀਆਂ ਗਈਆਂ ਪੁਲੀਆਂ ਦੀ ਤੁਰੰਤ ਮੁਰੰਮਤ ਕਰਨ ਅਤੇ ਸਥਾਈ ਅਤੇ ਐਮਰਜੈਂਸੀ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਭਵਿੱਖ ਵਿਚ ਜਨਜੀਵਨ ਪ੍ਰਭਾਵਿਤ ਨਾ ਹੋਵੇ। ਉਨ੍ਹਾਂ ਕਿਹਾ ਕਿ ਉਹ ਇਸ ਮੁੱਦੇ ਸਬੰਧੀ ਪਹਿਲਾਂ ਹੀ ਸੂਬਾ ਸਰਕਾਰ ਦੇ ਕੈਬਨਿਟ ਮੰਤਰੀ ਵਰਿੰਦਰ ਗੋਇਲ ਨੂੰ ਮਿਲ ਚੁੱਕੇ ਹਨ ਅਤੇ ਉਨ੍ਹਾਂ ਨੂੰ ਹੁਸ਼ਿਆਰਪੁਰ ਵਿਚ ਮੀਂਹ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ ਅਤੇ ਇਸ ਦੇ ਸਥਾਈ ਹੱਲ ਲਈ ਬੇਨਤੀ ਕੀਤੀ ਹੈ।ਵਿਧਾਇਕ ਨੇ ਕਿਹਾ ਕਿ ਸਬੰਧਤ ਵਿਭਾਗ ਇਸ ਸਬੰਧੀ ਪ੍ਰਸਤਾਵ ਤਿਆਰ ਕਰਕੇ ਵਿਭਾਗ ਨੂੰ ਭੇਜ ਰਿਹਾ ਹੈ, ਤਾਂ ਜੋ ਲੋੜੀਂਦਾ ਬਜਟ ਅਤੇ ਸਰੋਤ ਜਲਦੀ ਉਪਲਬੱਧ ਕਰਵਾਏ ਜਾ ਸਕਣ। ਉਨ੍ਹਾਂ ਅਧਿਕਾਰੀਆਂ ਨੂੰ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਲਈ ਪਹਿਲਾਂ ਤੋਂ ਤਿਆਰੀਆਂ ਕਰਨ ਅਤੇ ਸੰਵੇਦਨਸ਼ੀਲ ਖੇਤਰਾਂ ਵਿਚ ਵਿਸ਼ੇਸ਼ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ।

ਵਿਧਾਇਕ ਜਿੰਪਾ ਨੇ ਕਿਹਾ ਕਿ ਪ੍ਰਸ਼ਾਸਨਿਕ ਪ੍ਰਣਾਲੀ ਪੂਰੀ ਤਰ੍ਹਾਂ ਚੌਕਸ ਹੈ ਅਤੇ ਜਨਤਾ ਦੀ ਸੁਰੱਖਿਆ ਅਤੇ ਸਹੂਲਤ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਸਥਾਨਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿਚ ਪ੍ਰਸ਼ਾਸਨ ਨਾਲ ਸੰਪਰਕ ਕਰਨ ਅਤੇ ਅਫਵਾਹਾਂ ਤੋਂ ਬਚਣ। ਨਿਰੀਖਣ ਦੌਰਾਨ ਵਿਧਾਇਕ ਦੇ ਨਾਲ ਹੁਸ਼ਿਆਰਪੁਰ ਸਹਿਕਾਰੀ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਗੁਰਮੀਤ ਸਿੰਘ, ਨਾਇਬ ਤਹਿਸੀਲਦਾਰ ਹੁਸ਼ਿਆਰਪੁਰ ਹਿਰਦੇਬੀਰ ਸਿੰਘ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਆਯੋਜਿਤ ਕੀਤੇ ਦੋ ਦਿਨਾ ਸਿਖਲਾਈ ਪ੍ਰੋਗਰਾਮ ਦਾ ਸਫਲਤਾਪੂਰਵਕ ਸਮਾਪਨ

**ਫਾਜ਼ਿਲਕਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀ ਵਰਗ ਨੂੰ ਜ਼ਿੰਦਗੀ ਵਿਚ ਕਾਮਯਾਬ ਹੋਣ, ਚੰਗੇ ਨਾਗਰਿਕ ਬਣਨ ਤੇ ਨਾਕਾਰਾਤਮਕ ਗਤੀਵਿਧੀਆਂ ਤੋਂ ਬਚਣ ਦੇ ਉਦੇਸ਼ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਪਹਿਲਕਦਮੀਆਂ ਆਰੰਭੀਆਂ ਜਾਂਦੀਆਂ ਹਨ। ਅਜੋਕੇ ਸਮੇਂ ਵਿਚ ਵਿਦਿਆਰਥੀਆਂ ਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਂਦਿਆਂ ਹੋਰਨਾ ਸਹਿ-ਵਿਦਿਅਕ ਤੇ ਖੇਡ ਗਤੀਵਿਧੀਆਂ ਨਾਲ ਜੋੜਿਆ ਜਾ ਰਿਹਾ ਹੈ ਇਸ ਵਿਚ ਅਧਿਆਪਕਾਂ ਦਾ ਬਹੁਤ ਵੱਡਾ ਰੋਲ ਹੁੰਦਾ ਹੈ। ਇਸੇ ਲੜੀ ਤਹਿਤ ਅਧਿਆਪਕਾਂ ਲਈ ਦੋ ਦਿਨਾਂ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜੋ ਕਿ ਪੂਰੀ ਤਰ੍ਹਾਂ ਸਫਲ ਰਿਹਾ।



ਪੰਜਾਬ ਸਰਕਾਰ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਸਿੱਖਿਆ ਵਿਭਾਗ ਵੱਲੋਂ ਪੰਜ ਸੈਕਸ਼ਨਾ ਪਿੱਛੇ ਇਕ ਅਧਿਆਪਕ ਨੂੰ ਵਿਸੇਸ਼ ਸਿਖਲਾਈ ਦਿੱਤੀ ਗਈ, ਸਿਖਲਾਈ ਪ੍ਰੋਗਰਾਮ ਦੌਰਾਨ ਜਿਲਾ ਸਿੱਖਿਆ ਅਫਸਰ (ਸੈ. ਸਿੱ) ਸ੍ਰੀ ਅਜੇ ਸ਼ਰਮਾ ਤੇ ਡਿਪਟੀ ਡੀ.ਈ.ਓ ਪਰਵਿੰਦਰ ਸਿੰਘ ਵੱਲੋਂ ਦੌਰਾ ਵੀ ਕੀਤਾ ਗਿਆ ਅਤੇ ਇਸ ਸਾਰਥਕ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਿਖਲਾਈ ਪ੍ਰੋਗਰਾਮ ਤੋਂ ਹਰ ਇਕ ਅਧਿਆਪਕ ਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਇਸ ਮਾੜੀ ਕੁਰੀਤੀ ਨੂੰ ਪੈਦਾ ਨਾ ਹੋਣ ਦੇਣ। ਵਿਦਿਆਰਥੀ ਵਰਗ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।

ਦੋ ਰੋਜਾ ਟਰੇਨਿੰਗ ਦੌਰਾਨ ਜ਼ਿਲਾ ਫਾਜ਼ਿਲਕਾ ਦੇ ਲਗਭਗ 240 ਅਧਿਆਪਕਾਂ/ਲੈਕਚਰਾਰਾਂ ਨੇ ਭਾਗ ਲਿਆ। ਰਾਜ ਪੱਧਰ ਤੋਂ ਟ ?ਰੇਨਿੰਗ ਪ੍ਰਾਪਤ ਕਰ ਚੁੱਕੇ ਬਲਾਕ ਰਿਸੋਰਸ ਕੋਡੀਨੇਟਰਾਂ ਵੱਲੋਂ ਇਹ ਟ ?ਰੇਨਿੰਗ ਕਰਵਾਈ ਗਈ। ਜ਼ਿਲਾ ਨੋਡਲ ਅਫਸਰ ਸ਼੍ਰੀ ਵਿਜੇਪਾਲ ਨੇ ਕਿਹਾ ਕਿ ਅਧਿਆਪਕਾਂ/ਲੈਕਚਰਾਰਾਂ ਨੂੰ ਇਸ ਪ੍ਰੋਜੈਕਟ ਤੋਂ ਸੇਧ ਲੈਂਦਿਆਂ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਜਾਗਰੂਕਤਾ ਦਾ ਪ੍ਰਸਾਰ ਕਰਨਾ ਚਾਹੀਦਾ ਹੈ ਤਾਂ ਜੋ ਸ਼ੁਰੂਆਤੀ ਦੌਰ ਵਿਚ ਆਪਣੇ ਬਚਿਆਂ ਨੂੰ ਇਸ ਦਲਦਲ ਵਿਚ ਜਾਣ ਤੋਂ ਰੋਕਿਆ ਜਾ ਸਕੇ।

ਜਿਲਾ ਰਿਸੋਰਸ ਕੋਆਰਡੀਨੇਟਰ ਸ੍ਰੀ ਇਸ਼ਾਨ ਠਕਰਾਲ ਅਤੇ ਸਿਖਿਆ ਵਿਭਾਗ ਤੋਂ ਗੁਰਸ਼ਿੰਦਰ ਸਿੰਘ ਨੇ ਦੱਸਿਆ ਕਿ ਅਜਿਹੇ ਪ੍ਰੋਗਰਾਮ ਉਲੀਕਣ ਨਾਲ ਜਿਥੇ ਅਧਿਆਪਕ ਵਰਗ ਨੂੰ ਨਵੀ ਉਰਜਾ ਮਿਲਦੀ ਹੈ ਉਥੇ ਉਹ ਆਪਣੇ ਗਿਆਨ ਤੇ ਤਜਰਬੇ ਨਾਲ ਵਿਦਿਆਰਥੀਆਂ ਨੂੰ ਸਕਰਾਤਮਕ ਗਤੀਵਿਧੀਆਂ ਨਾਲ ਜੋੜਦੇ ਹਨ। ਇਸ ਸੈਸ਼ਨ ਦੌਰਾਨ ਵੱਖ-ਵੱਖ ਮਾਹਰਾਂ ਨੇ ਨਸਿਆਂ ਦੇ ਦੁਰਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਤਾਂ ਜੋ ਸਾਡੇ ਸੂਬੇ ਦਾ ਇਕ ਵੀ ਬਚਾ ਮਾੜੀ ਸੰਗਤ ਵਿਚ ਨਾ ਜਾ ਸਕੇ।

# ਆਰ ਬੀ ਐਸ ਕੇ ਪ੍ਰੋਗਰਾਮ ਤਹਿਤ ਪਿੰਡ ਬ੍ਰਹਮਪੁਰਾ ਦੇ 8 ਸਾਲਾਂ ਵੰਸ਼ਦੀਪ ਸਿੰਘ ਦਾ ਹੋਇਆ ਮੁਫ਼ਤ ਸਫਲ ਇਲਾਜ



**ਤਰਨ ਤਾਰਨ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲਾ ਤਰਨਤਾਰਨ ਦੇ ਸਿਵਲ ਸਰਜਨ ਤਰਨਤਾਰਨ ਡਾ ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲਾ ਟੀਕਾਕਰਨ ਅਫਸਰ ਕਮ ਨੋਡਲ ਅਫ਼ਸਰ, ਰਾਸ਼ਟਰੀ ਬਾਲ ਸਵਾਸਥ ਪ੍ਰੋਗਰਾਮ (ਆਰ. ਬੀ. ਐਸ. ਕੇ) ਡਾ.ਵਰਿੰਦਰਪਾਲ ਕੌਰ ਜੀ ਦੀ ਅਗਵਾਈ ਹੇਠ ਜ਼ਿਲਾ ਤਰਨਤਾਰਨ ਦੇ ਪਿੰਡ ਬ੍ਰਹਮਪੁਰਾ ਦੇ ਰਹਿਣ ਵਾਲੇ 8 ਸਾਲਾ ਵੰਸ਼ਦੀਪ ਸਿੰਘ ਦਾ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ (ਆਰ ਬੀ ਐਸ ਕੇ) ਪ੍ਰੋਗਰਾਮ ਤਹਿਤ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਫੋਰਟਿਸ ਹਸਪਤਾਲ ਵਿਖੇ ਦਿਲ ਦੀ ਬਿਮਾਰੀ ਦਾ ਸਫਲ ਇਲਾਜ ਬਿਲਕੁਲ ਮੁਫਤ ਕਰਵਾਇਆ ਗਿਆ।

ਜਮਾਂਦਰੂ ਦਿਲ ਦੇ ਰੋਗ ਤੋਂ ਪੀੜ੍ਹਤ ਵੰਸ਼ਦੀਪ ਸਿੰਘ ਦੇ ਇਲਾਜ ਬਾਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਆਰ ਬੀ ਐਸ ਕੇ ਪ੍ਰੋਗਰਾਮ ਤਹਿਤ ਸਰਕਾਰੀ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ 'ਚ ਪੜਦੇ ਵਿਦਿਆਰਥੀਆਂ ਦਾ ਇਲਾਜ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ ਬਿਲਕੁਲ ਮੁਫਤ ਕਰਵਾਇਆ ਜਾਂਦਾ ਹੈ ਅਤੇ ਆਰ ਬੀ ਐਸ ਕੇ ਟੀਮ ਵੱਲੋਂ ਰੋਜ਼ਾਨਾ ਸਰਕਾਰੀ ਸਕੂਲਾਂ ਵਿਖੇ ਦੌਰਾ ਕਰਕੇ ਬੱਚਿਆਂ ਦੀ ਸਿਹਤ ਜਾਂਚ ਕੀਤੀ ਜਾਂਦੀ ਹੈ।ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਕੁਝ ਸਮਾਂ ਪਹਿਲਾਂ ਪਿੰਡ ਬ੍ਰਹਮਪੁਰਾ ਦੇ ਸਰਕਾਰੀ ਸਕੂਲ ਵਿਖੇ ਪਹੁੰਚੀ ਆਰ.ਬੀ.ਐਸ.ਕੇ ਟੀਮ ਵੱਲੋਂ ਵੰਸ਼ਦੀਪ ਸਿੰਘ ਦੀ ਜਦੋਂ ਸਿਹਤ ਜਾਂਚ ਕੀਤੀ ਗਈ ਤਾਂ ਉਨਾਂ ਉਸ ਨੂੰ ਦਿਲ ਦੀ ਬਿਮਾਰੀ ਹੋਣ ਦਾ ਖਦਸ਼ਾ ਪ੍ਰਗਟਾਇਆ ਜਦੋਂ ਟੀਮ ਨੇ ਜਿਸ ਉਪਰੰਤ ਵੰਸ਼ਦੀਪ ਦਾ ਇਲਾਜ ਡਾਕਟਰਾਂ ਵੱਲੋਂ ਦਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਫੋਰਟਿਸ ਹਸਪਤਾਲ ਸਫਲ ਇਲਾਜ ਕੀਤਾ ਗਿਆ।

ਨੋਡਲ ਅਫ਼ਸਰ, ਡਾ. ਵਰਿੰਦਰ ਪਾਲ ਕੌਰ ਨੇ ਕਿਹਾ ਕਿ ਆਰ ਬੀ ਐਸ ਕੇ ਪ੍ਰੋਗਰਾਮ ਤਹਿਤ 30 ਇਲਾਜਯੋਗ ਬਿਮਾਰੀਆਂ ਤੋਂ ਪੀੜ੍ਹਤ ਬੱਚਿਆਂ ਦਾ ਇਲਾਜ ਸਿਹਤ ਵਿਭਾਗ ਵੱਲੋਂ ਬਿਲਕੁਲ ਮੁਫਤ ਕਰਵਾਇਆ ਜਾਂਦਾ ਹੈ।ਤੰਦਰੁਸਤ ਹੋਣ ਤੋਂ ਬਾਅਦ ਦਫਤਰ ਸਿਵਲ ਸਰਜਨ ਪਹੁੰਚੇ ਮਨਰਾਜ ਦੇ ਮਾਤਾ ਪਿਤਾ ਨੇ ਕਿਹਾ ਕਿ ਇਲਾਜ ਤੋਂ ਪਹਿਲਾ ਉਸ ਸਾਹ ਚੜ੍ਹਣ ਦੀ ਸਮੱਸਿਆਂ ਅਤੇ ਛਾਤੀ 'ਚ ਦਰਦ ਰਹਿੰਦਾ ਸੀ ਪਰ ਹੁਣ ਉਹ ਪੂਰੀ ਤਰਾਂ ਸਿਹਤਮੰਦ ਹੈ।

ਇਸ ਮੌਕੇ ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਰਾਘਵ ਗੁਪਤਾ, ਡਾ. ਅਵਲੀਨ ਕੌਰ, ਜ਼ਿਲਾ ਮਾਸ ਮੀਡਿਆ ਅਫ਼ਸਰ ਸ਼ ?ਰੀ ਸੁਖਵੰਤ ਸਿੰਘ ਸਿੱਧੂ, ਕੋਰਡੀਨੇਟਰ ਰਜਨੀ ਸ਼ਰਮਾ ਆਦਿ ਮੌਜੂਦ ਰਹੇ।

# ਵਿਧਾਇਕ ਚੱਢਾ ਨੇ ਰਾਮਪੁਰ, ਬੜੀ, ਹਰੀਪੁਰ ਤੇ ਬਿੰਦਰਖ ਦੀਆਂ ਨਸ਼ਾ ਮੁਕਤੀ ਯਾਤਰਾਵਾਂ 'ਚ ਸ਼ਿਰਕਤ ਕਰਕੇ ਲੋਕਾਂ ਨੂੰ ਕੀਤਾ ਲਾਮਬੰਦ



**ਰੂਪ ਨਗਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਯੁੱਧ ਨਸ਼ਿਆਂ ਵਿਰੁੱਧ ਤਹਿਤ ਚਲਾਈ ਜਾ ਰਹੀਨਸ਼ਾ ਮੁਕਤੀ ਯਾਤਰਾ ਦਾ ਮੁੱਖ ਮੰਤਵ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਨਸ਼ਿਆਂ ਦੀ ਦਲਦਲ ਵਿੱਚ ਫਸੇ ਪੀੜਤਾਂ ਨੂੰ ਵੀ ਮਿਆਰੀ ਇਲਾਜ ਮੁਹੱਈਆ ਕਰਵਾ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਵਾਉਣਾ ਹੈ।

ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਰੂਪਨਗਰ ਤੋਂ ਵਿਧਾਇਕ ਐਡਵੋਕੇਟ ਸ਼੍ਰੀ ਦਿਨੇਸ਼ ਚੱਢਾ ਨੇ ਅੱਜਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਅਧੀਨ ਰਾਮਪੁਰ (ਖਾਨਪੁਰ, ਰਾਮਗੜ੍ਹ), ਬੜੀ (ਕਕੋਟ, ਮਾਜਰੀ ਘਾਟ), ਹਰੀਪੁਰ (ਬਰਦਾਰ, ਖੇੜੀ, ਹਿਰਦਾਪੁਰ) ਅਤੇ ਬਿੰਦਰਖ (ਬਬਾਨੀ) ਵਿਖੇ ਨਸ਼ਾ ਮੁਕਤੀ ਯਾਤਰਾ ਦੇ ਵਿੱਚ ਸ਼ਿਰਕਤ ਕਰਦਿਆਂ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਐਡਵੋਕੇਟ ਸ਼੍ਰੀ ਦਿਨੇਸ਼ ਚੱਢਾ ਨੇ ਕਿਹਾ ਕਿ ਹਰ ਪਿੰਡ ਨੂੰ ਨਸ਼ਿਆਂ ਦੀ ਮਾਰੂ ਸਮਾਜਿਕ ਬੁਰਾਈ ਤੋਂ ਬਚਾਉਣਾ ਹੈ ਅਤੇ ਇਹ ਮੁਹਿੰਮ ਤੇਜ਼ੀ ਨਾਲ ਸਫ਼ਲਤਾ ਵੱਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਮਾੜੇ ਅਨਸਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਉਣ ਵਿੱਚ ਪੰਜਾਬ ਪੁਲਿਸ ਨਿਰੰਤਰ ਜੁਟੀ ਹੋਈ ਹੈ ਅਤੇ ਯੁੱਧ ਨਸਿ ?ਆਂ ਵਿਰੁੱਧ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ।

ਵਿਧਾਇਕ ਚੱਢਾ ਨੇ ਕਿਹਾ ਕਿ ਰੋਜ਼ਾਨਾ ਦੇ ਆਧਾਰ ਤੇ ਪਿੰਡਾਂ ਵਿੱਚ ਅਜਿਹੇ ਪ੍ਰੋਗਰਾਮ ਜਾਰੀ ਰੱਖੇ ਜਾ ਰਹੇ ਹਨ ਅਤੇ ਲੋਕਾਂ ਤੋਂ ਮਿਲੀ ਫੀਡਬੈਕ ਦੇ ਆਧਾਰ ਤੇ ਹਲਕਾ ਰੂਪਨਗਰ ਨੂੰ ਸੌ ਫੀਸਦੀ ਨਸ਼ਾ ਮੁਕਤ ਕੀਤਾ ਜਾ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ ਦੌਰਾਨ ਸਿਹਤ ਵਿਭਾਗ, ਪੁਲਿਸ ਵਿਭਾਗ, ਪੰਚਾਇਤੀ ਵਿਭਾਗ ਤੋਂ ਵੀ ਬੁਲਾਰੇ ਸੰਬੋਧਨ ਕਰ ਰਹੇ ਹਨ ਅਤੇ ਲੋਕਾਂ ਨੂੰ ਨਸਿ ?ਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਨਸ਼ਿਆਂ ਦੀ ਦਲਦਲ ਵਿੱਚ ਫਸੇ ਪੀੜਤਾਂ ਨੂੰ ਵੀ ਮਿਆਰੀ ਇਲਾਜ ਮੁਹੱਈਆ ਕਰਵਾ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪਿੰਡਾਂ ਦੇ ਲੋਕਾਂ ਨੂੰ ਨਸ਼ੇ ਨਾ ਕਰਨ ਦੀ ਸਹੁੰ ਵੀ ਚੁਕਾਈ ਗਈ।ਇਸ ਮੌਕੇ ਬੀਡੀਪੀਓ ਰਵਿੰਦਰ ਸਿੰਘ, ਵਿਧਾਨ ਸਭਾ ਹਲਕਾ ਰੂਪਨਗਰ ਕੋਆਰਡੀਨੇਟਰ ਅਵਤਾਰ ਸਿੰਘ ਕੂਨਰ, ਵਾਈਸ ਕੋਰਡੀਨੇਟਰ ਸ਼ਮਸ਼ੇਰ ਸਿੰਘ ਸਰਪੰਚ, ਚੇਅਰਮੈਨ ਸੁਖਦੇਵ ਸਿੰਘ ਮੀਆਂਪੁਰੀ, ਬਲਾਕ ਪ੍ਰਧਾਨ ਪਰਮਿੰਦਰ ਸਿੰਘ, ਐਸ ਐਚ ਓ ਰੋਪੜ ਸਦਰ, ਐਸਐਮ ਰੋਪੜ, ਟਰੇਡ ਵਿੰਗ ਪ੍ਰਧਾਨ ਲਲਿਤ ਡਕਾਲਾ, ਸਰਪੰਚ ਵਿਕਰਮ ਚੌਧਰੀ,ਐਡਵੋਕੇਟ ਗੌਰਵ ਕਪੂਰ ਹਾਜ਼ਰ ਸਨ।

# ਸਫ਼ਾਈ ਕਰਮੀਆਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਹਦਾਇਤ ਕੀਤੀ

**ਗੁਰਦਾਸਪੁਰ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਸਵੇਰੇ ਗੁਰਦਾਸਪੁਰ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਦਾ ਜਾਇਜ਼ਾ ਲਿਆ ਗਿਆ। ਨਗਰ ਕੌਂਸਲ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਵਧੀਕ ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ, ਮੱਛੀ ਮਾਰਕਿਟ, ਹਨੂਮਾਨ ਚੌਂਕ, ਗੀਤਾ ਭਵਨ ਰੋਡ, ਡਾਕਖ਼ਾਨਾ ਚੌਂਕ ਅਤੇ ਜਹਾਜ਼ ਚੌਂਕ ਵਿੱਚ ਸਫ਼ਾਈ ਕਰਮਚਾਰੀਆਂ ਵੱਲੋਂ ਕੀਤੀ ਜਾ ਰਹੀ ਸਫ਼ਾਈ ਦਾ ਮੁਆਇਨਾ ਕੀਤਾ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਸਫ਼ਾਈ ਕਰਮੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮੀਂ ਆਪਣੀਆਂ ਬੀਟਾਂ ਵਿੱਚ ਰੋਜ਼ਾਨਾਂ ਸਫ਼ਾਈ ਕਰਨ ਅਤੇ ਘਰਾਂ ਵਿੱਚੋਂ ਸੁੱਕਾ ਤੇ ਗਿੱਲਾ ਕੂੜਾ ਵੱਖ-ਵੱਖ ਕੁਲੈਕਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵਿੱਚ ਕੋਈ ਵੀ ਕੁਤਾਹੀ ਜਾਂ ਢਿੱਲ-ਮੱਠ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿੱਚ ਗਿੱਲੇ ਅਤੇ ਸੁੱਕੇ ਕੂੜੇ ਲਈ ਵੱਖ-ਵੱਖ ਡਸਟਬੀਨ ਲਗਾਉਣ ਅਤੇ ਸਫ਼ਾਈ ਕਰਮੀਆਂ ਨੂੰ ਗਿੱਲਾ ਤੇ ਸੁੱਕਾ ਕੂੜਾ ਵੱਖ-ਵੱਖ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਕੂੜੇ ਦਾ ਨਿਪਟਾਰਾ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸ਼ਹਿਰ ਦੀ ਸਫ਼ਾਈ ਵਿੱਚ ਪੂਰਾ ਸਹਿਯੋਗ ਕਰਨ ਅਤੇ ਸੜਕਾਂ ਕਿਨਾਰੇ ਕੂੜਾ ਬਿਲਕੁਲ ਨਾ ਸੁੱਟਿਆ ਜਾਵੇ।

# ਵਧੀਕ ਜ਼ਿਲ੍ਹਾ ਚੋਣ ਅ.ਫ਼ਸਰ ਚਾਰੂਮਿਤਾ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ



**ਮੋਗਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੁਆਰਾ ਬੂਥ ਲੈਵਲ ਏਜੰਟਾਂ (ਬੀ.ਐਲ.ਏ.) ਦੀ ਨਿਯੁਕਤੀ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ, ਤਾਂ ਜੋ ਵੋਟਰ ਸੂਚੀ ਦੀ ਤਿਆਰੀ ਅਤੇ ਸੁਧਾਈ ਦੀ ਪ੍ਰਕਿਰਿਆ ਨੂੰ ਵੱਧ ਤੋਂ ਵੱਧ ਪਾਰਦਰਸ਼ੀ ਬਣਾਇਆ ਜਾ ਸਕੇ।

ਬੂਥ ਲੈਵਲ ਏਜੰਟਾਂ ਨੂੰ ਸਬੰਧਤ ਪੋਲਿੰਗ ਸਟੇਸ਼ਨ ਦੇ ਬੂਥ ਲੈਵਲ ਅਫਸਰਾਂ ਨਾਲ ਕੰਮ ਕਰਨਾ ਹੁੰਦਾ ਹੈ ਅਤੇ ਵੋਟਰ ਸੂਚੀ ਵਿੱਚ ਵੋਟਰਾਂ ਦੇ ਨਾਮ ਸ਼ਾਮਲ ਕਰਨ, ਕਟਵਾਉਣ ਅਤੇ ਸੋਧਣ ਲਈ ਅਰਜੀ ਦੇਣ ਵਿੱਚ ਉਹਨਾਂ ਦੇ ਪੋਲਿੰਗ ਸਟੇਸ਼ਨ ਦੇ ਯੋਗ ਨਾਗਰਿਕਾਂ ਦੀ ਅਗਵਾਈ ਅਤੇ ਮਦਦ ਕਰਨ ਲਈ ਵੀ ਕਿਹਾ ਜਾਂਦਾ ਹੈ।

ਇਹ ਜਾਣਕਾਰੀ ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਮੋਗਾ ਸ਼ ?ਰੀਮਤੀ ਚਾਰੂਮਿਤਾ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਨ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਵਧੇਰੇ ਸਪੱਸ਼ਟਤਾ ਲਈ, ਬੂਥ ਲੈਵਲ ਏਜੰਟਾਂ (ਬੀ.ਐਲ.ਏ.) ਦੀ ਨਿਯੁਕਤੀ ਨਾਲ ਸਬੰਧਤ ਸਾਰੀਆਂ ਮੌਜੂਦਾ ਹਦਾਇਤਾਂ ਨੂੰ ਇਕਸਾਰ ਕਰ ਦਿੱਤਾ ਗਿਆ ਹੈ ਅਤੇ ਉਪਰੋਕਤ ਸਾਰੀਆਂ ਮੌਜੂਦਾ ਹਦਾਇਤਾਂ ਦੀ ਥਾਂ ਤੇ ਸੰਸ਼ੋਧਿਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹਨਾਂ ਹਦਾਇਤਾਂ ਬਾਰੇ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਹਰ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਆਪਣੇ ਪ੍ਰਧਾਨ ਜਾਂ ਸਕੱਤਰ ਜਾਂ ਕਿਸੇ ਹੋਰ ਅਹੁਦੇਦਾਰ ਦੁਆਰਾ ਬੂਥ ਲੈਵਲ ਏਜੰਟ ਨਿਯੁਕਤ ਕਰਨ ਲਈ ਇੱਕ ਜਿਲ੍ਹਾ ਪ੍ਰਤੀਨਿਧੀ ਨੂੰ ਅਧਿਕਾਰਤ ਕਰੇਗੀ। ਬੀ.ਐਲ.ਏ.-1 ਫਾਰਮ ਨੂੰ ਸਿਰਫ ਸਿਆਹੀ ਨਾਲ ਹੀ ਹਸਤਾਖਰ ਕਰਕੇ ਭਰਿਆ ਜਾਣਾ ਹੈ, ਭਾਵ ਅਸਲ ਕਾਪੀ ਹੀ ਈ.ਆਰ.ਓ., ਡੀ.ਈ.ਓ, ਦਫਤਰ ਵਿੱਚ ਜਮ ?ਹਾ ਕਰਵਾਈ ਜਾਣੀ ਹੈ।

ਪਾਰਟੀ ਇੱਕ ਜਿਲ੍ਹੇ ਵਿੱਚ ਇੱਕ ਤੋਂ ਵੱਧ ਵਿਅਕਤੀਆਂ ਨੂੰ ਅਧਿਕਾਰਤ ਕਰ ਸਕਦੀ ਹੈ, ਖਾਸ ਤੌਰ ਤੇ ਉਨ੍ਹਾਂ ਹਲਕਿਆਂ ਦਾ ਜਿਕਰ ਕਰਦੇ ਹੋਏ ਜਿਨ੍ਹਾਂ ਲਈ ਉਨ੍ਹਾਂ ਨੂੰ ਸਬੰਧਤ ਹਲਕੇ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਰੇਕ ਪੋਲਿੰਗ ਸਟੇਸ਼ਨ ਲਈ ਬੀ.ਐਲ.ਏ. ਦੀ ਨਿਯੁਕਤੀ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ।ਅਤਿਅੰਤ ਸਥਿਤੀ ਵਿੱਚ, ਹਰੇਕ ਹਲਕੇ ਲਈ ਵੱਖਰੇ ਨੁਮਾਇੰਦੇ ਬੀ.ਐਲ.ਏ.-2 ਨਿਯੁਕਤ ਕਰਨ ਲਈ ਅਧਿਕਾਰਤ ਹੋ ਸਕਦੇ ਹਨ। ਰਾਜਨੀਤਿਕ ਪਾਰਟੀ ਦਾ ਅਧਿਕਾਰਤ ਜ਼ਿਲ੍ਹਾ ਨੁਮਾਇੰਦਾ ਫਾਰਮ ਆਈ.ਡੀ ਬੀ.ਐਲ.ਏ.-2 ਵਿੱਚ ਹਰੇਕ ਪੋਲਿੰਗ ਸਟੇਸ਼ਨ ਲਈ ਬੂਥ ਲੈਵਲ ਏਜੰਟ ਦੀ ਨਿਯੁਕਤੀ ਕਰੇਗਾ।

# ਸਿਰਕੱਢ ਭਾਸ਼ਾ ਵਿਗਿਆਨੀ ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਵਿਛੋੜਾ, 20 ਜੁਲਾਈ ਨੂੰ ਅੰਤਿਮ ਅਰਦਾਸ

**ਲੁਧਿਆਣਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਭਾਸ਼ਾ ਵਿਗਿਆਨ ਦੇ ਅਧਿਆਪਕ ਤੇ ਮਗਰੋਂ ਲੰਮਾ ਸਮਾਂ ਐਂਥਰੋਪਾਲੋਜੀਕਲ ਲਿੰਗੁਇਸਟਿਕਸ ਦੇ ਮੁਖੀ ਰਹੇ ਪ੍ਰੋਫੈਸਰ ਤੇ ਮੁਖੀ ਰਹੇ ਪ੍ਰੋ. ਮੁਖਤਿਆਰ ਸਿੰਘ ਗਿੱਲ ਦੇ ਵਿਛੋੜੇ ਦੀ ਖ਼ਬਰ ਮਿਲੀ ਤਾਂ ਲੱਗਿਆ ਕਿ ਪੈਰਾਂ ਥੱਲਿਓਂ ਜ਼ਮੀਨ ਨਿੱਘਰ ਗਈ ਹੋਵੇ। ਅੰਬਰ ਵਿੱਚ ਮਘੋਰਾ ਪੈ ਗਿਆ ਹੋਵੇ। ਸੂਰਜ ਦਾ ਸਾਰਾ ਸੇਕ ਸਾੜਨ ਲੱਗ ਪਿਆ।

ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਮੇਰੇ ਨਾਲ ਰਿਸ਼ਤਾ 1978 ਵਿੱਚ ਉਦੋਂ ਜੁੜਿਆ ਜਦ ਮੈਂ ਕਿਲ੍ਹਾ ਰਾਏਪੁਰ ਵਿਆਹਿਆ ਗਿਆ। ਮੇਰੇ ਸਹੁਰੇ ਪਰਿਵਾਰ ਵਿੱਚ ਹੀ ਪ੍ਰੋ. ਮੁਖਤਿਆਰ ਸਿੰਘ ਗਿੱਲ ਵਿਆਹੇ ਹੋਏ ਸਨ। ਮੇਰੀ ਜੀਵਨ ਸਾਥਣ ਨਿਰਪਜੀਤ ਨਾਲ ਰਾਣਾਂ ਭੂਆ ਜੀ ਦਾ ਬੜਾ ਹੀ ਗੂੜ੍ਹਾ ਪਿਆਰ ਸੀ। ਇਸ ਸਾਕੋਂ ਪ੍ਰੋ. ਮੁਖਤਿਆਰ ਸਿੰਘ ਗਿੱਲ ਸਾਡੇ ਫੁੱਫੜ ਜੀ ਬਣ ਗਏ। ਪੰਜਾਬੀ ਯੂਨੀਵਰਸਿਟੀ ਵਿੱਚ ਉਨ੍ਹਾਂ ਦਾ ਘਰ ਆਪਣਾ ਆਪਣਾ ਲੱਗਣ ਲੱਗ ਪਿਆ। ਮਗਰੋਂ ਹਰਿੰਦਰ ਨਗਰ ਵਾਲਾ ਘਰ ਵੀ। ਮੇਰੀ ਸਰਦਾਰਨੀ ਨੇ 1989-90 ਵਿੱਚ ਇਸੇ ਯੂਨੀਵਰਸਿਟੀ ਤੋਂ ਐਮ ਫਿੱਲ ਕੀਤੀ ਤਾਂ ਨਿੱਜੀ ਸੰਪਰਕ ਪ੍ਰੋਗ੍ਰਾਮ ਵੇਲੇ ਭੂਆ-ਫੁੱਫੜ ਜੀ ਦਾ ਘਰ ਹੀ ਟਿਕਾਣਾ ਬਣਦਾ।



ਉਨ੍ਹਾਂ ਦੇ ਦੋਵੇਂ ਪੁੱਤਰ ਜਦ ਸੈਨਿਕ ਸਕੂਲ ਕਪੂਰਥਲਾ ਵਿੱਚ ਪੜ੍ਹਦੇ ਸਨ ਤਾਂ ਲੁਧਿਆਣੇ ਕਈ ਵਾਰ ਰੁਕ ਕੇ ਜਾਂਦੇ। ਉਹ ਪੁੱਤਰਾਂ ਨੂੰ ਫੌਜੀ ਅਫ਼ਸਰ ਬਣਾਉਣਾ ਚਾਹੁੰਦੇ ਸਨ ਪਰ ਕੁਰਤ ਨੂੰ ਕੁਝ ਹੋਰ ਮਨਜ਼ੂਰ ਸੀ।

ਦੋਵੇਂ ਬਿਜਨਸ ਮੈਨੇਜਮੈਂਟ ਦੇ ਸ਼ਾਹ ਅਸਵਾਰ ਬਣੇ। ਵੱਡਾ ਪੁੱਤਰ ਕਈ ਮਲਟੀ ਨੈਸ਼ਨਲ ਕੰਪਨੀਆਂ ਦਾ ਕੌਮੀ ਹੈਂਡ ਰਿਹਾ ਪਰ ਜਵਾਨ ਉਮਰੇ ਹੀ ਸਦੀਵੀ ਅਲਵਿਦਾ ਕਹਿ ਗਿਆ। ਮਾਪਿਆਂ ਦੀ ਸਿਹਤ ਨੂੰ ਪੁੱਤਰ ਦਾ ਵਿਛੋੜਾ ਸਿਉਂਕ ਵਾਂਗ ਅੰਦਰੋਂ ਅੰਦਰ ਖਾ ਗਿਆ। ਫਿਰ ਪੋਤਰਾ ਚਲਾ ਗਿਆ, ਇਹ ਤਾਂ ਸਿਰ ਦੀ ਸੱਟ ਸੀ।

ਪ੍ਰੋ. ਮੁਖਤਿਆਰ ਸਿੰਘ ਗਿੱਲ ਦਾ ਨਿੱਕਾ ਪੁੱਤਰ ਡਾ. ਪੁਸ਼ਪਿੰਦਰ ਸਿੰਘ ਗਿੱਲ ਪੰਜਾਬੀ ਯੂਨੀਵਰਸਿਟੀ ਵਿੱਚ ਬਿਜਨਸ ਮੈਨੇਜਮੈਂਟ ਦਾ ਪ੍ਰੋਫੈਸਰ, ਕਈ ਵਾਰ ਡੀਨ, ਡਾਇਰੈਕਟਰ ਤੇ ਸੀਨੀਅਰ ਮੋਸਟ ਪ੍ਰੋਫੈਸਰ ਲਗਪਗ ਪੰਦਰਾਂ ਸਾਲ ਰਿਹਾ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਵਾਈਸ ਚਾਂਸਲਰ ਲੱਗਦਾ ਲੱਗਦਾ ਦੋ ਵਾਰ ਰਹਿ ਗਿਆ।

ਫੁੱਫੜ ਜੀ ਪ੍ਰੋ. ਮੁਖਤਿਆਰ ਸਿੰਘ ਗਿੱਲ ਸ. ਸੁਖਦੇਵ ਸਿੰਘ ਢੀਂਡਸਾ ਦੇ ਗੂੜ੍ਹੇ ਮਿੱਤਰ ਸਨ। ਅਕਾਲ ਸੰਸਥਾਵਾਂ ਮਸਤੂਆਣਾ ਸਾਹਿਬ(ਸੰਗਰੂਰ) ਦੇ ਵਿਕਾਸ ਵਿੱਚ ਦੋਹਾਂ ਨੇ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੇ ਜਾਣ ਤੇ ਹਰ ਸੱਜਣ ਪਿਆਰੇ ਦੀ ਹਾਲਤ ਉਰਦੂ ਦੇ ਇਸ ਸ਼ਿਅਰ ਵਰਗੀ ਹੈ।

ਪ੍ਰੋਫ਼ੈਸਰ ਮੁਖਤਿਆਰ ਨੇ ਆਪਣੀ ਅਕਾਦਮਿਕ ਯਾਤਰਾ ਭਾਸ਼ਾ ਵਿਭਾਗ ਪੰਜਾਬ ਤੋਂ ਸ਼ੁਰੂ ਕੀਤੀ। ਮਗਰੋਂ ਆਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਂਥਰੋਪੋਲੋਜਿਕਲ ਲਿੰਗੁਇਸਟਿਕਸ ਵਿਭਾਗ ਵਿੱਚ ਆ ਗਏ। ਇੱਥੇ ਰਹਿੰਦਿਆਂ ਉਹਨਾਂ ਨੇ ਮਲਵਈ ਉਪਭਾਸ਼ਾ ਦੇ ਧੁਨੀ-ਪ੍ਰਬੰਧ ਵਿਸ਼ੇ ਉਪਰ ਵਿਸ਼ਵ ਪ੍ਰਸਿੱਧ ਚਿਹਨ ਵਿਗਿਆਨੀ ਪ੍ਰੋਫ਼ੈਸਰ ਹਰਜੀਤ ਸਿੰਘ ਗਿੱਲ ਨਾਲ ਆਪਣਾ ਖੋਜ-ਕਾਰਜ ਕੀਤਾ।

ਖੋਜ-ਕਾਰਜ ਉਪਰੰਤ ਉਹਨਾਂ ਦਾ ਪ੍ਰੋਫ਼ੈਸਰ ਹਰਜੀਤ ਸਿੰਘ ਗਿੱਲ ਦੁਆਰਾ ਤਿਆਰ ਕੀਤੇ ਪੰਜਾਬੀ ਭਾਸ਼ਾ ਦੇ ਐਟਲਸ ਵਿੱਚ ਵੀ ਅਹਿਮ ਯੋਗਦਾਨ ਰਿਹਾ। ਇਹ ਐਟਲਸ ਆਪਣੇ ਵੇਲੇ ਦਾ ਭਾਰਤ ਦੀਆਂ ਭਾਸ਼ਾਵਾਂ ਅੰਦਰ ਸਭ ਤੋਂ ਨਿਵੇਕਲੀ ਕਿਸਮ ਦਾ ਅਧਿਐਨ ਸੀ। ਇਸ ਦੇ ਨਾਲ ਉਹ ਲਗਾਤਾਰ ਅਧਿਐਨ ਅਤੇ ਅਧਿਆਪਨ ਦੇ ਕਾਰਜ ਨਾਲ ਜੁੜੇ ਰਹੇ। ਪੰਜਾਬੀ ਭਾਸ਼ਾ ਅਤੇ ਚਿੰਤਨ ਨੂੰ ਉਹਨਾਂ ਦੀ ਬੜੀ ਅਹਿਮ ਦੇਣ ਹੈ। ਜੋ ਹੁਣ ਤੱਕ ਪੰਜਾਬੀ ਖੋਜਾਰਥੀਆਂ ਅਤੇ ਵਿਦਵਾਨਾਂ ਦਾ ਮਾਰਗ-ਦਰਸ਼ਨ ਕਰਦੀ ਹੈ।

ਅਧਿਆਪਨ ਕਾਰਜ ਦੇ ਨਾਲ-ਨਾਲ ਆਪ ਨੇ ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (♦”“1) ਦੀਆਂ ਚੋਣਾਂ ਅੰਦਰ 21 ਵਾਰ ਭਾਗ ਲਿਆ ਅਤੇ 19 ਵਾਰੀ ਨਾਮਜ਼ਦ ਹੋਏ। ਇਸ ਤਰ੍ਹਾਂ ਉਹ ਸਿੱਖਿਆ ਦੇ ਖੇਤਰ ਅੰਦਰ ਅਤੇ ਅਧਿਆਪਕਾਂ ਦੀਆਂ ਹੱਕੀ ਮੰਗਾਂ ਲਈ ਲਗਾਤਾਰ ਸੰਘਰਸ਼ ਕਰਦੇ ਹੋਏ, ਪੰਜਾਬ ਦੀ ਉੱਚ-ਸਿੱਖਿਆ ਦੇ ਖੇਤਰ ਅੰਦਰ ਆਪਣਾ ਯੋਗਦਾਨ ਪਾਉਂਦੇ ਰਹੇ।

ਪ੍ਰੋ. ਮੁਖਤਿਆਰ ਸਿੰਘ ਗਿੱਲ ਨਮਿਤ ਭੋਗ ਤੇ ਅੰਤਿਮ ਅਰਦਾਸ 20 ਜੁਲਾਈ ਨੂੰ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇੜੇ 23 ਨੰਬਰ ਫਾਟਕ, ਮਾਡਲ ਟਾਊਨ ਪਟਿਆਲਾ ਵਿਖੇ ਹੋਵੇਗੀ।

# ਵਿਧਾਇਕ ਸਿੱਧੂ, ਡਿਪਟੀ ਮੇਅਰ ਜੌਹਰ ਨੇ ਸ਼ਿਮਲਾਪੁਰੀ ਵਿੱਚ ਟਿਊਬਵੈੱਲ ਲਗਾਉਣ ਦੇ ਪ੍ਰੋਜੈਕਟ ਦਾ ਕੀਤਾ ਉਦਘਾਟਨ

**ਲੁਧਿਆਣਾ, 23 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ, ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਸ਼ਿਮਲਾਪੁਰੀ (ਵਾਰਡ ਨੰਬਰ 40) ਦੀ ਗਲੀ ਨੰਬਰ 5 ਵਿੱਚ ਇੱਕ ਟਿਊਬਵੈੱਲ ਲਗਾਉਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ।ਇਸ ਇਲਾਕੇ ਵਿੱਚ ਲਗਭਗ 12.50 ਲੱਖ ਰੁਪਏ ਦੀ ਲਾਗਤ ਨਾਲ 25 ਐਚ.ਪੀ ਟਿਊਬਵੈੱਲ ਲਗਾਉਣ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ।ਡਿਪਟੀ ਮੇਅਰ ਪ੍ਰਿੰਸ ਜੌਹਰ ਨੇ ਕਿਹਾ ਕਿ ਇਹ ਪ੍ਰੋਜੈਕਟ ਉਨ੍ਹਾਂ ਦੇ ਕੌਂਸਲਰ ਕੋਟੇ ਵਿੱਚੋਂ ਕੀਤਾ ਜਾ ਰਿਹਾ ਹੈ।

# ਨੇਵਾ ਸਿਖਲਾਈ ਪ੍ਰੋਗਰਾਮ ਸਫਲਤਾਪੂਰਵਕ ਪੂਰਾ ਹੋਇਆ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 23 ਜੁਲਾਈ: ਦਿੱਲੀ ਵਿਧਾਨ ਸਭਾ ਵਿਖੇ ਤਿੰਨ ਦਿਨਾਂ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (NeVA) ਸਿਖਲਾਈ ਪ੍ਰੋਗਰਾਮ ਅੱਜ ਸਫਲਤਾਪੂਰਵਕ ਸਮਾਪਤ ਹੋਇਆ। ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ (ਉਦਯੋਗ, ਖੁਰਾਕ ਅਤੇ ਸਪਲਾਈ ਅਤੇ ਵਾਤਾਵਰਣ ਮੰਤਰੀ), ਪੰਕਜ ਕੁਮਾਰ ਸਿੰਘ (ਸਿਹਤ ਅਤੇ ਪਰਿਵਾਰ ਭਲਾਈ, ਆਵਾਜਾਈ ਅਤੇ ਸੂਚਨਾ ਤਕਨਾਲੋਜੀ ਮੰਤਰੀ), ਅਤੇ ਰਵਿੰਦਰ ਇੰਦਰਾਜ ਸਿੰਘ (ਸਮਾਜ ਭਲਾਈ, ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਭਲਾਈ, ਸਹਿਕਾਰਤਾ ਅਤੇ ਚੋਣਾਂ ਮੰਤਰੀ) ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਵਿਧਾਨ ਸਭਾ ਦੇ ਮਾਨਯੋਗ ਸਪੀਕਰ ਸ਼੍ਰੀ ਵਿਜੇਂਦਰ ਗੁਪਤਾ ਵੀ ਇਸ ਸਮਾਗਮ ਵਿੱਚ ਮੌਜੂਦ ਸਨ। ਮੰਤਰੀਆਂ ਅਤੇ ਵਿਧਾਇਕਾਂ ਦੀ ਉਤਸ਼ਾਹੀ ਭਾਗੀਦਾਰੀ ਨੇ ਦਿਖਾਇਆ ਕਿ ਦਿੱਲੀ ਵਿਧਾਨ ਸਭਾ ਇੱਕ ਪੂਰੀ ਤਰ੍ਹਾਂ ਡਿਜੀਟਲ ਵਿਧਾਨਕ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਅਪਣਾਉਣ ਲਈ ਦ੍ਰਿੜ ਹੈ। ਦਿੱਲੀ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ਼੍ਰੀ ਮੋਹਨ ਸਿੰਘ ਬਿਸ਼ਟ ਨੇ ਵੀ NeVA ਸਿਖਲਾਈ ਵਿੱਚ ਸ਼ਿਰਕਤ ਕੀਤੀ। ਇਸ ਪਹਿਲਕਦਮੀ ਦੀ ਸ਼ਲਾਘਾ ਕਰਦੇ ਹੋਏ, ਸ਼੍ਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ, ÷ਮਾਨਯੋਗ ਸਪੀਕਰ ਸ਼੍ਰੀ ਵਿਜੇਂਦਰ ਗੁਪਤਾ ਦੀ ਅਗਵਾਈ ਹੇਠ, ਦਿੱਲੀ ਵਿਧਾਨ ਸਭਾ ਨੇ ਸਿਰਫ਼ 100 ਦਿਨਾਂ ਵਿੱਚ ਇੱਕ ਪੂਰੀ ਤਰ੍ਹਾਂ ਕਾਗਜ਼ ਰਹਿਤ ਵਿਧਾਨ ਪ੍ਰਣਾਲੀ ਨੂੰ ਸਫਲਤਾਪੂਰਵਕ ਅਪਣਾਇਆ ਹੈ। ਇਹ ਇੱਕ ਮਿਸਾਲੀ ਪ੍ਰਾਪਤੀ ਹੈ, ਜਿਸ ਨਾਲ ਦਿੱਲੀ ਦੇਸ਼ ਦੀ ਸਭ ਤੋਂ ਤੇਜ਼ ਰਾਜ ਵਿਧਾਨ ਸਭਾ ਬਣ ਗਈ ਹੈ



ਜਿਸਨੇ ਪੂਰੀ ਤਰ੍ਹਾਂ ਡਿਜੀਟਲ ਤਬਦੀਲੀ ਪ੍ਰਾਪਤ ਕੀਤੀ ਹੈ। ਇਹ ਆਧੁਨਿਕ ਸ਼ਾਸਨ ਪ੍ਰਤੀ ਇੱਕ ਮਜ਼ਬੂਤ ਦ੍ਰਿਸ਼ਟੀਕੋਣ ਅਤੇ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।÷ ਇਸ ਮੌਕੇ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਕਿਹਾ ਕਿ ਨੇਵਾ ਸਿਖਲਾਈ ਦਾ ਪੂਰਾ ਹੋਣਾ ਵਿਧਾਨ ਸਭਾ ਦੇ ਕਾਗਜ਼ ਰਹਿਤ ਅਤੇ ਤਕਨਾਲੋਜੀ-ਅਧਾਰਤ ਵਿਧਾਨਕ ਢਾਂਚੇ ਵੱਲ ਵਧਣ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮਾਨਸੂਨ ਸੈਸ਼ਨ ਤੋਂ ਪਹਿਲਾਂ, ਨੇਵਾ ਸਿਖਲਾਈ ਕੇਂਦਰ ਸਾਰੇ ਵਿਧਾਇਕਾਂ ਲਈ ਖੁੱਲ੍ਹਾ ਰਹੇਗਾ ਤਾਂ ਜੋ ਉਹ ਇਸ ਪਲੇਟਫਾਰਮ ਦੀਆਂ ਵਿਸ਼ੇਸ਼ਤਾਵਾਂ ਬਾਰੇ ਹੋਰ ਮਾਰਗਦਰਸ਼ਨ ਪ੍ਰਾਪਤ ਕਰ ਸਕਣ। ਸਿਖਲਾਈ ਦੌਰਾਨ, ਸੰਸਦੀ ਮਾਮਲਿਆਂ ਦੇ ਮੰਤਰਾਲੇ (MoPA) ਦੇ ਮਾਹਿਰਾਂ ਨੇ ਮਾਨਯੋਗ ਮੰਤਰੀਆਂ ਅਤੇ ਵਿਧਾਇਕਾਂ ਨੂੰ NeVA ਪਲੇਟਫਾਰਮ ਦੇ ਵੱਖ-ਵੱਖ ਮਾਡਿਊਲਾਂ ਜਿਵੇਂ ਕਿ ਡਿਜੀਟਲ ਲਿਸਟ ਆਫ਼ ਬਿਜ਼ਨਸ (LoB), ਇਲੈਕਟ?ਰਾਨਿਕ ਦਸਤਾਵੇਜ਼ਾਂ ਤੱਕ ਪਹੁੰਚ, ਨਵੀਨਤਮ ਤਕਨੀਕੀ ਬੁਨਿਆਦੀ ਢਾਂਚੇ ਦੀ ਵਰਤੋਂ ਆਦਿ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਸਿਖਲਾਈ ਕੇਂਦਰ ਵਿੱਚ ਹਾਲ ਹੀ ਵਿੱਚ ਸਥਾਪਿਤ ਕੀਤੇ ਗਏ 18 ਨਵੇਂ ਕੰਪਿਊਟਰਾਂ ਰਾਹੀਂ ਸਿਸਟਮ ਨਾਲ ਵਿਹਾਰਕ ਅਭਿਆਸ ਵੀ ਕੀਤਾ। ਡਿਜੀਟਲ ਪਰਿਵਰਤਨ ਦੇ ਤਹਿਤ, ਮਾਨਯੋਗ ਮੰਤਰੀਆਂ ਅਤੇ ਵਿਧਾਇਕਾਂ ਨੂੰ NeVA ਮੋਬਾਈਲ ਐਪਲੀਕੇਸ਼ਨ ਨਾਲ ਲੈਸ ਸਮਾਰਟਫੋਨ ਪ੍ਰਦਾਨ ਕੀਤੇ ਗਏ ਸਨ ਜੋ ਉਹਨਾਂ ਨੂੰ ਵਿਧਾਨਕ ਕੰਮ ਅਤੇ ਰੀਅਲ-ਟਾਈਮ ਅਪਡੇਟਸ ਤੱਕ ਨਿਰਵਿਘਨ ਪਹੁੰਚ ਦੇ ਯੋਗ ਬਣਾਉਣਗੇ। ਦਿੱਲੀ ਵਿਧਾਨ ਸਭਾ ਨੇ ਰਾਸ਼ਟਰੀ ਈ-ਵਿਧਾਨ ਐਪਲੀਕੇਸ਼ਨ (NeVA) ਦੇ ਤਹਿਤ ਪੂਰੀ ਤਰ੍ਹਾਂ ਡਿਜੀਟਲ ਵਿਧਾਨਕ ਕੰਮਕਾਜ ਵੱਲ ਸੁਚਾਰੂ ਢੰਗ ਨਾਲ ਅੱਗੇ ਵਧਣ ਅਤੇ ਨਿਰੰਤਰ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ।

## ਪੰਜਾਬ ’ਚ ਇਨਸਾਨੀਅਤ ਸ਼ਰਮਸਾਰ ! ਨਵਜੰਮੇ ਮੁੰਡੇ ਨੂੰ ਕੱਪੜੇ ’ਚ ਲਪੇਟ ਕੇ ਖੇਤਾਂ ’ਚ ਸੁੱਟਿਆ

ਫਿਲੌਰ 23 ਜੁਲਾਈ। ਫਿਲੌਰ ਦੇ ਨੇੜਲੇ ਪਿੰਡ ਸਮਰਾੜੀ ’ਚ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀ ਇਕ ਘਟਨਾ ਸਾਹਮਣੇ ਆਈ ਹੈ। ਇਥੇ ਜਦੋਂ ਇਕ ਕਿਸਾਨ ਆਪਣੇ ਖੇਤਾਂ ’ਚ ਕੰਮ ਕਰਨ ਜਾ ਰਿਹਾ ਸੀ ਤਾਂ ਉਸ ਨੂੰ ਇਕ ਨਵ-ਜੰਮਿਆ ਬੱਚਾ ਕੱਪੜੇ ’ਚ ਲਪੇਟਿਆ ਹੋਇਆ ਮਿਲਿਆ।ਵੇਖਣ ਤੋਂ ਸਾਫ਼ ਪਤਾ ਚਲਦਾ ਸੀ ਕਿ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਕਿਸੇ ਨੇ ਉਸ ਨੂੰ ਕੱਪੜੇ ’ਚ ਲਪੇਟ ਉਥੇ ਸੁੱਟ ਦਿੱਤਾ। ਮ੍ਰਿਤਕ ਬੱਚਾ ਇਕ ਲੜਕਾ ਸੀ, ਜਿਸ ਦੇ ਪੇਟ ਨਾਲ ਨਾੜੂਆ ਲਪੇਟਿਆ ਹੋਇਆ ਸੀ। ਜਦੋਂ ਕਿਸਾਨ ਨੇ ਬੱਚੇ ਨੂੰ ਧਿਆਨ ਨਾਲ ਵੇਖਿਆ ਤਾਂ ਸਰੀਰ ’ਚ ਕੋਈ ਹਰਕਤ ਨਹੀਂ ਸੀ, ਉਹ ਮਰ ਚੁੱਕਾ ਸੀ। ਸਥਿਤੀ ਤੋਂ ਇਹ ਸਪੱਸ਼ਟ ਹੋ ਗਿਆ ਕਿ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਕਿਸੇ ਨੇ ਬੱਚੇ ਨੂੰ ਕੱਪੜੇ ’ਚ ਲਪੇਟ ਕੇ ਮਾਰ ਦਿੱਤਾ ਸੀ ਅਤੇ ਖੇਤ ’ਚ ਸੁੱਟ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸਾਰੇ ਵੱਡੇ ਅਤੇ ਛੋਟੇ ਹਸਪਤਾਲਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਹਨ ਕਿ ਕੋਈ ਵੀ ਹਸਪਤਾਲ ਮੈਨੇਜਰ ਅਲਟਰਾਸਾਊਂਡ ਕਰਕੇ ਗਰਭ ’ਚ ਪਲ ਰਹੇ ਬੱਚੇ ਦੀ ਜਾਣਕਾਰੀ ਗੁਪਤ ਰੱਖੇਗਾ ਅਤੇ ਕੋਈ ਵੀ ਹਸਪਤਾਲ ਜਾਣਕਾਰੀ ਲਏ ਬਿਨਾਂ ਗੈਰ-ਕਾਨੂੰਨੀ ਗਰਭਪਾਤ ਨਹੀਂ ਕਰੇਗਾ। ਇਸ ਦੇ ਬਾਵਜੂਦ ਇਕ ਔਰਤ ਨੇ ਹਸਪਤਾਲ ਦੀ ਮਦਦ ਨਾਲ ਗੈਰ-ਕਾਨੂੰਨੀ ਤੌਰ ’ਤੇ ਬੱਚੇ ਨੂੰ ਜਨਮ ਦਿੱਤਾ ਅਤੇ ਜਨਮ ਦੇਣ ਤੋਂ ਬਾਅਦ ਉਨ੍ਹਾਂ ਨੇ ਬੱਚੇ ਨੂੰ ਕੱਪੜੇ ’ਚ ਲਪੇਟ ਕੇ ਖੇਤ ’ਚ ਸੁੱਟ ਦਿੱਤਾ। ਕਿਸਾਨ ਦੀ ਸ਼ਿਕਾਇਤ ’ਤੇ ਅੱਪਰਾ ਪੁਲਸ ਚੌਕੀ ਤੋਂ ਨਿਰਮਲ ਸਿੰਘ ਦੀ ਪੁਲਸ ਪਾਰਟੀ ਨੇ ਨਵ-ਜੰਮੇ ਬੱਚੇ ਦੀ ਲਾਸ਼ ਨੂੰ ਆਪਣੀ ਹਿਰਾਸਤ ’ਚ ਲੈ ਲਿਆ ਅਤੇ ਸਥਾਨਕ ਸਿਵਲ ਹਸਪਤਾਲ ’ਚ ਰੱਖ ਦਿੱਤਾ। ਪੁਲਸ ਹੁਣ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਕੇ ਦੋਸ਼ੀਆਂ ਦੀ ਪਛਾਣ ਕਰਨ ’ਚ ਲੱਗੀ ਹੋਈ ਹੈ।

# ਪੰਜਾਬ ਦਾ ਇਹ ਜ਼ਿਲ੍ਹਾ ਸੀਲ, ਪੁਲਸ ਨੇ ਲਾਏ ਹਾਈਟੈਕ ਨਾਕੇ

**ਕੌਮੀ ਪਤ੍ਰਿਕਾ**

ਗੁਰਦਾਸਪੁਰ 23 ਜੁਲਾਈ। ਜ਼ਿਲ੍ਹਾ ਗੁਰਦਾਸਪੁਰ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੇ ਚਲਦਿਆਂ ਪੁਲਸ ਵੱਲੋਂ ਬੀਤੀ ਦੇਰ ਸ਼ਾਮ 35 ਦੇ ਕਰੀਬ ਨਾਕੇ ਲਗਾ ਕੇ ਗੁਰਦਾਸਪੁਰ ਜ਼ਿਲੇ ਨੂੰ ਪੂਰੀ ਤਰ੍ਹਾਂ ਸੀਲ ਕੀਤਾ। ਇਸ ਦੌਰਾਨ ਐੱਸ.ਐੱਸ.ਪੀ. ਅਦਿੱਤਿਆ ਆਈ.ਪੀ.ਐਸ. ਖੁਦ ਵੱਖ-ਵੱਖ ਥਾਵਾਂ ’ਤੇ ਪਹੁੰਚ ਕੇ ਚੈਕਿੰਗ ਕੀਤੀ ਅਤੇ ਮੌਕੇ ’ਤੇ ਮੌਜੂਦ ਵੱਖ-ਵੱਖ ਥਾਣਾ ਮੁਖੀਆਂ ਅਤੇ ਹੋਰ ਪੁਲਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਵਿਚ ਕੋਈ ਵੀ ਢਿਲ ਮੱਠ ਨਾ ਵਰਤੀ ਜਾਵੇ। ਇਸ ਦੌਰਾਨ ਗੁਰਦਾਸਪੁਰ ਸ਼ਹਿਰ ਦੇ ਵੱਖ-ਵੱਖ ਚੌਂਕਾਂ ਅਤੇ ਐਂਟਰੀ ਪੁਆਇੰਟਾਂ ਤੇ ਨਾਕੇ ਲਗਾਉਣ ਦੇ ਇਲਾਵਾ ਗੁਰਦਾਸਪੁਰ ਜ਼ਿਲ੍ਹੇ ਵਿੱਚ ਦਾਖਲ ਹੋਣ ਵਾਲੇ ਪ੍ਰਮੁੱਖ ਰਸਤਿਆਂ ’ਤੇ ਵੀ ਵਿਸ਼ੇਸ਼ ਨਾਕਾਬੰਦੀ ਕੀਤੀ ਗਈ। ਇਸ ਦੇ ਨਾਲ ਹੀ ਸੈਕਿੰਡ ਲਾਈਨ ਆਫ ਡਿਫੈਂਸ ਨਾਲ ਸੰਬੰਧਿਤ ਸਰਹੱਦੀ ਖੇਤਰ ਵਿੱਚ ਵੀ ਪੂਰੀ ਮੁਸ਼ਤੈਦੀ ਨਾਲ ਹਾਈਟੈਕ ਨਾਕੇ ਲਗਾਏ ਗਏ। ਇਨ੍ਹਾਂ ਨਾਕਿਆਂ ਦਾ ਨਿਰੀਖਣ ਕਰਨ ਉਪਰੰਤ ‘ਜਗ ਬਾਣੀ’ ਨਾਲ ਗੱਲਬਾਤ ਕਰਦਿਆਂ ਐੱਸ.ਐੱਸ.ਪੀ. ਅਦਿਤਿਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦੀਆਂ ਹਦਾਇਤਾਂ ’ਤੇ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਸ ਵੱਲੋਂ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀ




ਅਚਨਚੇਤ ਸੀਲਿੰਗ ਕਰਕੇ ਵੱਖ-ਵੱਖ ਸਮੇਂ ਦੌਰਾਨ ਚੈਕਿੰਗ ਕੀਤੀ ਜਾਂਦੀ ਹੈ ਅਤੇ ਨਾਲ ਹੀ ਪੁਲਸ ਵੱਲੋਂ ਵੱਖ-ਵੱਖ ਥਾਵਾਂ ’ਤੇ ਨਾਕੇ ਲਗਾ ਕੇ ਹਰੇਕ ਆਉਣ ਜਾਣ ਵਾਲੇ ਸ਼ੱਕੀ ਵਿਅਕਤੀਆਂ ਦੀ ਪੁੱਛ ਪੜਤਾਲ ਕਰਨ ਦਾ ਸਿਲਸਿਲਾ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ 35 ਦੇ ਕਰੀਬ ਨਾਕੇ ਲਗਾ ਕੇ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਹੈ ਅਤੇ ਵੱਖ-ਵੱਖ ਆਉਣ ਵਾਲੇ ਲੋਕਾਂ ਕੋਲੋਂ ਪੁੱਛਗਿਸ਼ ਕਰਨ ਦੇ ਇਲਾਵਾ ਵਾਹਨਾਂ ਦੇ ਦਸਤਾਵੇਜ਼ ਵੀ ਚੈੱਕ ਕੀਤੇ ਜਾ ਰਹੇ ਹਨ। ਐੱਸ.ਐੱਸ.ਪੀ. ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਤੇ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਬਣਾਈ ਰੱਖਣ ਲਈ ਪੁਲਸ ਪੂਰੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ। ਅਤੇ ਹਰੇਕ ਪੁਲਸ ਮੁਲਾਜ਼ਮ ਅਤੇ ਅਧਿਕਾਰੀ ਨੂੰ ਇਹ ਸਪੱਸ਼ਟ ਹਦਾਇਤ ਕੀਤੀ ਗਈ ਹੈ ਕਿ ਉਹ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਲਾਪਰਵਾਹੀ ਨਾ ਵਰਤੇ। ਉਨ੍ਹਾਂ ਕਿਹਾ ਕਿ ਅੱਜ ਦੀ ਚੈਕਿੰਗ ਦੌਰਾਨ ਗੁਰਦਾਸਪੁਰ ਸ਼ਹਿਰ ਅੰਦਰ ਟਰੈਫਿਕ ਵਿਵਸਥਾ ਨੂੰ ਹੋਰ ਸੁਧਾਰਨ ਲਈ ਵੀ ਉਪਰਾਲਾ ਕੀਤਾ ਗਿਆ ਹੈ ਜਦੋਂ ਕਿ ਨਜਾਇਜ਼ ਪਾਰਕਿੰਗ ਨੂੰ ਰੋਕਣ ਅਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਨੂੰ ਰੋਕਣ ਲਈ ਪੁਲਿਸ ਪਹਿਲਾਂ ਹੀ ਵੱਡੇ ਪੱਧਰ ’ਤੇ ਕੰਮ ਕਰ ਰਹੀ ਹੈ। ਐੱਸ.ਐੱਸ.ਪੀ. ਨੇ ਦੱਸਿਆ ਕਿ ਅੱਜ ਦੀ ਨਾਕਾਬੰਦੀ ਦੌਰਾਨ ਜਿੱਥੇ ਐਸਪੀ ਅਤੇ ਡੀਐਸਪੀ ਪੱਧਰ ਦੇ ਅਧਿਕਾਰੀਆਂ ਸਮੇਤ ਸਮੂਹ ਥਾਣਾ ਮੁਖੀ ਤੈਨਾਤ ਹਨ ਉਸ ਦੇ ਨਾਲ ਹੀ ਵੱਖ-ਵੱਖ ਦਫਤਰੀ ਸਟਾਫ ਸਮੇਤ ਹੋਰ ਪੁਲਿਸ ਮੁਲਾਜ਼ਮਾਂ ਨੂੰ ਵੀ ਵਿਸ਼ੇਸ਼ ਤੌਰ ਤੇ ਡਿਊਟੀ ਲਗਾ ਕੇ ਨਾਕਿਆਂ ਤੇ ਤੈਨਾਤ ਕੀਤਾ ਗਿਆ ਹੈ।

# ਵਧਦੀ ਆਮਦਨ ਨੇ ਕਰੂਜ਼ ਯਾਤਰਾ ਨੂੰ ਬਣਾਇਆ ਨਵਾਂ ਰੁਝਾਨ: ਸੋਨੋਵਾਲ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 23 ਜੁਲਾਈ। ਕੇਂਦਰੀ ਬੰਦਰਗਾਹਾਂ, ਜਹਾਜ਼ਰਾਨੀ ਅਤੇ ਜਲਮਾਰਗ ਮੰਤਰੀ ਸਰਬਾਨੰਦ ਸੋਨੋਵਾਲ ਦਾ ਕਹਿਣਾ ਹੈ ਕਿ ਪਿਛਲੇ ਦਹਾਕੇ ਦੌਰਾਨ ਭਾਰਤ ਵਿੱਚ ਕਰੂਜ਼ ਯਾਤਰੀਆਂ ਦੀ ਗਿਣਤੀ ਵਿੱਚ ਪੰਜ ਗੁਣਾ ਵਾਧਾ ਵਧਦੀ ਆਮਦਨ, ਪ੍ਰੀਮੀਅਮ ਯਾਤਰਾ ਅਨੁਭਵਾਂ ਦੀ ਇੱਛਾ ਅਤੇ ਕਰੂਜ਼ ਸੈਰ-ਸਪਾਟੇ ਬਾਰੇ ਵੱਧ ਰਹੀ ਜਾਗਰੂਕਤਾ ਕਾਰਨ ਹੋਇਆ ਹੈ। ਸ਼ਾਂਤਨੂ ਨੰਦਨ ਸ਼ਰਮਾ ਦਾ ਕਹਿਣਾ ਕਿ 2013-14 ਵਿੱਚ, ਸਮੁੰਦਰੀ ਕਰੂਜ਼ ਯਾਤਰੀਆਂ ਦੀ ਗਿਣਤੀ ਸਿਰਫ਼ 84,000 ਸੀ, ਜੋ ਪਿਛਲੇ ਵਿੱਤੀ ਸਾਲ ਵਿੱਚ ਵਧ ਕੇ ਲਗਭਗ 500,000 ਹੋ ਗਈ। ਇਹ ਸਿਰਫ਼ 11 ਸਾਲਾਂ ਵਿੱਚ ਲਗਭਗ 500% ਦਾ ਵਾਧਾ ਦਰਸਾਉਂਦਾ ਹੈ, ਜੋ ਕਿ ਇਸ ਖੇਤਰ ਵਿੱਚ ਭਵਿੱਖ ਦੀ ਵਿਕਾਸ ਸੰਭਾਵਨਾ ਨੂੰ ਵੀ ਦਰਸਾਉਂਦਾ ਹੈ। ਵਿੱਤੀ ਸਾਲ 2024-25 ਵਿੱਚ, 93 ਅੰਤਰਰਾਸ਼ਟਰੀ ਕਰੂਜ਼ ਜਹਾਜ਼ ਭਾਰਤੀ ਬੰਦਰਗਾਹਾਂ ’ਤੇ ਬੁਲਾਏ ਗਏ। ਇਹ ਵੱਡਾ ਵਾਧਾ ਸਰਕਾਰ ਦੇ ਦਹਾਕਿਆਂ ਤੋਂ ਸੁਸਤ ਪਈ ਨੀਤੀ ਵਿੱਚ ਬਦਲਾਅ ਲਿਆ ਕੇ, ਵਿੱਤੀ ਅਤੇ ਟੈਕਸ ਪ੍ਰੋਤਸਾਹਨ ਪ੍ਰਦਾਨ ਕਰਕੇ, ਅੰਤਰਰਾਸ਼ਟਰੀ ਸਭ ਤੋਂ ਵਧੀਆ ਅਭਿਆਸਾਂ ਨੂੰ ਅਪਣਾ ਕੇ, ਵਿਸ਼ਵ ਪੱਧਰੀ ਕਰੂਜ਼ ਟਰਮੀਨਲਾਂ ਸਮੇਤ ਕਰੂਜ਼ ਬੁਨਿਆਦੀ ਢਾਂਚਾ ਤਿਆਰ ਕਰਕੇ, ਅਤੇ ਕਈ ਹੋਰ ਕਰੂਜ਼-ਸੈਰ-ਸਪਾਟਾ ਅਨੁਕੂਲ ਉਪਾਵਾਂ ਦੁਆਰਾ ਦੇਸ਼ ਵਿੱਚ ਇੱਕ ਬਹੁਤ ਵਧੀਆ ਕਰੂਜ਼ ਸੈਰ-ਸਪਾਟਾ ਈਕੋਸਿਸਟਮ ਪ੍ਰਦਾਨ ਕਰਨ ਦੇ ਠੋਸ ਯਤਨਾਂ ਕਾਰਨ ਹੋਇਆ ਹੈ। ਕਰੂਜ਼ ਟੂਰਿਜ਼ਮ ਦਾ ਅਨੁਭਵ ਕਰਨ ਵਾਲੇ ਉੱਚ ਮੱਧ ਵਰਗ ਦੇ ਭਾਰਤੀਆਂ ਦੇ ਰੁਝਾਨ ਨੂੰ ਦੇਖਦਿਆਂ ਉਨ੍ਹਾਂ ਕਿਹਾ ਕਿ ਕਰੂਜ਼ ਟੂਰਿਜ਼ਮ ਭਾਰਤ ਦੇ ਉੱਚ ਮੱਧ ਵਰਗ ਦੇ ਵਰਗ ਵਿੱਚ ਮਜ਼ਬੂਤ ਖਿੱਚ ਪ੍ਰਾਪਤ ਕਰ ਰਿਹਾ ਹੈ। ਇੱਕ ਵਧਦੇ ਮੱਧ ਅਤੇ ਉੱਚ ਮੱਧ ਵਰਗ ਦੇ ਹੱਥੋਂ ਵਧਦੀ ਡਿਸਪੋਸੇਬਲ ਆਮਦਨ ਉਨ੍ਹਾਂ ਨੂੰ ਕਰੂਜ਼ ਨੂੰ ਇੱਕ ਪਸੰਦੀਦਾ ਮਨੋਰੰਜਨ ਵਿਕਲਪ ਵਜੋਂ



ਅਪਣਾਉਣ ਦੇ ਯੋਗ ਬਣਾ ਰਹੀ ਹੈ। ਇਹ ਵਾਧਾ ਵੱਧ ਰਹੀ ਡਿਸਪੋਸੇਬਲ ਆਮਦਨ, ਪ੍ਰੀਮੀਅਮ ਯਾਤਰਾ ਅਨੁਭਵਾਂ ਲਈ ਵਧਦੀਆਂ ਇੱਛਾਵਾਂ ਅਤੇ ਕਰੂਜ਼ ਛੁੱਟੀਆਂ ਪ੍ਰਤੀ ਵਧਦੀ ਜਾਗਰੂਕਤਾ ਦੁਆਰਾ ਚਲਾਇਆ ਜਾਂਦਾ ਹੈ। ਮੈਰੀਟਾਈਮ ਇੰਡੀਆ ਵਿਜ਼ਨ 2030 ਮੱਧ ਅਤੇ ਉੱਚ ਮੱਧ ਵਰਗ ਦੀ ਵਧਦੀ ਮੰਗ ਦਾ ਹਵਾਲਾ ਦਿੰਦੇ ਹੋਏ, 2030 ਤੱਕ ਭਾਰਤੀ ਕਰੂਜ਼ ਬਾਜ਼ਾਰ ਦੇ ਅੱਠ ਗੁਣਾ ਵਿਸਥਾਰ ਦਾ ਪ੍ਰੋਜੈਕਟ ਹੈ।

## ਪੰਜਾਬ ’ਚ ਬਿਜਲੀ ਵਿਭਾਗ ਨੂੰ ਰੋਜ਼ਾਨਾ ਪੈ ਰਿਹਾ ਲੱਖਾਂ ਰੁਪਏ ਦਾ ਘਾਟਾ

ਤਰਨਤਾਰਨ 23 ਜੁਲਾਈ। ਪੰਜਾਬ ਸਰਕਾਰ ਵੱਲੋਂ ਸੂਬੇ ਦੇ ਬਿਜਲੀ ਖਪਤਕਾਰਾਂ ਨੂੰ ਮੁਫਤ ਬਿਜਲੀ ਯੂਨਿਟ ਦੇਣ ਦੀ ਸਕੀਮ ਲਾਗੂ ਕੀਤੀ ਗਈ ਸੀ, ਜਿਸ ਦਾ ਵੱਡੀ ਗਿਣਤੀ ਵਿਚ ਖਪਤਕਾਰਾਂ ਵੱਲੋਂ ਲਾਭ ਲੈਂਦੇ ਹੋਏ ਸਰਕਾਰ ਦੀ ਤਾਰੀਫ ਕੀਤੀ ਜਾ ਰਹੀ ਹੈ ਪ੍ਰੰਤੂ ਸਥਾਨਕ ਸ਼ਹਿਰ ਦੇ ਅੰਮ੍ਰਿਤਸਰ ਰੋਡ ਉਪਰ ਮੌਜੂਦ ਕਈ ਲੋਕ ਅਤੇ ਫੁੱਟਪਾਥਾਂ ਉਪਰ ਮੌਜੂਦ ਵੱਖ-ਵੱਖ ਕਾਰੋਬਾਰੀਆਂ ਵੱਲੋਂ ਸ਼ਰੇਆਮ ਬਿਜਲੀ ਦੀਆਂ ਕੁੰਡੀਆਂ ਪਾਉਂਦੇ ਹੋਏ ਬਿਜਲੀ ਚੋਰੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਹੈ। ਜਿਸ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਰੋਜ਼ਾਨਾ ਮੋਟਾ ਚੂਨਾ ਲੱਗ ਰਿਹਾ ਹੈ। ਗੱਲਬਾਤ ਕਰਦੇ ਹੋਏ ਯੂਨਾਈਟਡ ਸਟੇਟ ਯੂਨੀਅਨ ਦੇ ਸੂਬਾ ਸਕੱਤਰ ਕਾਮਰੇਡ ਹਰਜਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸਥਾਨਕ ਸ਼ਹਿਰ ਦੇ ਅੰਮ੍ਰਿਤਸਰ ਰੋਡ, ਨਜ਼ਦੀਕ ਸਰਕਾਰੀ ਹਸਪਤਾਲ ਅਤੇ ਹੋਰ ਥਾਵਾਂ ਉਪਰ ਵੱਖ-ਵੱਖ ਲੋਕਾਂ ਅਤੇ ਕਾਰੋਬਾਰੀਆਂ ਵੱਲੋਂ ਪਾਵਰ ਕਾਰਪੋਰੇਸ਼ਨ ਨੂੰ ਚੂਨਾ ਲਗਾਉਂਦੇ ਹੋਏ ਸ਼ਰੇਆਮ ਕੁੰਡੀਆਂ ਪਾਈਆਂ ਜਾ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ ਹੋਰ ਆਸ-ਪਾਸ ਦੇ ਇਲਾਕਿਆਂ ਵਿਚ ਸੜਕਾਂ ਕਿਨਾਰੇ ਵੱਖ-ਵੱਖ ਕਾਰੋਬਾਰ ਕਰਨ ਵਾਲੇ ਰੇਹੜੀ, ਫੜ੍ਹੀ ਵਾਲਿਆਂ ਵੱਲੋਂ ਦਿਨ-ਦਿਹਾੜੇ ਬਿਜਲੀ ਚੋਰੀ ਕੀਤੀ ਜਾ ਰਹੀ ਹੈ। ਗਿੱਲ ਨੇ ਦੱਸਿਆ ਕਿ ਇਨ੍ਹਾਂ ਵਿਚ ਕਈ ਅਜਿਹੇ ਲੋਕ ਵੀ ਮੌਜੂਦ ਹਨ, ਜਿਨ੍ਹਾਂ ਵੱਲੋਂ ਕਦੇ ਵੀ ਬਿਜਲੀ ਮੀਟਰ ਤੱਕ ਅਪਲਾਈ ਨਹੀਂ ਕੀਤਾ ਗਿਆ ਅਤੇ ਸ਼ਰੇਆਮ ਬਿਜਲੀ ਚੋਰੀ ਕਰਦੇ ਹੋਏ ਆਪਣਾ ਕਾਰੋਬਾਰ ਚਲਾ ਰਹੇ ਹਨ। ਉਧਰ ਪਾਵਰ ਕਾਰਪੋਰੇਸ਼ਨ ਵੱਲੋਂ ਲੋਕਾਂ ਨੂੰ ਲਗਾਤਾਰ ਘੱਟ ਤੋਂ ਘੱਟ ਬਿਜਲੀ ਦੀ ਖਪਤ ਕਰਨ ਸਬੰਧੀ ਜਾਗਰੂਕ ਕਰਦੇ ਹੋਏ ਸੁਨੇਹੇ ਭੇਜੇ ਜਾ ਰਹੇ ਹਨ ਅਤੇ ਦੂਜੇ ਪਾਸੇ ਬਿਜਲੀ ਦੀ ਇਸ ਹੋ ਰਹੀ ਚੋਰੀ ਨਾਲ ਪਾਵਰ ਕਾਰਪੋਰੇਸ਼ਨ ਨੂੰ ਵੱਡਾ ਘਾਟਾ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਕਸੀਅਨ ਸ਼ਹਿਰੀ ਤਰਸੇਮ ਕੁਮਾਰ ਨੇ ਦੱਸਿਆ ਕਿ ਬਿਜਲੀ ਚੋਰੀ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ ਪ੍ਰੰਤੂ ਉਹ ਐੱਸ.ਡੀ.ਓ ਨੂੰ ਜਲਦ ਐਕਸ਼ਨ ਲੈਣ ਸਬੰਧੀ ਆਦੇਸ਼ ਜਾਰੀ ਕਰਨਗੇ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਕਰਨਾ ਗੈਰ ਕਾਨੂੰਨੀ ਹੈ।

# ਗੁਰਦਾਸਪੁਰ ਦੇ 2 ਕਿਸਾਨ ਭਰਾ ਬਣੇ ਮਿਸਾਲ, 12 ਸਾਲਾਂ ਤੋਂ ਪਰਾਲੀ ਨੂੰ ਅੱਗ ਲਾਏ ਬਿਨਾਂ ਕਰ ਰਹੇ ਖੇਤੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 23 ਜੁਲਾਈ। ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕਰਨ ’ਚ ਹਰੇਕ ਵਰਗ ਚਾਹੇ ਉਦਯੋਗਪਤੀ ਹੋਵੇ ਜਾਂ ਆਮ ਨਾਗਰਿਕ ਹਰੇਕ ਵਿਅਕਤੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਿਸਾਨਾਂ ਦਾ ਅਜਿਹਾ ਵਰਗ ਜੋ ਵਾਤਾਵਰਣ, ਮਿੱਟੀ ਅਤੇ ਪਾਣੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ’ਚ ਅਹਿਮ ਭੂਮਿਕਾ ਨਿਭਾ ਸਕਦਾ ਹੈ ਅਤੇ ਬਹੁਤ ਸਾਰੇ ਕਿਸਾਨ ਇਹ ਭੂਮਿਕਾ ਨਿਭਾਅ ਵੀ ਰਹੇ ਹਨ। ਅਜਿਹੇ ਹੀ ਕਿਸਾਨਾਂ ’ਚੋਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਕਾਵਾਂ ਦੇ 2 ਕਿਸਾਨ ਭਰਾ ਸਰਬਜੀਤ ਸਿੰਘ ਅਤੇ ਰਣਜੀਤ ਸਿੰਘ ਪੁੱਤਰ ਹਰਭਜਨ ਸਿੰਘ ਹਨ, ਜੋ ਪਿਛਲੇ 12 ਸਾਲ ਤੋਂ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਲਗਾਏ ਬਗੈਰ ਕਿਰਾਏ ਤੇ ਖੇਤੀ ਮਸ਼ੀਨਰੀ ਸੁਪਰ ਸੀਡਰ ਲੈ ਕੇ ਕਣਕ ਦੀ ਬਿਜਾਈ ਕਰਦੇ ਹਨ। ਝੋਨੇ ਦੀ ਪਰਾਲੀ ਨੂੰ ਖੇਤ ’ਚ ਵਾਹ ਕੇ ਕਣਕ ਦੀ ਬਿਜਾਈ ਕਰ ਕੇ ਦੂਸਰੇ ਕਿਸਾਨਾਂ ਲਈ ਚਾਨਣ ਮੁਨਾਰੇ ਵਜੋਂ ਕੰਮ ਕਰ ਰਹੇ ਹਨ। ਦੋਵੇਂ ਭਰਾ ਸਾਂਝੇ ਤੌਰ ’ਤੇ ਖੇਤੀ ਕਰਦੇ ਹਨ। ਦੋਹਾਂ ਭਰਾਵਾਂ ਦਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਖੇਤੀ ਮਾਹਿਰਾਂ ਨਾਲ ਲਗਾਤਾਰ ਸੰਪਰਕ ਬਣਿਆ ਹੋਇਆ ਹੈ। ਉਹ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਲਗਾਏ ਜਾਂਦੇ ਕੈਂਪਾਂ ਵਿਚ ਸ਼ਾਮਲ ਹੁੰਦੇ ਹਨ ਅਤੇ ਖੇਤੀ ਨਾਲ ਸਬੰਧਤ ਲਿਟਰੇਚਰ ਵੀ ਪੜ੍ਹਦੇ ਹਨ। ਸਰਬਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਹਰਭਜਨ ਸਿੰਘ ਨੇ ਹਮੇਸ਼ਾ ਇਹੋ ਸਿੱਖਿਆ ਦਿੱਤੀ ਕਿ ਕਿਸੇ ਵੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਹੀਂ ਲਗਾਉਣੀ, ਸਗੋਂ ਰਹਿੰਦ-ਖੂੰਹਦ ਨੂੰ ਜ਼ਮੀਨ ਵਿਚ ਹੀ ਸੰਭਾਲਣਾ ਹੈ ਤਾਂ ਜੋ ਮਿੱਟੀ ਦੇ ਸਿਹਤ ਬਰਕਰਾਰ ਰਹੇ, ਕਿਉਂਕਿ ਜੇਕਰ ਮਿੱਟੀ ਦੀ ਸਿਹਤ ਚੰਗੀ ਹੋਵੇਗੀ ਤਾਂ ਵਧੇਰੇ ਪੈਦਾਵਾਰ ਦੇ ਨਾਲ ਨਾਲ ਮਿਆਰੀ ਪੈਦਾਵਾਰ ਵੀ ਮਿਲੇਗੀ।ਉਨ੍ਹਾਂ ਦੱਸਿਆ ਕਿ ਝੋਨੇ ਦੀ ਪਰਾਲੀ ਅਤੇ ਕਣਕ ਦਾ ਨਾੜ ਖੇਤਾਂ ਵਿਚ ਸੰਭਾਲਣ ਨਾਲ ਖਾਦਾਂ ਦੀ ਖਪਤ ਘੱਟ ਰਹੀ ਹੈ ਅਤੇ ਕੀੜੇ ਮਕੌੜੇ ਘੱਟ ਲੱਗਣ ਕਾਰਨ ਖੇਤੀ ਲਾਗਤ ਖ਼ਰਚੇ ਵੀ ਘੱਟ ਹੋ ਰਹੇ ਹਨ ਅਤੇ ਮੁਨਾਫ਼ਾ ਵਧ ਰਿਹਾ ਹੈ। ਉਨ੍ਹਾਂ ਦੱਸਿਆ ਕਿ ਝੋਨੇ ਅਤੇ ਕਣਕ ਨੂੰ 90 ਕਿੱਲੋ ਪ੍ਰਤੀ ਏਕੜ ਤੋਂ ਵੱਧ ਕਦੇ ਖਾਦ ਨਹੀਂ ਵਰਤੀ। ਉਨ੍ਹਾਂ ਦੱਸਿਆ ਕਿ ਸਿਰਫ਼ ਕਣਕ ਦੀ ਫ਼ਸਲ ਨੂੰ ਡੀ. ਏ. ਪੀ. ਖਾਦ ਪਾਈ ਦੀ ਹੈ ਅਤੇ ਝੋਨੇ ਦੀ ਫ਼ਸਲ ਨੂੰ ਡੀ. ਏ. ਪੀ. ਖਾਦ ਨਹੀਂ ਪਾਉਂਦੇ ਹਨ। ਰਣਜੀਤ ਸਿੰਘ ਨੇ ਦੱਸਿਆ ਕਿ ਸੁਪਰ ਸੀਡਰ ਮਹਿੰਗਾ ਹੋਣ ਕਾਰਨ ਕਿਰਾਏ ’ਤੇ ਕਣਕ ਦੀ ਬਿਜਾਈ ਕਰ ਲਈ ਦੀ ਹੈ, ਜਿਸ ਨਾਲ ਮਸ਼ੀਨਰੀ ਦੀ ਰੱਖ ਰਖਾਅ ਤੇ ਆਉਣ ਵਾਲਾ ਖਰਚਾ ਵੀ ਬਚ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 12 ਸਾਲ ਤੋਂ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਾਈ ਅਤੇ ਨਾਂ ਹੀ ਕਿਸੇ ਨੂੰ ਅੱਗ ਲਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ



ਦੱਸਿਆ ਕਿ ਲਾਈਨਾਂ ਵਿਚ ਪਈ ਪਰਾਲੀ ਨੂੰ ਰੀਪਰ ਨਾਲ ਜਾਂ ਆਪੇ ਬਣਾਏ ਜੁਗਾੜ ਨਾਲ ਖਲਾਰ ਲਈ ਜਾਂਦੀ ਹੈ, ਜਿਸ ਉਪਰੰਤ ਸੁਪਰ ਸੀਡਰ ਦੀ ਮਦਦ ਨਾਲ ਕਣਕ ਦੀ ਬਿਜਾਈ ਕਰ ਦਿੱਤੀ ਜਾਂਦੀ ਹੈ ਅਤੇ ਕਦੇ ਵੀ ਕੋਈ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਸਰਬਜੀਤ ਸਿੰਘ ਦੱਸਿਆ ਕਿ ਪਰਾਲੀ ਨੂੰ ਖੇਤਾਂ ਵਿਚ ਰੱਖ ਕੇ ਕਣਕ ਦੀ ਬਿਜਾਈ ਕਰਨ ਨਾਲ ਜ਼ਮੀਨ ਦੀ ਸਿਹਤ ’ਚ ਸੁਧਾਰ ਹੋਇਆ ਹੈ। ਦੋਹਾਂ ਭਰਾਵਾਂ ਨੇ ਕਿਸਾਨਾਂ ਨੂੰ ਅਪੀਲ ਵੀ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਗਾਉਣ ਦੀ ਗ਼ਲਤੀ ਕਰਨ ਅਤੇ ਇਸ ਨੂੰ ਖੇਤ ’ਚ ਹੀ ਗਾਲਣ ਤਾਂ ਜੋ ਖੇਤੀ ਦੇ ਖ਼ਰਚੇ ਵੀ ਘੱਟ ਸਕਣ। ਇਸ ਦੇ ਨਾਲ ਹੀ ਉਨ੍ਹਾਂ ਨੇ ਦੱਸਿਆ ਕਿ ਜ਼ਮੀਨ ਦੀ ਉਪਜਾਊ ਸ਼ਕਤੀ ’ਚ ਕਾਫ਼ੀ ਵਾਧਾ ਹੋਇਆ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਕੁਦਰਤੀ ਸਾਧਨਾਂ ਨੂੰ ਬਚਾਉਣ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋ ਬਚਾਉਣ ਲਈ ਕੰਮ ਕਰ ਰਹੇ ਹਨ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੋਹਾਂ ਕਿਸਾਨ ਭਰਾਵਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਕਿਸਾਨ ਹੋਰਨਾਂ ਕਿਸਾਨਾਂ ਲਈ ਰਾਹ ਦਸੇਰੇ ਵਜੋਂ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕਿਸਾਨਾਂ ਨੂੰ ਵਿਸ਼ੇਸ਼ ਸਮਾਗਮ ਕਰਕੇ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਕਿਸਾਨ ਸਰਬਜੀਤ ਸਿੰਘ ਅਤੇ ਰਣਜੀਤ ਸਿੰਘ ਦੀ ਤਰਾਂ ਆਪਣੇ ਖੇਤਾਂ ਵਿੱਚ ਝੋਨੇ ਦੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਤਾਂ ਜੋ ਜ਼ਮੀਨ ਦੀ ਉਪਜਾਊ ਸ਼ਕਤੀ ਬਣੀ ਰਹੇ।

# ਬਰਨਾਲਾ ਨਗਰ ਕੌਂਸਲ ਦੇ 23 ਕਰੋੜ ਦੇ ਟੈਂਡਰ ਰੱਦ ਹੋਣ ’ਤੇ ਬਵਾਲ, ਮਾਰਨਿੰਗ ਟੇਬਲ ’ਤੇ ਛਾਇਆ ਰਿਹਾ ਮੁੱਦਾ

**ਕੌਮੀ ਪਤ੍ਰਿਕਾ**

ਬਰਨਾਲਾ 23 ਜੁਲਾਈ। ਬਰਨਾਲਾ ਨਗਰ ਕੌਂਸਲ ਵੱਲੋਂ 23 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਟੈਂਡਰਾਂ ਨੂੰ ਰੱਦ ਕਰਨ ਦਾ ਮੁੱਦਾ ਅੱਜ ਬਰਨਾਲਾ ਕਲੱਬ ਦੀ ਮਾਰਨਿੰਗ ਟੇਬਲ ’ਤੇ ਗਰਮਾਇਆ ਰਿਹਾ। ਜਿੱਥੇ ਇਕ ਪਾਸੇ ਨਗਰ ਕੌਂਸਲ ਦੇ ਪ੍ਰਧਾਨ ਗੁਰਜੀਤ ਸਿੰਘ ਨੇ ’ਪੂਲਿੰਗ’ (ਠੇਕੇਦਾਰਾਂ ਵਿਚਕਾਰ ਮਿਲੀਭੁਗਤ) ਦਾ ਹਵਾਲਾ ਦਿੰਦਿਆਂ ਟੈਂਡਰ ਰੱਦ ਕਰਨ ਦਾ ਬਚਾਅ ਕੀਤਾ, ਉੱਥੇ ਦੂਜੇ ਪਾਸੇ ਠੇਕੇਦਾਰਾਂ ਨੇ ਕਿਸੇ ਵੀ ਤਰ੍ਹਾਂ ਦੀ ਪੂਲਿੰਗ ਤੋਂ ਇਨਕਾਰ ਕਰਦਿਆਂ ਟੈਂਡਰਾਂ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਹੈ। ਇਸ ਫੈਸਲੇ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਦੇਰੀ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਨਗਰ ਕੌਂਸਲ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਟੈਂਡਰਾਂ ਵਿੱਚ ਠੇਕੇਦਾਰਾਂ ਵਿਚਕਾਰ ਪੂਲਿੰਗ ਸਾਫ਼ ਦਿਖਾਈ ਦੇ ਰਹੀ ਸੀ, ਜਿਸ ਨਾਲ ਮੁਕਾਬਲਾ ਘੱਟ ਹੋ ਰਿਹਾ ਸੀ ਅਤੇ ਨਗਰ ਕੌਂਸਲ ਨੂੰ ਵਿੱਤੀ ਨੁਕਸਾਨ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਪਾਰਦਰਸ਼ੀ ਪ੍ਰਕਿਰਿਆ ਯਕੀਨੀ ਬਣਾਉਣ ਅਤੇ ਜਨਤਕ ਪੈਸੇ ਦੀ ਸਹੀ ਵਰਤੋਂ ਕਰਨ ਲਈ ਇਹ ਕਦਮ ਚੁੱਕਣਾ ਜ਼ਰੂਰੀ ਸੀ। ਦੂਜੇ ਪਾਸੇ ਪ੍ਰਭਾਵਿਤ ਠੇਕੇਦਾਰਾਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੀ ਪੂਲਿੰਗ ਨਹੀਂ ਕੀਤੀ ਅਤੇ ਇਹ ਫੈਸਲਾ ਮਨਮਾਨਾ ਹੈ। ਇੱਕ ਠੇਕੇਦਾਰ ਨੇ ਨਾਮ ਨਾ ਛਾਪਣ ਦੀ ਸ਼ਰਤ ’ਤੇ ਦੱਸਿਆ, ÷ਅਸੀਂ ਸਾਰੇ ਨਿਯਮਾਂ ਦੀ ਪਾਲਣਾ ਕਰਦਿਆਂ ਟੈਂਡਰ ਭਰੇ ਸਨ। ਹੁਣ ਜਦੋਂ ਟੈਂਡਰ ਖੁੱਲ੍ਹ ਗਏ ਹਨ ਅਤੇ ਅਸੀਂ ਕੰਮ ਕਰਨ ਲਈ ਤਿਆਰ ਹਾਂ, ਤਾਂ ਇਸਨੂੰ ਰੱਦ ਕਰਨਾ ਪੂਰੀ ਤਰ੍ਹਾਂ ਗਲਤ ਹੈ। ਇਸ ਨਾਲ ਸਾਡਾ ਸਮਾਂ ਅਤੇ ਪੈਸਾ ਦੋਵੇਂ ਬਰਬਾਦ ਹੋਏ ਹਨ।÷ ਠੇਕੇਦਾਰਾਂ ਨੇ ਮੰਗ ਕੀਤੀ ਹੈ ਕਿ ਰੱਦ ਕੀਤੇ ਗਏ ਟੈਂਡਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਤਾਂ ਜੋ ਸ਼ਹਿਰ ਦੇ ਵਿਕਾਸ ਕਾਰਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋ ਸਕਣ। ਮਾਰਨਿੰਗ ਟੇਬਲ ਦੇ ਮੈਂਬਰ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾ ਨੇ ਇਸ ਮਾਮਲੇ ’ਤੇ ਆਪਣੀ ਰਾਏ ਦਿੰਦਿਆਂ ਕਿਹਾ ਕਿ ਪਹਿਲਾਂ ਵਿਕਾਸ ਕਾਰਜਾਂ ਦੇ ਟੈਂਡਰ 25 ਤੋਂ 30% ਤੱਕ ’ਲੈੱਸ’ (ਅਨੁਮਾਨਤ ਲਾਗਤ ਤੋਂ ਘੱਟ) ’ਤੇ ਪੈਂਦੇ ਸਨ। ਇਸ ਦਾ ਮਤਲਬ ਹੈ ਕਿ ਜੇਕਰ 1 ਕਰੋੜ ਰੁਪਏ ਦਾ ਕੰਮ ਹੁੰਦਾ ਸੀ, ਤਾਂ ਠੇਕੇਦਾਰ ਉਸ ਨੂੰ 60 ਤੋਂ 65 ਲੱਖ ਰੁਪਏ ਵਿੱਚ ਕਰਨ ਦਾ ਟੈਂਡਰ ਪਾ ਦਿੰਦੇ ਸਨ। ਉਨ੍ਹਾਂ ਦੱਸਿਆ ਕਿ ਇਸ ਵਾਰ ਲੈੱਸ ਸਿਰਫ਼ 10% ਤੋਂ 15% ਹੀ ਪਿਆ ਸੀ। ਸ਼ਰਮਾ ਨੇ ਕਿਹਾ ਕਿ ਟੈਂਡਰ ਰੱਦ ਹੋਣ ਨਾਲ ਨਗਰ ਕੌਂਸਲ ਨੂੰ ਵਿੱਤੀ ਨੁਕਸਾਨ ਤੋਂ ਬਚਾਅ ਹੀ ਹੋਇਆ ਹੈ, ਕਿਉਂਕਿ ਜੇਕਰ ਇਹ ਟੈਂਡਰ ਉਸੇ ਕੀਮਤ ’ਤੇ ਹੁੰਦੇ ਤਾਂ ਜਨਤਕ ਧਨ ਦਾ ਜ਼ਿਆਦਾ ਖਰਚ ਹੁੰਦਾ। ਹਾਲਾਂਕਿ ਮਾਰਨਿੰਗ ਟੇਬਲ ਦੇ ਕੁਝ ਹੋਰ ਮੈਂਬਰਾਂ ਨੇ ਇਸ ਫੈਸਲੇ ’ਤੇ ਚਿੰਤਾ ਪ੍ਰਗਟਾਈ ਹੈ। ਸਤੀਸ਼ ਚੀਮਾ, ਬਿੱਟੂ ਜੇ.ਈ. ਅਤੇ ਪਿਆਰਾ ਲਾਲ ਰਾਏਸਰੀਆ ਨੇ ਕਿਹਾ ਕਿ ਜਿਨ੍ਹਾਂ ਟੈਂਡਰਾਂ ਨੂੰ ਰੱਦ ਕੀਤਾ ਗਿਆ ਹੈ, ਉਨ੍ਹਾਂ ਨਾਲ ਸ਼ਹਿਰ ਦਾ ਬਹੁਤ ਵਿਕਾਸ ਹੋਣਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਟੈਂਡਰਾਂ ਨੂੰ ਜਲਦੀ ਤੋਂ ਜਲਦੀ ਦੋਬਾਰਾ ਜਾਰੀ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਦਾ



ਮੰਨਣਾ ਹੈ ਕਿ ਇਹ ਦੇਰੀ ਸ਼ਹਿਰ ਦੇ ਵਸਨੀਕਾਂ ਲਈ ਅਸੁਵਿਧਾ ਦਾ ਕਾਰਨ ਬਣੇਗੀ ਅਤੇ ਵਿਕਾਸ ਦੀ ਗਤੀ ਨੂੰ ਧੀਮਾ ਕਰੇਗੀ। ਸੁਖਦੇਵ ਲੁਟਾਵਾ, ਕੁਲਤਾਰ ਤਾਰੀ, ਉਮੇਸ਼ ਬਾਂਸਲ, ਗਗਨ ਸੋਹਲ ਅਤੇ ਰਾਜੀਵ ਜੈਨ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਟੈਂਡਰ ਰੱਦ ਕਰਨ ਤੋਂ ਪਹਿਲਾਂ ਨੇ ਮੰਗ ਕੀਤੀ ਹੈ ਕਿ ਰੱਦ ਕੀਤੇ ਗਏ ਟੈਂਡਰਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ, ਤਾਂ ਜੋ ਸ਼ਹਿਰ ਦੇ ਵਿਕਾਸ ਕਾਰਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋ ਸਕਣ। ਮਾਰਨਿੰਗ ਟੇਬਲ ਦੇ ਮੈਂਬਰ ਅਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਮੱਖਣ ਸ਼ਰਮਾ ਨੇ ਇਸ ਮਾਮਲੇ ’ਤੇ ਆਪਣੀ ਰਾਏ ਦਿੰਦਿਆਂ ਕਿਹਾ ਕਿ ਪਹਿਲਾਂ ਵਿਕਾਸ ਕਾਰਜਾਂ ਦੇ ਟੈਂਡਰ 25 ਤੋਂ 30% ਤੱਕ ’ਲੈੱਸ’ (ਅਨੁਮਾਨਤ ਲਾਗਤ ਤੋਂ ਘੱਟ) ’ਤੇ ਪੈਂਦੇ ਸਨ। ਇਸ ਦਾ ਮਤਲਬ ਹੈ ਕਿ ਜੇਕਰ 1 ਕਰੋੜ ਰੁਪਏ ਦਾ ਕੰਮ ਹੁੰਦਾਠੇਕੇਦਾਰਾਂ ਨੂੰ ਸੁਣਿਆ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹੁਣ ਸਾਰੀ ਪ੍ਰਕਿਰਿਆ ਦੁਬਾਰਾ ਸ਼ੁਰੂ ਕਰਨੀ ਪਵੇਗੀ, ਜਿਸ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਬੇਲੋੜੀ ਦੇਰੀ ਹੋਵੇਗੀ। ਉਨ੍ਹਾਂ ਦਾ ਤਰਕ ਹੈ ਕਿ ਇੱਕ ਵਾਰ ਟੈਂਡਰ ਪ੍ਰਕਿਰਿਆ ਪੂਰੀ ਹੋ ਜਾਣ ਤੋਂ ਬਾਅਦ, ਉਸ ਨੂੰ ਰੱਦ ਕਰਨ ਤੋਂ ਪਹਿਲਾਂ ਸਾਰੇ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਬਿਨਾਂ ਉਚਿਤ ਵਿਚਾਰ-ਵਟਾਂਦਰੇ ਦੇ ਨਹੀਂ ਲਏ ਜਾਣੇ ਚਾਹੀਦੇ, ਕਿਉਂਕਿ ਇਸ ਦਾ ਸਿੱਧਾ ਅਸਰ ਸ਼ਹਿਰ ਦੇ ਵਿਕਾਸ ਅਤੇ ਉਸ ਦੀ ਤਰੱਕੀ ’ਤੇ ਪੈਂਦਾ ਹੈ। ਇਹ ਵੀ ਪਤਾ ਚੱਲਿਆ ਹੈ ਕਿ ਕੱਲ੍ਹ ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ਿਲ੍ਹਾ ਬਰਨਾਲਾ ਦੀ ਫੇਰੀ ਦੌਰਾਨ ਵੀ ਠੇਕੇਦਾਰਾਂ ਨੇ ਉਨ੍ਹਾਂ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨਾਲ ਮਿਲਣ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ, ਉਨ੍ਹਾਂ ਦੀ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨਾਲ ਗੱਲਬਾਤ ਦੇ ਵੇਰਵੇ ਅਜੇ ਨਹੀਂ ਮਿਲ ਸਕੇ ਹਨ। ਇਹ ਦਰਸਾਉਂਦਾ ਹੈ ਕਿ ਠੇਕੇਦਾਰ ਇਸ ਮੁੱਦੇ ਨੂੰ ਉੱਚ ਪੱਧਰ ’ਤੇ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਜੋ ਰੱਦ ਕੀਤੇ ਗਏ ਟੈਂਡਰਾਂ ਨੂੰ ਬਹਾਲ ਕਰਵਾਇਆ ਜਾ ਸਕੇ। ਕੁੱਲ ਮਿਲਾ ਕੇ ਬਰਨਾਲਾ ਵਿੱਚ 23 ਕਰੋੜ ਰੁਪਏ ਦੇ ਟੈਂਡਰਾਂ ਨੂੰ ਰੱਦ ਕਰਨ ਦਾ ਮਾਮਲਾ ਇੱਕ ਵੱਡੇ ਵਿਵਾਦ ਦਾ ਰੂਪ ਲੈ ਚੁੱਕਾ ਹੈ, ਜਿਸ ਵਿੱਚ ਨਗਰ ਕੌਂਸਲ, ਠੇਕੇਦਾਰ ਅਤੇ ਸ਼ਹਿਰ ਦੇ ਨਾਗਰਿਕ ਵੱਖ-ਵੱਖ ਰਾਏ ਰੱਖ ਰਹੇ ਹਨ। ਇਸ ਫੈਸਲੇ ਨਾਲ ਜਿੱਥੇ ਵਿੱਤੀ ਪਾਰਦਰਸ਼ਤਾ ਨੂੰ ਲੈ ਕੇ ਸਵਾਲ ਉੱਠੇ ਹਨ, ਉੱਥੇ ਹੀ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਸੰਭਾਵਿਤ ਦੇਰੀ ਨੂੰ ਲੈ ਕੇ ਵੀ ਚਿੰਤਾਵਾਂ ਵੱਧ ਗਈਆਂ ਹਨ। ਦੇਖਣਾ ਇਹ ਹੋਵੇਗਾ ਕਿ ਨਗਰ ਕੌਂਸਲ ਇਸ ਸਥਿਤੀ ਨਾਲ ਕਿਵੇਂ ਨਜਿੱਠਦੀ ਹੈ ਅਤੇ ਕੀ ਇਨ੍ਹਾਂ ਟੈਂਡਰਾਂ ਨੂੰ ਜਲਦੀ ਹੀ ਫਿਰ ਤੋਂ ਜਾਰੀ ਕੀਤਾ ਜਾਵੇਗਾ ਜਾਂ ਨਹੀਂ।